'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com

ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 4 ਮਈ ਤੋਂ ਐਤਵਾਰ, 10 ਮਈ, 2026
WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ
ਹਫਤਾਵਾਰੀ ਅਖ਼ਬਾਰ
Ludhiana : Monday, 4 May to Sunday, 10 May 2026

ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 18 | Website : www.zikarpunjab.com





### ਜਦੋਂ ਤੱਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ

## ਔਰਤਾਂ ਨੂੰ ਸਨਮਾਨ ਰਾਸ਼ੀ ਅਤੇ ਮੁਫ਼ਤ ਬਿਜਲੀ ਮਿਲਦੀ ਰਹੇਗੀ : ਮਾਨ

ਜ਼ਿਕਰ ਪੰਜਾਬ

**ਹੁਸ਼ਿਆਰਪੁਰ/ਜ਼ਿਕਰ ਪੰਜਾਬ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਹਲਕੇ ਦੇ ਘੋਗਰਾ ਵਿਖੇ ਲੋਕ ਮਿਲਣੀ ਵਿੱਚ ਵਿਰੋਧੀ ਧਿਰ ਉਤੇ ਸਿੱਧੇ ਤੌਰ 'ਤੇ ਨਿਸ਼ਾਨਾ ਸਾਧਦੇ ਹੋਏ ਐਲਾਨ ਕੀਤਾ ਕਿ ਜਦੋਂ ਤੱਕ ਆਮ ਆਦਮੀ ਪਾਰਟੀ (ਆਪ) ਸੱਤਾ

- **ਕਿਹਾ, ਸਾਡੀ ਸਰਕਾਰ ਲੋਕਾਂ ਦਾ ਪੈਸਾ ਲੋਕਾਂ 'ਤੇ ਖਰਚ ਰਹੀ ਹੈ, ਪਹਿਲਾਂ ਇਹ ਪੈਸਾ ਲੀਡਰਾਂ ਦੀਆਂ ਜੇਬਾਂ ਵਿੱਚ ਜਾਂਦਾ ਸੀ**

ਵਿੱਚ ਹੈ, ਔਰਤਾਂ ਨੂੰ ਉਨ੍ਹਾਂ ਦੀ ਸਨਮਾਨ ਰਾਸ਼ੀ ਅਤੇ ਸੂਬੇ ਵਿੱਚ ਮੁਫ਼ਤ ਬਿਜਲੀ ਮਿਲਦੀ ਰਹੇਗੀ। ਇਸ ਮੌਕੇ ਉਨ੍ਹਾਂ ਨੇ ਸੰਕਲਪ ਲੈਂਦਿਆਂ ਕਿਹਾ ਕਿ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਥਾਈ ਤੌਰ 'ਤੇ ਵਿਵਸਥਾ ਕਰ ਦਿੱਤੀ ਹੈ ਕਿਉਂਕਿ ਬੇਅਦਬੀ ਦੇ ਗੁਨਾਹਗਾਰ ਨੂੰ ਹੁਣ ਉਮਰ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਦੀ ਨੀਅਤ ਸਾਫ ਹੁੰਦੀ ਤਾਂ ਬਹੁਤ ਪਹਿਲਾਂ ਬੇਅਦਬੀ ਦੀਆਂ ਘਟਨਾਵਾਂ ਦਾ ਵਾਪਰਨਾ ਬੰਦ ਹੋ ਸਕਦਾ ਸੀ। ਪੰਜਾਬ



ਨੂੰ ਨਸ਼ਿਆਂ ਵਿੱਚ ਡੋਬਣ ਲਈ ਅਕਾਲੀ ਦਲ ਅਤੇ ਸੂਬੇ ਨੂੰ ਬਦਨਾਮ ਕਰਨ ਲਈ ਹਰ ਰੋਜ਼ ਕੂੜ ਪ੍ਰਚਾਰ ਕਰਨ ਲਈ ਸਾਰੀਆਂ ਵਿਰੋਧੀ ਪਾਰਟੀਆਂ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਤੇ ਪਹਿਲਾਂ ਆਈਆਂ ਸਰਕਾਰਾਂ ਵਿੱਚ ਇੱਕੋ ਇੱਕ ਫ਼ਰਕ ਹੈ ਹੁਣ ਲੋਕਾਂ ਦਾ ਪੈਸਾ ਲੋਕਾਂ ਕੋਲ ਜਾਂਦਾ ਹੈ, ਪਹਿਲਾਂ ਵਾਂਗ ਲੀਡਰਾਂ ਦੀਆਂ ਜੇਬਾਂ ਵਿੱਚ ਨਹੀਂ ਜਾਂਦਾ। ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬੇ ਦੀ ਬੇਮਿਸਾਲ ਤਰੱਕੀ ਅਤੇ ਖੁਸ਼ਹਾਲੀ ਤੋਂ ਈਰਖਾ ਕਰਦੇ ਹੋਏ ਪੰਜਾਬ ਦੇ ਦੋਖੀ ਮੇਰੇ ਵਿਰੁੱਧ ਬਦਨੀਅਤ ਨਾਲ ਕੂੜ ਪ੍ਰਚਾਰ ਕਰ ਰਹੇ ਹਨ। ਇਹ ਤਾਕਤਾਂ ਜੋ ਸੂਬੇ ਦੇ ਵਿਕਾਸ ਅਤੇ ਇਸ ਦੇ ਲੋਕਾਂ ਦੀ ਖੁਸ਼ਹਾਲੀ ਦੀਆਂ ਦੁਸ਼ਮਣ ਹਨ, ਹੁਣ ਮੈਨੂੰ ਬੇਤੁੱਕੇ ਮੁੱਦਿਆਂ 'ਤੇ ਬਦਨਾਮ ਕਰਨ ਲਈ ਨੀਵੇਂ ਪੱਧਰ 'ਤੇ ਡਿੱਗ ਚੁੱਕੀਆਂ ਹਨ। ਮੇਰਾ ਜੀਵਨ ਇੱਕ ਖੁੱਲ੍ਹੀ ਕਿਤਾਬ ਹੈ ਕਿਉਂਕਿ ਮੈਂ ਆਪਣਾ ਸਾਰਾ ਜੀਵਨ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਨੂੰ ਸਮਰਪਿਤ ਕੀਤਾ ਹੈ ਅਤੇ ਇਸ ਨੇਕ ਕੰਮ ਲਈ ਸਖ਼ਤ ਯਤਨ ਕਰ ਰਿਹਾ ਹਾਂ। ਉਨ੍ਹਾਂ ਨੇ ਅੱਗੇ ਕਿਹਾ, "ਰਵਾਇਤੀ ਪਾਰਟੀਆਂ ਨੇ ਹਮੇਸ਼ਾ ਲੋਕਾਂ ਨੂੰ ਆਪਣਾ ਵੋਟ ਬੈਂਕ ਸਮਝਿਆ ਹੈ ਅਤੇ ਕਦੇ ਵੀ ਉਨ੍ਹਾਂ ਦੀ ਭਲਾਈ ਦੀ ਪ੍ਰਵਾਹ ਨਹੀਂ ਕੀਤੀ, ਅਤੇ ਉਹ ਇਸ ਨੂੰ ਹਜ਼ਮ ਨਹੀਂ ਕਰ ਪਾ ਰਹੇ ਹਨ, ਜਿਸ ਕਾਰਨ ਮੇਰੇ ਵਿਰੁੱਧ ਬੇਬੁਨਿਆਦ ਪ੍ਰਚਾਰ ਕਰ ਰਹੇ ਹਨ। ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਤਾਕਤਾਂ ਹੁਣ ਬੇਬੁਨਿਆਦ, ਤਰਕਹੀਣ ਅਤੇ ਗੁੰਮਰਾਹਕੁੰਨ ਪ੍ਰਚਾਰ ਨਾਲ ਮੇਰੇ ਅਕਸ ਨੂੰ ਖਰਾਬ ਕਰਨ 'ਤੇ ਤੁਲੀਆਂ ਹੋਈਆਂ ਹਨ, ਜਿਸ ਕਾਰਨ ਸੂਬੇ ਦੇ ਲੋਕ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ। ਮੈਂ ● ਬਾਕੀ ਸਫ਼ਾ 2 'ਤੇ







ੴ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹੇ ॥

ਆਪ ਜੀ ਨੂੰ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ
ਕਿ ਸਾਡੇ ਹਰਮਨ ਪਿਆਰੇ
ਮਨਜੋਤ ਸਿੰਘ
ਸਪੁਤਰ ਪ੍ਰਿਤਪਾਲ ਸਿੰਘ (ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ)
ਮਿਤੀ 28-04-2026 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ
ਉਨ੍ਹਾ ਦੀ ਆਤਮਿਕ ਸ਼ਾਂਤੀ ਲਈ ਰਖੇ ਗਏ
ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ
ਮਿਤੀ 07-05-2026 ਦਿਨ ਵੀਰਵਾਰ ਨੂੰ
ਪਵੇਗਾ ਅਤੇ ਅੰਤਿਮ ਅਰਦਾਸ ਦੁਪਿਹਰ 12:00 ਤੋਂ 1:30 ਵਜੇ ਤੱਕ
ਗੁਰਦੁਆਰਾ ਦੁਖਭੰਜਨ ਸਾਹਿਬ ਪਿੰਡ ਦੇਵਤਵਾਲ (ਲੁਧਿਆਣਾ)
ਵਿਖੇ ਹੋਵੇਗੀ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ।
-: ਗੁਰੂ ਦੇ ਭਾਣੇ ਵਿੱਚ : -
ਸਮੂਹ ਪਰਿਵਾਰ ਅਤੇ ਰਿਸ਼ਤੇਦਾਰ
M. 9814480173
M. 9855170111

## ਦਿੱਲੀ 'ਚ ਅੱਗ ਦਾ ਕਹਿਰ, 9 ਦੀ ਮੌਤ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਰਾਸ਼ਟਰੀ ਰਾਜਧਾਨੀ ਦਿੱਲੀ ਦੇ ਵਿਵੇਕ ਵਿਹਾਰ ਇਲਾਕੇ ਵਿੱਚ ਅੱਧੀ ਰਾਤ ਦੇ ਬਾਅਦ ਇੱਕ ਦਰਦਨਾਕ ਹਾਦਸਾ ਵਾਪਰ ਗਿਆ, ਜਦੋਂ ਇੱਕ ਚਾਰ ਮੰਜ਼ਿਲਾ ਰਹਾਇਸ਼ੀ ਇਮਾਰਤ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਮੌਕਿਆਂ 'ਤੇ ਮਿਲੀ ਜਾਣਕਾਰੀ ਮੁਤਾਬਕ, ਇਹ ਅੱਗ ਸੰਭਾਵਤ ਤੌਰ 'ਤੇ



ਏਸੀ ਵਿੱਚ ਹੋਏ ਧਮਾਕੇ ਤੋਂ ਬਾਅਦ ਲੱਗੀ, ਜਿਸ ਨੇ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਲੱਗਣ ਦੀ ਸੂਚਨਾ ਤਕਰੀਬਨ ਸਵੇਰੇ 3:45 ਵਜੇ ਫਾਇਰ ਕੰਟਰੋਲ ਰੂਮ ਨੂੰ ਮਿਲੀ, ਜਿਸ ਤੋਂ ਬਾਅਦ ਤੁਰੰਤ 14 ਫਾਇਰ ਬ੍ਰਿਗੇਡ ਗੱਡੀਆਂ ਮੌਕੇ 'ਤੇ ਭੇਜੀਆਂ ਗਈਆਂ। ਬਚਾਅ ਟੀਮਾਂ ਨੇ ਕਾਫ਼ੀ ਮੁਸ਼ਕਲ ਹਾਲਾਤਾਂ ਵਿੱਚ ਰਾਹਤ ਕਾਰਜ ਸ਼ੁਰੂ ਕੀਤਾ, ਕਿਉਂਕਿ ਅੱਗ ਨਾਲ ਨਾਲ ਘਣਾ ਧੂੰਆ ਵੀ ਫੈਲ ਗਿਆ ਸੀ, ਜਿਸ ਨਾਲ ਇਮਾਰਤ ਦੇ ਅੰਦਰ ਫਸੇ ਲੋਕਾਂ ਨੂੰ ਬਾਹਰ ਕੱਢਣਾ ਬਹੁਤ ਔਖਾ ਹੋ ਗਿਆ। ਇਸ ਦੁਰਘਟਨਾ ਵਿੱਚ ● ਬਾਕੀ ਸਫ਼ਾ 2 'ਤੇ

## ਸਪੀਕਰ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਤਲਬ ਕੀਤਾ ਗਿਆ ਹੈ, ਜਿਸ ਨਾਲ ਸੂਬੇ ਦੇ ਪੰਥਕ ਅਤੇ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਪੱਸ਼ਟ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਤਿਆਰ ਕੀਤਾ ਗਿਆ ਬੇਅਦਬੀ ਵਿਰੁੱਧ ਨਵਾਂ ਕਾਨੂੰਨ ਪੰਥਕ ਸਹਿਮਤੀ ਤੋਂ ਬਿਨਾਂ ਬਣਾਇਆ ਗਿਆ ਹੈ, ਇਸ ਲਈ ਇਹ ਮਨਜ਼ੂਰਯੋਗ ਨਹੀਂ ਹੈ। ਉਨ੍ਹਾਂ ਨੇ ਇਹ ਵੀ ਕਿਹਾ ● ਬਾਕੀ ਸਫ਼ਾ 2 'ਤੇ

## 12 ਕਿੱਲੋ ਹੈਰੋਇਨ ਸਮੇਤ 3 ਕਾਬੂ

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਮਾਡਿਊਲ ਦੇ ਤਿੰਨ ਕਾਰਕੁਨਾਂ ਨੂੰ 12 ਕਿੱਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ । ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਸਾਂਝੀ ਕੀਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਜੰਟ ਸਿੰਘ ਵਾਸੀ ਪਿੰਡ ਸਕਤਰਾ (ਤਰਨ



ਤਾਰਨ), ਅਰਵਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਦੋਵੇਂ ਵਾਸੀ ਪਿੰਡ ਬੁੱਗਾ ਜ਼ਿਲ੍ਹਾ ਤਰਨ ਤਾਰਨ ਵਜੋਂ ਹੋਈ ਹੈ। ਨਸ਼ੀਲੇ ਪਦਾਰਥਾਂ ਦੀ ਖੇਪ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਟੀਮਾਂ ਨੇ ਖੇਪ ਦੀ ਢੋਆ-ਢੁਆਈ ਲਈ ਵਰਤੇ ਜਾ ਰਹੇ ਉਨ੍ਹਾਂ ਦੇ ਕਾਲੇ ਰੰਗ ਦੇ ਹੀਰੋ ਮੋਟਰਸਾਈਕਲ (ਪੀਬੀ46 ਏਐਲ 2286) ਨੂੰ ਵੀ ਜ਼ਬਤ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਗੁਰਜੰਟ ਸਿੰਘ ਪਾਕਿਸਤਾਨ ਅਧਾਰਤ ਤਸਕਰ ਦੇ ਸੰਪਰਕ ਵਿੱਚ ਸੀ। ਉਨ੍ਹਾਂ ਦੱਸਿਆ ਕਿ ਗੁਰਜੰਟ ਨੂੰ ਪਾਕਿਸਤਾਨੀ ਤਸਕਰ ਨੇ ਉਸਦੇ ਪਿੰਡ ਦੇ ਆਲੇ-ਦੁਆਲੇ ਤੋਂ ਸਰਹੱਦ ਪਾਰੋਂ ਡਰੋਨ ਰਾਹੀਂ ਪਹੁੰਚਾਈ ਗਈ ਹੈਰੋਇਨ ਦੀ ਖੇਪ ਹਾਸਲ ਕਰਨ ਦਾ ਜ਼ਿੰਮਾ ਸੌਂਪਿਆ ਸੀ, ਜੋ ਉਸ ਨੇ ਅੱਗੇ ● ਬਾਕੀ ਸਫ਼ਾ 2 'ਤੇ

## ਨਸ਼ਾ ਮੁਕਤ ਸਮਾਜ ਬਣਾਉਣ ਲਈ ਪੁਲਿਸ ਦੇ ਨਾਲ-ਨਾਲ ਆਮ ਜਨਤਾ ਦੀ ਭੂਮਿਕਾ ਬਹੁਤ ਅਹਿਮ ਹੈ : ਐਸਐਸਪੀ ਡਾ. ਦਰਪਣ ਆਹਲੂਵਾਲੀਆ

### ਪਿੰਡ ਖੱਟੜਾ ਦੇ ਲੋਕਾਂ ਨੇ ਨਸ਼ਿਆਂ ਖਿਲਾਫ ਪੁਲਿਸ ਨਾਲ ਰਲਕੇ ਸਾਂਝੀ ਲੜਾਈ ਲੜਨ ਦਾ ਲਿਆ ਸੰਕਲਪ

ਜ਼ਿਕਰ ਪੰਜਾਬ

**ਖੰਨਾ/ਬਿਊਰੋ**

ਪੰਜਾਬ ਵਿੱਚ ਨਸ਼ਿਆਂ ਦੇ ਖ਼?ਲਾਫ਼ ਚੱਲ ਰਹੀ ਲੜਾਈ ਨੂੰ ਹੋਰ ਮਜ਼ਬੂਤ ਕਰਨ ਲਈ ਖੰਨਾ ਪੁਲਿਸ ਵੱਲੋਂ ਸ਼ੁਰੂ ਕੀਤੀ ਗਈ 'ਦਿਹਾਤੀ ਦੌਰਾ ਯੋਜਨਾ' ਲਗਾਤਾਰ ਸ਼ਲਾਘਾ ਹਾਸਲ ਕਰ ਰਹੀ ਹੈ। ਇਸੇ ਕੜੀ ਹੇਠ ਐਸਐਸਪੀ ਖੰਨਾ ਡਾ. ਦਰਪਣ ਆਹਲੂਵਾਲੀਆ ਵੱਲੋਂ ਪਿੰਡ ਖੱਟੜਾ ਦਾ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ ਗਿਆ ਅਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਸੰਦੇਸ਼ ਦਿੱਤਾ ਗਿਆ। ਐਸਐਸਪੀ ਡਾ.



ਦਰਪਣ ਆਹਲੂਵਾਲੀਆ ਦੀ ਮੈਦਾਨੀ ਪੱਧਰ 'ਤੇ ਸਰਗਰਮ ਹਾਜ਼ਰੀ ਅਤੇ ਲੋਕਾਂ ਨਾਲ ਸਿੱਧੀ ਗੱਲਬਾਤ ਨੇ ਖੰਨਾ ਪੁਲਿਸ ਪ੍ਰਤੀ ਲੋਕਾਂ ਦਾ ਭਰੋਸਾ ਕਾਫ਼ੀ ਵਧਾਇਆ ਹੈ। ਉਨ੍ਹਾਂ ਪਿੰਡ ਵਾਸੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਨਸ਼ਿਆਂ ਦੇ ਖ਼ਿਲਾਫ਼ ਚੱਲ ਰਹੀਆਂ ਮੁਹਿੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਬਣਾਉਣ ਲਈ ਪੁਲਿਸ ਦੇ ਨਾਲ-ਨਾਲ ਆਮ ਜਨਤਾ ਦੀ ਭੂਮਿਕਾ ਵੀ ਬਹੁਤ ਅਹਿਮ ਹੈ। ਇਸ ਦੌਰਾਨ ਪਿੰਡ ਦੀ ਪੰਚਾਇਤ ਅਤੇ ਸਥਾਨਕ ਨਿਵਾਸੀਆਂ ਵੱਲੋਂ ਖੰਨਾ ਪੁਲਿਸ ਦੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਲੋਕਾਂ ਨੇ ਕਿਹਾ ਕਿ ਪੁਲਿਸ ਵੱਲੋਂ ਪਿੰਡਾਂ ਵਿੱਚ ਆ ਕੇ ਸਿੱਧਾ ਸੰਪਰਕ ਬਣਾਉਣਾ ਇੱਕ ਬਹੁਤ ਹੀ ਵਧੀਆ ਕਦਮ ਹੈ, ਜਿਸ ਨਾਲ ਨਾ ਸਿਰਫ਼ ਸਮੱਸਿਆਵਾਂ ਦਾ ਤੁਰੰਤ ਹੱਲ ਮਿਲਦਾ ਹੈ, ਸਗੋਂ ਨਸ਼ਿਆਂ ਖ਼ਿਲਾਫ਼ ਸਾਂਝੀ ਲੜਾਈ ਨੂੰ ਵੀ ਮਜ਼ਬੂਤੀ ਮਿਲਦੀ ਹੈ। ਐਸਐਸਪੀ ਨੇ ਦੱਸਿਆ ਕਿ "ਯੁੱਧ ਨਸ਼ਿਆਂ ਦੇ ਵਿਰੁੱਧ"ਅਤੇ "ਆਪਰੇਸ਼ਨ ਪ੍ਰਹਾਰ"ਵਰਗੀਆਂ ਮੁਹਿੰਮਾਂ ਤਹਿਤ ਖੰਨਾ ਪੁਲਿਸ ਵੱਲੋਂ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਸਪਸ਼ਟ ● ਬਾਕੀ ਸਫ਼ਾ 2 'ਤੇ

## 30 ਜੂਨ ਤੱਕ ਹੈਵੀ ਟ੍ਰੈਫਿਕ ਮੁੜ ਸਾਹਨੇਵਾਲ ਚੌਂਕ ਰਾਹੀਂ, ਅਲਟਰਨੇਟਿਵ ਰੂਟ ਬੰਦ

ਜ਼ਿਕਰ ਪੰਜਾਬ

**ਸਾਹਨੇਵਾਲ (ਲੁਧਿਆਣਾ)/ਬਿਊਰੋ**

ਐਸਡੀਐਮ ਲੁਧਿਆਣਾ ਪੂਰਬੀ ਸ੍ਰੀਮਤੀ ਜਸਲੀਨ ਕੌਰ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਹਨੇਵਾਲ ਵਿੱਚ ਟ੍ਰੈਫਿਕ ਦੀ ਸਮੱਸਿਆ ਦੇ ਸਥਾਈ ਹੱਲ ਅਤੇ ਵਿਕਾਸ ਕਾਰਜਾਂ ਨੂੰ ਮੁੱਖ ਰੱਖਦੇ ਹੋਏ ਪ੍ਰਸ਼ਾਸਨ ਵੱਲੋਂ ਅਹਿਮ ਫੈਸਲਾ ਲਿਆ ਗਿਆ ਹੈ। ਵਰਲਡ ਬੈਂਕ ਦੇ ਸਹਿਯੋਗ ਨਾਲ ਨਗਰ ਨਿਗਮ ਲੁਧਿਆਣਾ ਵੱਲੋਂ ਪਿੰਡ ਬਿਲਗਾ ਵਿਖੇ



ਇੱਕ ਵਿਸ਼ਾਲ ਵਾਟਰ ਟ੍ਰੀਟਮੈਂਟ ਪਲਾਂਟ ਲਗਾਇਆ ਜਾ ਰਿਹਾ ਹੈ, ਜਿਸ ਰਾਹੀਂ ਸ਼ਹਿਰ ਦੀ ਵੱਡੀ ਆਬਾਦੀ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਣੀ ਹੈ। ਪਿੰਡ ਬਿਲਗਾ ਤੋਂ ਸ਼ਹਿਰ ਤੱਕ ਪਾਈਪਲਾਈਨ ਵਿਛਾਉਣ ਦਾ ਕੰਮ ਹੁਣ ਉਸ ਪੜਾਅ 'ਤੇ ਪਹੁੰਚ ਗਿਆ ਹੈ, ਜਿੱਥੇ ਮੌਜੂਦਾ ਅਲਟਰਨੇਟਿਵ ਰੂਟ (ਸੂਆ ਰੋਡ ਰਾਹੀਂ ਡੇਹਲੋਂ ਰੋਡ ਤੋਂ ਨੰਦਪੁਰ ਜੀ.ਟੀ. ਰੋਡ) ਦੇ ਹੇਠਾਂ ਪਾਈਪਾਂ ਪਾਈਆਂ ਜਾਣੀਆਂ ਹਨ। ਇਸ 1.6 ਕਿਲੋਮੀਟਰ ਲੰਬੇ ਰਸਤੇ 'ਤੇ ਬਿਜਲੀ ਦੇ ਖੰਭਿਆਂ ਅਤੇ ਤਾਰਾਂ ਦੀ ਸ਼ਿਫਟਿੰਗ ਦਾ ਕੰਮ ਵੀ ਕੀਤਾ ਜਾਣਾ ਹੈ। ਇਸ ਪ੍ਰੋਜੈਕਟ ਲਈ ਡਰੇਨੇਜ ਵਿਭਾਗ, ਪੀ. ਐਸ. ਪੀ. ਸੀ. ਐਲ. ਅਤੇ ਪੀ. ਡਬਲਿਊ. ਡੀ. ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਪਹਿਲਾਂ ਹੀ ਪ੍ਰਾਪਤ ਕਰ ਲਈਆਂ ਗਈਆਂ ਹਨ। ਸਬੰਧਤ ਵਿਭਾਗਾਂ ਵੱਲੋਂ ਇਸ ਕੰਮ ਨੂੰ ਮੁਕੰਮਲ ਕਰਨ ਲਈ ਲਗਭਗ ਦੋ ਮਹੀਨੇ ਦਾ ਸਮਾਂ ● ਬਾਕੀ ਸਫ਼ਾ 2 'ਤੇ

### ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਅਪੀਲ

ਹੈਵੀ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਦਿਨ ਦੇ ਸਮੇਂ ਦੀ ਬਜਾਏ ਰਾਤ ਦੇ ਸਮੇਂ ਆਵਾਜਾਈ ਨੂੰ ਤਰਜੀਹ ਦੇਣ ਤਾਂ ਜੋ ਲੋਕਾਂ ਨੂੰ ਟ੍ਰੈਫਿਕ ਜਾਮ ਤੋਂ ਬਚਾਇਆ ਜਾ ਸਕੇ। ਆਮ ਜਨਤਾ ਨੂੰ ਅਪੀਲ ਹੈ ਕਿ ਪਾਈਪਲਾਈਨ ਦੇ ਇਸ ਅਹਿਮ ਕਾਰਜ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ। ਇਸ ਤੋਂ ਬਾਅਦ ਇਸ ਰਸਤੇ 'ਤੇ ਪੱਕੀ ਸੜਕ ਦਾ ਨਿਰਮਾਣ ਕਰਕੇ ਇਸ ਦਾ ਸਥਾਈ ਹੱਲ ਕਰ ਦਿੱਤਾ ਜਾਵੇਗਾ, ਤਾਂ ਜੋ ਭਵਿੱਖ ਵਿੱਚ ਹੈਵੀ ਟਰੈਫਿਕ ਨੂੰ ਸਾਹਨੇਵਾਲ ਚੌਂਕ ਵਿੱਚ ਆਉਣ ਦੀ ਜ਼ਰੂਰਤ ਨਾ ਪਵੇ।

## ਹਿਮਾਂਸ਼ੂ ਅਰੋੜਾ ਲੁਧਿਆਣਾ 'ਚ ਡੀ. ਐਲ. ਐਸ. ਏ ਦੇ ਨਵੇਂ ਸਕੱਤਰ ਨਿਯੁਕਤ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸ੍ਰੀ ਹਿਮਾਂਸ਼ੂ ਅਰੋੜਾ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐਲ.ਐਸ.ਏ) ਲੁਧਿਆਣਾ ਦਾ ਸਕੱਤਰ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਅੱਜ ਅਹੁਦਾ ਸੰਭਾਲ ਲਿਆ ਹੈ। ਇੱਥੇ ਆਉਣ ਤੋਂ ਪਹਿਲਾਂ ਉਹ ਮੁਕਤਸਰ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਸਕੱਤਰ ਵਜੋਂ ਸੇਵਾ ਨਿਭਾਉਂਦੇ ਸਨ। ਇਸ ਤੋਂ ਪਹਿਲਾਂ ਉਹ ਤਿੰਨ ਸਾਲ ਲੁਧਿਆਣਾ ਵਿਖੇ ਜੁਡੀਸ਼ੀਅਲ ਮੈਜਿਸਟਰੇਟ ਵਜੋਂ ਵੀ ਕੰਮ ਕਰਦੇ ਰਹੇ ਹਨ। ਸ੍ਰੀ ਹਿਮਾਂਸ਼ੂ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਲੋਕ ਅਦਾਲਤ ਰਾਹੀਂ ਤੇਜ਼ੀ ਨਾਲ ਨਿਆਂ ਯਕੀਨੀ ਬਣਾਉਣਾ ਹੈ। ਇਹ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ ਕਿ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਲਾਭਦਾਇਕ ਯੋਜਨਾਵਾਂ ਸਮਾਜ ਦੇ ਲੋੜਵੰਦ ਵਰਗ ਤੱਕ ਪਹੁੰਚਣ। ਉਨ੍ਹਾਂ ਲੋਕਾਂ ਨੂੰ 9 ਮਈ ਨੂੰ ਹੋਣ ਵਾਲੀ ਰਾਸ਼ਟਰੀ ਲੋਕ ਅਦਾਲਤ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਵੀ ਕੀਤੀ।

**9 ਮਈ ਦੀ ਰਾਸ਼ਟਰੀ ਲੋਕ ਅਦਾਲਤ 'ਚ ਭਾਗ ਲੈਣ ਦੀ ਕੀਤੀ ਅਪੀਲ**

### ਬੁੱਢਾ ਦਰਿਆ ਪ੍ਰਦੂਸ਼ਣ 'ਤੇ ਡੀਸੀ ਹਿਮਾਂਸ਼ੂ ਜੈਨ ਦਾ ਸਖ਼ਤ ਰੁਖ਼

## ਗੋਹਾ ਸੁੱਟਣ ਵਾਲਿਆਂ 'ਤੇ ਹੋਵੇਗੀ ਐਫ.ਆਈ.ਆਰ ਦਰਜ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਬੁੱਢਾ ਦਰਿਆ ਵਿੱਚ ਗੋਹਾ ਸੁੱਟਣ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਡਿਪਟੀ ਕਮਿਸ਼ਨਰ (ਡੀ.ਸੀ) ਲੁਧਿਆਣਾ ਹਿਮਾਂਸ਼ੂ ਜੈਨ ਵੀਰਵਾਰ ਨੂੰ ਗਰਾਊਂਡ ਜ਼ੀਰੋ 'ਤੇ ਜਾ ਕੇ ਡੇਅਰੀ ਮਾਲਕਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਵੀ ਬੁੱਢਾ ਦਰਿਆ ਵਿੱਚ ਗੋਹਾ ਸੁੱਟਦਾ ਫੜਿਆ ਗਿਆ ਤਾਂ ਉਸ ਵਿਰੁੱਧ ਐਫ. ਆਈ. ਆਰ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹੈਬੋਵਾਲ ਡੇਅਰੀ ਕੰਪਲੈਕਸ ਅਤੇ ਤਾਜਪੁਰ ਰੋਡ ਡੇਅਰੀ ਕੰਪਲੈਕਸ ਵਿੱਚ ਡੇਅਰੀ ਕਿਸਾਨਾਂ ਨਾਲ ਮੀਟਿੰਗਾਂ



ਕੀਤੀਆਂ ਗਈਆਂ ਜਿਸ ਵਿੱਚ ਡੇਅਰੀ ਕਿਸਾਨਾਂ ਤੋਂ ਫੀਡਬੈਕ ਵੀ ਲਈ ਗਈ। ਇਸ ਤੋਂ ਇਲਾਵਾ ਡੇਅਰੀ ਕੰਪਲੈਕਸਾਂ ਤੋਂ ਗੋਹਾ ਚੁੱਕਣ ਲਈ ਰੱਖੇ ਗਏ ਠੇਕੇਦਾਰ ਨੂੰ ਡੇਅਰੀ ਮਾਲਕਾਂ ਨੂੰ ਗੱਡੀਆਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਹਨ ਕਿ ਡੇਅਰੀ ਕੰਪਲੈਕਸਾਂ ਤੋਂ ਗੋਬਰ ਨਿਯਮਿਤ ਤੌਰ 'ਤੇ ਚੁੱਕਿਆ ਜਾਵੇ। ਏ.ਡੀ.ਸੀ ਅਮਿਤ ਬੈਂਬੀ, ਐਸ.ਡੀ.ਐਮ. ਜਸਲੀਨ ਕੌਰ ਭੁੱਲਰ, ਸੰਯੁਕਤ ਕਮਿਸ਼ਨਰ ਨਗਰ ਨਿਗਮ ਵਿਨੀਤ ਕੁਮਾਰ, ਸੰਯੁਕਤ ਕਮਿਸ਼ਨਰ ਨਗਰ ਨਿਗਮ ਅਮਨਪ੍ਰੀਤ ਸਿੰਘ ਸਮੇਤ ਹੋਰ ਅਧਿਕਾਰੀ ਮੀਟਿੰਗ ਦੌਰਾਨ ਮੌਜੂਦ ਸਨ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਕਿਹਾ ਕਿ ਸੂਬਾ ਸਰਕਾਰ ਬੁੱਢਾ ਦਰਿਆ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਅਜੇ ਵੀ ਬੁੱਢਾ ਦਰਿਆ ਵਿੱਚ ਗੋਬਰ ਸੁੱਟਿਆ ਜਾਂਦਾ ਹੈ ਤਾਂ ਜ਼ਿਲ੍ਹਾ ਪ੍ਰਸ਼ਾਸਨ, ਨਗਰ ਨਿਗਮ ਅਤੇ ਪੁਲਿਸ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨਗੇ। ਉਲੰਘਣਾ ਕਰਨ ਵਾਲਿਆਂ ਵਿਰੁੱਧ ਐਫ.ਆਈ.ਆਰ ਵੀ ਦਰਜ ਕੀਤੀਆਂ ਜਾਣਗੀਆਂ। ਅਧਿਕਾਰੀਆਂ ਨੇ ਹੈਬੋਵਾਲ ਅਤੇ ਤਾਜਪੁਰ ਰੋਡ ਡੇਅਰੀ ਕੰਪਲੈਕਸਾਂ ਵਿੱਚ ● ਬਾਕੀ ਸਫ਼ਾ 2 'ਤੇ

# 'ਆਪ' ਦੀ ਟਰੇਡ ਵਿੰਗ ਵਲੋਂ ਕਮਰਸ਼ੀਅਲ ਗੈਸ ਸਿਲੰਡਰਾਂ ਦੀਆਂ ਕੀਮਤਾਂ 'ਚ ਵਾਧੇ ਵਿਰੁਧ ਘੰਟਾ ਘਰ ਵਿਖੇ ਰੋਸ ਪ੍ਰਦਰਸ਼ਨ

## ਕੇਂਦਰ ਦੀ ਮੋਦੀ ਸਰਕਾਰ 'ਤੇ ਵਰ੍ਹਦਿਆਂ ਤਿੱਖੇ ਨਿਸ਼ਾਨੇ ਸਾਧੇ ਗਏ

ਜ਼ਿਕਰ ਪੰਜਾਬ

ਲੁਧਿਆਣਾ/ਬਿਊਰੋ

ਆਮ ਆਦਮੀ ਪਾਰਟੀ ਦੀ ਟਰੇਡ ਵਿੰਗ ਵਲੋਂ ਅੱਜ ਲੁਧਿਆਣਾ ਦੇ ਘੰਟਾ ਘਰ ਵਿਖੇ ਮੋਦੀ ਸਰਕਾਰ ਵੱਲੋਂ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਕੀਤੇ ਬੇਹਿਸਾਬ ਵਾਧੇ ਦੇ ਵਿਰੋਧ ਵਿੱਚ ਧਰਨਾ ਪ੍ਰਦਰਸ਼ਨ ਕਰਦਿਆਂ ਭਾਜਪਾ 'ਤੇ ਤਿੱਖੇ ਨਿਸ਼ਾਨੇ ਸਾਧੇ ਗਏ। ਇਸ ਮੌਕੇ ਵਿਧਾਇਕ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਚੇਅਰਮੈਨ ਅਨਿਲ ਠਾਕੁਰ, ਸਾਹਿਲ ਅਗਰਵਾਲ, ਜ਼ਿਲ੍ਹਾ ਇੰਚਾਰਜ ਜਤਿੰਦਰ ਖੰਗੂੜਾ, ਲੋਕ ਸਭਾ ਇੰਚਾਰਜ ਅਤੇ ਸੀਨੀਅਰ ਵਾਈਸ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀ ਸ਼ਰਨਪਾਲ ਸਿੰਘ ਮੱਕੜ, ਮੈਂਬਰ ਮਹਿਲਾ ਕਮਿਸ਼ਨ ਅਜਿੰਦਰਪਾਲ ਕੌਰ, ਮਨਪ੍ਰੀਤ ਬੰਟੀ, ਕਾਕਾ ਮਾਛੀਵਾੜਾ, ਵਿਪੁਨ ਸੇਠੀ, ਰਾਕੇਸ਼ ਕੁਮਾਰ, ਰਾਜ ਕੁਮਾਰ ਅਗਰਵਾਲ ਮੈਂਬਰ ਜੀ.ਐੱਸ.ਟੀ., ਰਵਿੰਦਰ ਪਾਲ ਪਾਲੀ ਡਾਇਰੈਕਟਰ, ਦਵਿੰਦਰ ਵਰਮਾ ਤੋਂ ਇਲਾਵਾ ਸੈਂਕੜਿਆਂ ਦੀ ਗਿਣਤੀ ਵਿੱਚ 'ਆਪ' ਵਲੰਟੀਅਰਾਂ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਇੱਕ ਸੁਰ ਵਿੱਚ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਮ ਆਦਮੀ ਲਈ ਲਾਚਾਰ ਅਤੇ ਰਸੋਈ ਲਈ ਗੁਨਾਹਗਾਰ ਸਿੱਧ ਹੋਈ ਹੈ। ਕਾਬਿਲੇਗੌਰ ਹੈ ਕਿ ਵਪਾਰਕ ਐੱਲ ਪੀ ਜੀ ਸਿਲੰਡਰ ਹੁਣ 993 ਰੁਪਏ ਮਹਿੰਗਾ ਹੋ ਗਿਆ ਹੈ। ਪੱਛਮੀ ਏਸ਼ੀਆ ਸੰਕਟ ਕਰ ਕੇ ਆਲਮੀ ਪੱਧਰ ਉੱਤੇ ਊਰਜਾ ਕੀਮਤਾਂ ਵਿੱਚ ਉਛਾਲ ਨਾਲ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਤੇ ਲਗਾਤਾਰ ਤੀਜਾ ਮਾਸਿਕ ਵਾਧਾ ਹੈ। 19 ਕਿਲੋ ਵਜ਼ਨੀ ਵਪਾਰਕ ਐੱਲ ਪੀ ਜੀ ਸਿਲੰਡਰ ਆਮ ਕਰ ਕੇ ਹੋਟਲਾਂ ਤੇ ਰੈਸਟੋਰੈਂਟਾਂ 'ਚ ਵਰਤਿਆ ਜਾਂਦਾ ਹੈ। ਇਸ ਤੋਂ ਪਹਿਲਾਂ ਕੀਮਤਾਂ ਵਿੱਚ ਪਹਿਲੀ ਅਪਰੈਲ ਨੂੰ 195.50 ਰੁਪਏ ਪ੍ਰਤੀ ਸਿਲੰਡਰ ਤੇ ਪਹਿਲੀ ਮਾਰਚ ਨੂੰ 114.5 ਰੁਪਏ ਪ੍ਰਤੀ ਸਿਲੰਡਰ ਦਾ ਵਾਧਾ ਹੋਇਆ ਸੀ। ਵਜ਼ਨੀ ਸਿਲੰਡਰ ਦੀਆਂ ਦਰਾਂ 'ਚ 60 ਰੁਪਏ ਦਾ ਵਾਧਾ ਹੋਇਆ ਸੀ। ਦਿੱਲੀ



ਇਨ੍ਹਾਂ ਤਿੰਨ ਵਾਧਿਆਂ ਨਾਲ ਕੁੱਲ ਮਿਲਾ ਕੇ ਕਮਰਸ਼ੀਅਲ ਐੱਲ ਪੀ ਜੀ ਦੀਆਂ ਦਰਾਂ 'ਚ 1303 ਰੁਪਏ ਦਾ ਇਜ਼ਾਫ਼ਾ ਹੋਇਆ ਹੈ। ਉਂਜ ਘਰੇਲੂ ਰਸੋਈ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਗਿਆ। ਸੱਤ ਮਾਰਚ ਨੂੰ 14.2 ਕਿਲੋ ਵਿੱਚ ਘਰੇਲੂ ਐੱਲ ਪੀ ਜੀ ਸਿਲੰਡਰ 913 ਰੁਪਏ ਨੂੰ ਪੈਂਦਾ ਹੈ। ਸਰਕਾਰੀ ਮਾਲਕੀ ਵਾਲੀਆਂ ਤੇਲ ਕੰਪਨੀਆਂ ਇੰਡੀਅਨ ਆਇਲ ਕਾਰਪੋਰੇਸ਼ਨ (ਆਈ ਓ ਸੀ), ਭਾਰਤ ਪੈਟਰੋਲੀਅਮ ਤੇ ਹਿੰਦੁਸਤਾਨ ਪੈਟਰੋਲੀਅਮ ਹਰੇਕ ਮਹੀਨੇ ਦੀ ਪਹਿਲੀ ਤਰੀਕ ਨੂੰ ਕੌਮਾਂਤਰੀ ਬੈਂਚਮਾਰਕ ਤੇ ਐਕਸਚੇਂਜ ਦਰਾਂ ਦੇ ਆਧਾਰ ਉੱਤੇ ਏ ਟੀ ਐੱਫ ਤੇ ਐੱਲ ਪੀ ਜੀ ਕੀਮਤਾਂ 'ਤੇ ਨਜ਼ਰਸਾਨੀ ਕਰਦੀਆਂ ਹਨ। ਪੱਛਮੀ ਏਸ਼ੀਆ ਜੰਗ ਕਰ ਕੇ ਊਰਜਾ ਸਪਲਾਈ ਚੇਨਾਂ ਵਿੱਚ ਅੜਿੱਕੇ ਆਉਣ ਕਾਰਨ ਆਲਮੀ ਪੱਧਰ 'ਤੇ ਤੇਲ ਕੀਮਤਾਂ ਕਰੀਬ 50 ਫ਼ੀਸਦ ਸ਼ੂਟ ਵਟ ਗਈਆਂ ਹਨ। 'ਆਪ' ਆਗੂਆਂ ਨੇ ਭਾਰਤੀ ਜਨਤਾ ਪਾਰਟੀ ਨੇ ਘੇਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਚੋਣਾਂ ਮੌਕੇ ਹੀ ਆਮ ਭਾਰਤੀਆਂ ਨੂੰ ਦਰਪੇਸ਼ ਦੁੱਖ ਤਕਲੀਫ਼ਾਂ ਦੀ ਫ਼ਿਕਰ ਹੁੰਦੀ ਹੈ ਤੇ ਮਗਰੋਂ ਉਨ੍ਹਾਂ ਨੂੰ ਆਪਣੇ ਹਾਲ ਉੱਤੇ ਛੱਡ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਰਾਨ ਜੰਗ ਲੱਗੇ ਨੂੰ ਤਿੰਨ ਮਹੀਨੇ ਹੋ ਚੁੱਕੇ ਹਨ ਅਤੇ ਸਰਕਾਰ ਨੂੰ ਵਿੱਤੀ ਬੋਝ ਆਮ ਲੋਕਾਂ ਉੱਤੇ ਪਾਉਣ ਦੀ ਥਾਂ ਉਨ੍ਹਾਂ ਨੂੰ ਬਚਾਉਣ ਲਈ ਕੋਈ ਠੋਸ ਯੋਜਨਾ ਤਿਆਰ ਕਰਨੀ ਚਾਹੀਦੀ ਸੀ ਜਦਕਿ ਕਿ ਸਿਲੰਡਰਾਂ ਦੀ ਕੀਮਤ ਵਿੱਚ ਭਾਰੀ ਇਜਾਫਾ ਕਰਕੇ ਲੋਕਾਂ ਦੀ ਹੋਰ ਕਮਰ ਤੋੜ ਦਿੱਤੀ ਹੈ।

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 465 ਕਰੋੜ ਰੁਪਏ ਤੋਂ ਵੱਧ ਦਾ ਇਲਾਜ; 42 ਲੱਖ ਤੋਂ ਵੱਧ ਕਾਰਡ ਜਾਰੀ

ਜ਼ਿਕਰ ਪੰਜਾਬ

ਚੰਡੀਗੜ੍ਹ/ਬਿਊਰੋ

ਪੰਜਾਬ ਸਰਕਾਰ ਨੇ ਸੂਬੇ ਵਿੱਚ ਲੋਕਾਂ ਨੂੰ ਕਿਫਾਇਤੀ ਇਲਾਜ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ 'ਮੁੱਖ ਮੰਤਰੀ ਸਿਹਤ ਯੋਜਨਾ' ਬਾਰੇ ਅਹਿਮ ਅਪਡੇਟ ਸਾਂਝਾ ਕੀਤਾ ਹੈ । ਹੁਣ ਤੱਕ ਇਸ ਯੋਜਨਾ ਤਹਿਤ 465.36 ਕਰੋੜ ਰੁਪਏ ਤੋਂ ਵੱਧ ਦਾ ਇਲਾਜ ਕੀਤਾ ਜਾ ਚੁੱਕਾ ਹੈ, 42 ਲੱਖ ਤੋਂ ਵੱਧ ਸਿਹਤ ਕਾਰਡ ਜਾਰੀ ਕੀਤੇ ਗਏ ਹਨ ਅਤੇ 2.77 ਲੱਖ ਤੋਂ ਵੱਧ ਲਾਭਪਾਤਰੀਆਂ ਨੂੰ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਇਹ ਦਰਸਾਉਂਦਾ ਹੈ ਕਿ ਵੱਡੀ ਗਿਣਤੀ ਵਿੱਚ ਪਰਿਵਾਰ ਸਿਹਤ ਕਾਰਡ 'ਤੇ ਭਰੋਸਾ ਕਰ ਰਹੇ ਹਨ ਅਤੇ ਇਸਦਾ ਲਾਭ ਲੈ ਰਹੇ ਹਨ। ਇਸ ਸਫ਼ਲਤਾ ਦੇ ਬਾਵਜੂਦ, ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿਹਨਾਂ ਨੇ ਹਾਲੇ ਤੱਕ ਰਜਿਸਟ੍ਰੇਸ਼ਨ ਨਹੀਂ ਕਰਵਾਈ ਉਹ ਜਲਦੀ ਤੋਂ ਜਲਦੀ ਰਜਿਸਟ੍ਰੇਸ਼ਨ ਕਰਵਾਉਣ । ਸਰਕਾਰ ਨੇ ਜ਼ੋਰ ਦਿੱਤਾ ਹੈ ਕਿ ਮੈਡੀਕਲ ਐਮਰਜੈਂਸੀ ਕਿਸੇ ਵੀ ਸਮੇਂ ਆ ਸਕਦੀ ਹੈ ਅਤੇ ਸਮੇਂ ਸਿਰ ਰਜਿਸਟ੍ਰੇਸ਼ਨ ਪਰਿਵਾਰਾਂ ਨੂੰ ਅਜਿਹੇ ਵੇਲੇ ਆਰਥਿਕ ਬੋਝ ਤੋਂ ਬਚਾ ਸਕਦੀ ਹੈ। ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਯੋਜਨਾ ਪੰਜਾਬ ਦੇ ਹਰ ਨਾਗਰਿਕ ਲਈ ਸਿਹਤ ਸੇਵਾਵਾਂ ਨੂੰ ਸੌਖਾ ਅਤੇ ਸਸਤਾ ਬਣਾ ਰਹੀ ਹੈ। ਉਨ੍ਹਾਂ ਦੱਸਿਆ ਕਿ ਲਗਭਗ 2.77 ਲੱਖ ਪ੍ਰੀ-ਆਥਰਾਈਜ਼ੇਸ਼ਨ ਬੇਨਤੀਆਂ 'ਤੇ 465.36 ਕਰੋੜ ਰੁਪਏ ਤੋਂ ਵੱਧ ਖ਼ਰਚ ਅਤੇ 42 ਲੱਖ ਤੋਂ ਵੱਧ ਰਜਿਸਟ੍ਰੇਸ਼ਨਾਂ ਇਸ ਗੱਲ ਦਾ ਸਪਸ਼ੱਟ ਸਬੂਤ ਹਨ ਕਿ ਲੋਕ ਇਸ ਯੋਜਨਾ 'ਤੇ ਭਰੋਸਾ ਕਰ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿੰਨ੍ਹਾਂ ਨੇ ਅਜੇ ਤੱਕ ਰਜਿਸਟ?ਰੇਸ਼ਨ ਨਹੀਂ ਕਰਵਾਈ, ਉਹ ਦੇਰੀ ਨਾ ਕਰਨ ਕਿਉਂਕਿ ਇਹ ਯੋਜਨਾ ਲੋੜ ਪੈਣ ਤੇ ਵਿੱਤੀ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਯੋਜਨਾ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਸਭ ਲਈ ਲਾਭਕਾਰੀ ਹੈ। ਇਸ ਵਿੱਚ ਉਮਰ, ਲਿੰਗ ਜਾਂ ਆਮਦਨ ਦੇ ਆਧਾਰ 'ਤੇ ਕੋਈ ਸੀਮਾ ਨਹੀਂ ਹੈ। ਇਸ ਕਰਕੇ ਇਹ ਦੇਸ਼ ਦੇ ਸਭ ਤੋਂ ਸਮਾਵੇਸ਼ੀ ਸਿਹਤ ਪ੍ਰੋਗਰਾਮਾਂ ਵਿੱਚੋਂ ਇੱਕ ਹੈ। ਯੋਜਨਾ ਅਧੀਨ ਵੱਧ ਤੋਂ ਵੱਧ ਲੋਕਾਂ ਦੀ ਰਜਿਸਟ੍ਰੇਸ਼ਨ ਲਈ ਸਰਕਾਰ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਰੋਜ਼ਾਨਾ ਰਜਿਸਟ੍ਰੇਸ਼ਨ ਕੈਂਪ ਲਗਾ ਰਹੀ ਹੈ। ਇਹ ਕੈਂਪ ਗੁਰਦੁਆਰਿਆਂ, ਪੰਚਾਇਤ ਘਰਾਂ, ਮੰਦਰਾਂ ਅਤੇ ਕਮਿਊਨਿਟੀ ਸੈਂਟਰਾਂ ਵਿਖੇ ਲਗਾਏ ਜਾ ਰਹੇ ਹਨ। ਇੱਥੇ ਸਿੱਖਿਅਤ ਕਰਮਚਾਰੀ ਮੌਜੂਦ ਹੁੰਦੇ ਹਨ,ਜੋ ਲੋਕਾਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਦੇ ਹਨ ਅਤੇ ਮੌਕੇ 'ਤੇ ਹੀ ਰਜਿਸਟ੍ਰੇਸ਼ਨ ਪੂਰੀ ਕਰਵਾਉਣ ਵਿੱਚ ਮਦਦ ਕਰਦੇ ਹਨ। ਸਰਕਾਰ ਨੇ ਲੋਕਾਂ ਵਿੱਚ ਪ੍ਰਚਲਿਤ ਕੁੱਝ ਆਮ ਗਲਤਫਹਿਮੀਆਂ ਵੀ ਦੂਰ ਕੀਤੀਆਂ ਹਨ।

# ਜਰਖੜ ਖੇਡਾਂ : ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 9 ਮਈ ਤੋਂ

## 16 ਟੀਮਾਂ ਨੇ ਖੇਡਣ ਦੀ ਕੀਤੀ ਪੁਸ਼ਟੀ, ਉਦਘਾਟਨੀ ਮੈਚ ਫਿਰੋਜ਼ਪੁਰ ਅਤੇ ਮੋਗਾ ਵਿਚਕਾਰ

ਜ਼ਿਕਰ ਪੰਜਾਬ

ਲੁਧਿਆਣਾ/ਬਿਊਰੋ

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਇਆ ਜਾਂਦਾ ਜਰਖੜ ਖੇਡਾਂ ਦੇ ਕੜੀ ਦਾ ਹਿੱਸਾ 16ਵਾਂ ਜੇ ਐਸ ਟੀ ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਹੁਣ 9 ਮਈ ਤੋਂ 31 ਮਈ ਤੱਕ ਜਰਖੜ ਸਟੇਡੀਅਮ ਵਿਖੇ ਹੋਵੇਗਾ। ਇਸ ਫੈਸਟੀਵਲ ਦੇ ਹਾਕੀ ਮੁਕਾਬਲੇ ਹਫਤਾਵਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਲੈ ਕੇ ਰਾਤ 8 ਵਜੇ ਤੱਕ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਨੀਲੇ ਰੰਗ ਦੀ ਐਸਟ?ਰੋਟਰਫ ਮੈਦਾਨ ਉੱਤੇ ਖੇਡੇ ਜਾਣਗੇ । 9 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਹੋਵੇਗਾ। ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਜਰਖੜ ਅਕੈਡਮੀ ਦੇ ਤਕਨੀਕੀ ਡਾਇਰੈਕਟਰ ਨਰਾਇਣ ਸਿੰਘ ਗਰੇਵਾਲ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈਣਗੀਆਂ ਜਦਕਿ ਜੂਨੀਅਰ ਵਰਗ (1-1-2012 ਤੋਂ ਬਾਅਦ ਦੇ ਜਨਮੇ ਖਿਡਾਰੀ ) ਤੇ ਅਧਾਰ ਤੇ ਟੀਮਾਂ ਹਿੱਸਾ ਲੈਣਗੀਆਂ । ਇਹ ਟੂਰਨਾਮੈਂਟ ਲੀਗ ਕੰਮ ਨਾਕ ਆਊਟ ਪ੍ਰਣਾਲੀ ਦੇ ਅਧਾਰ ਤੇ ਖੇਡਿਆ ਜਾਵੇਗਾ। ਇਸ ਟੂਰਨਾਮੈਂਟ ਵਿੱਚ ਪੰਜਾਬ ਭਰ ਵਿੱਚ 16 ਟੀਮਾਂ ਨੇ ਖੇਡਣ ਦੀ ਪੁਸ਼ਟੀ ਕਰ ਦਿੱਤੀ ਹੈ ਇਹਨਾਂ ਟੀਮਾਂ ਵਿੱਚ ਸੀਨੀਅਰ ਅਤੇ ਜੂਨੀਅਰ ਗਰੁੱਪ ਵਿੱਚ 8 -8 ਟੀਮਾਂ ਖੇਡਣਗੀਆਂ । ਸੀਨੀਅਰ ਗਰੁੱਪ ਪੂਲ ਏ ਵਿੱਚ ਗਿੱਲ ਕਲੱਬ ਘਵੱਦੀ, ਜਰਖੜ ਹਾਕੀ ਅਕੈਡਮੀ, ਲੁਧਿਆਣਾ ਸਪੋਰਟਸ ਕਲੱਬ , ਯੰਗ ਕਲੱਬ ਉੱਟਾਲਾ ਸਮਰਾਲਾ ਅਤੇ ਪੂਲ ਬੀ ਵਿੱਚ ਨੀਟਾ ਕਲੱਬ ਰਾਮਪੁਰ, ਬਾਬਾ ਸ਼ੇਰ ਸ਼ਾਹ ਵਲੀ ਹਾਕੀ ਅਕੈਡਮੀ ਫਿਰੋਜ਼ਪੁਰ, ਸੰਤ ਬਾਬਾ ਗੁਲਾਬ ਸਿੰਘ ਹਾਕੀ ਕਲੱਬ ਘੋਲੀਆ ਖੁਰਦ ਮੋਗਾ, ਹਾਕੀ ਅਕੈਡਮੀ ਅਮਰਗੜ ਖੇਡਣਗੀਆਂ। ਜੂਨੀਅਰ ਵਰਗ ਵਿੱਚ ਪੂਲ ਏ ਵਿੱਚ ਪਿੱਛਲੇ ਸਾਲ ਦੀ ਚੈਂਪੀਅਨ ਟੀਮ ਜਰਖੜ ਹਾਕੀ ਅਕੈਡਮੀ, ਗੁਰੂ ਤੇਗ਼ ਬਹਾਦਰ ਅਕੈਡਮੀ ਚਚਰਾੜੀ ,ਐਚਟੀਸੀ ਸੈਂਟਰ ਰਾਮਪੁਰ, ਘਵੱਦੀ ਹਾਕੀ ਸੈਂਟਰ, ਜਦਕਿ ਪੂਲ ਬੀ ਵਿੱਚ ਪਿਛਲੇ ਸਾਲ ਦੀ ਉਪ ਜੇਤੂ ਕਿਲ੍ਹਾ ਰਾਇਪੁਰ ਹਾਕੀ ਸੈਂਟਰ,ਸੰਗਰੂਰ ਹਾਕੀ ਸੈਂਟਰ, ਏਕ ਨੂਰ ਅਕੈਡਮੀ ਤੇਹਿੰਗ ਫਿਲੌਰ, ਹਾਕੀ ਸੈਂਟਰ ਅਮਰਗੜ ਨੂੰ




ਰੱਖਿਆ ਗਿਆ ਹੈ। 9 ਮਈ ਨੂੰ ਟੂਰਨਾਮੈਂਟ ਦਾ ਉਦਘਾਟਨੀ ਮੈਚ ਫਿਰੋਜ਼ਪੁਰ ਬਨਾਮ ਮੋਗਾ ਦੇ ਵਿਚਕਾਰ ਖੇਡਿਆ ਜਾਵੇਗਾ। ਦੂਜਾ ਮੈਚ ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਦੇ ਵਿਚਕਾਰ ਖੇਡਿਆ ਜਾਵੇਗਾ। ਹਰ ਦਿਨ 4 ਮੈਚ ਹੋਇਆ ਕਰਨਗੇ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਦੁਪਿੰਦਰ ਸਿੰਘ ਡਿੰਪੀ ਨੇ ਦੱਸਿਆ ਕਿ ਸੀਨੀਅਰ ਵਰਗ ਦਕਿਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ । ਸੀਨੀਅਰ ਟੀਮਾਂ ਦੀ ਐਂਟਰੀ ਫੀਸ ਪ੍ਰਤੀ ਟੀਮ 3000, ਜੂਨੀਅਰ ਟੀਮ ਦੀ ਐਂਟਰੀ ਪ੍ਰਤੀ ਟੀਮ 1000 ਰੁਪਏ ਹੋਵੇਗੀ। ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰੰਨਿੰਗ ਟਰਾਫੀ ਅਤੇ 25000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 13 ਹਜ਼ਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

# ਏਡੀਸੀ ਪੂਨਮ ਸਿੰਘ ਨੇ ਵੇਰਵੇ ਜਮ੍ਹਾਂ ਕਰਵਾ ਕੇ ਸਵੈ-ਗਣਨਾ ਪੂਰੀ ਕੀਤੀ

## ਲੁਧਿਆਣਾ ਵਾਸੀਆਂ ਨੂੰ ਪੋਰਟਲ ਰਾਹੀਂ ਸ਼ਾਮਲ ਹੋਣ ਦੀ ਕੀਤੀ ਅਪੀਲ

ਜ਼ਿਕਰ ਪੰਜਾਬ

ਲੁਧਿਆਣਾ/ਵਾਸੂ ਜੇਤਲੀ

ਵਧੀਕ ਡਿਪਟੀ ਕਮਿਸ਼ਨਰ (ਜ) ਪੂਨਮ ਸਿੰਘ ਨੇ ਸ਼ਨੀਵਾਰ ਨੂੰ ਅਧਿਕਾਰਤ ਪੋਰਟਲ se.census.gov.in ਰਾਹੀਂ ਵੇਰਵੇ ਜਮ੍ਹਾਂ ਕਰਵਾ ਕੇ ਆਪਣੀ ਸਵੈ-ਗਣਨਾ ਪੂਰੀ ਕੀਤੀ। ਜ਼ਿਲ੍ਹਾ ਲੁਧਿਆਣਾ ਦੇ ਨਿਵਾਸੀਆਂ ਨੂੰ ਇਸ ਪਹਿਲਕਦਮੀ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹੋਏ ਪੂਨਮ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਵੈ-ਗਣਨਾ ਪ੍ਰਕਿਰਿਆ ਨਾਗਰਿਕਾਂ ਨੂੰ ਮੋਬਾਈਲ ਨੰਬਰ ਅਤੇ ਓ.ਟੀ.ਪੀ ਤਸਦੀਕ ਦੀ ਵਰਤੋਂ ਕਰਕੇ ਆਪਣੀ ਘਰੇਲੂ ਜਾਣਕਾਰੀ ਆਨਲਾਈਨ ਜਮ?ਹਾਂ ਕਰਾਉਣ ਦੀ ਆਗਿਆ ਦਿੰਦੀ ਹੈ। ਉਨ੍ਹਾਂ ਨੇ ਇਸ ਪ੍ਰਕਿਰਿਆ ਨੂੰ ਸਰਲ, ਸੁਰੱਖਿਅਤ ਅਤੇ ਉਪਭੋਗਤਾ ਅਨੁਕੂਲ ਦੱਸਿਆ, ਜਿਸ ਨਾਲ ਲੋਕ ਬਿਨਾਂ ਕਿਸੇ ਗਣਨਾਕਾਰ ਦੀ ਉਡੀਕ ਕੀਤੇ ਆਪਣੇ ਘਰਾਂ ਤੋਂ ਆਰਾਮ ਨਾਲ ਇਸ ਨੂੰ ਪੂਰਾ ਕਰ ਸਕਦੇ ਹਨ। ਵਧੀਕ ਡਿਪਟੀ ਕਮਿਸ਼ਨਰ ਨੇ ਲੁਧਿਆਣਾ ਜ਼ਿਲ੍ਹੇ ਦੇ ਨਿਵਾਸੀਆਂ ਨੂੰ ਸੋਸ਼ਲ ਮੀਡੀਆ ਅਤੇ ਸਥਾਨਕ ਨੈੱਟਵਰਕਾਂ ਰਾਹੀਂ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਇਸ ਪਹਿਲਕਦਮੀ ਬਾਰੇ ਸਰਗਰਮੀ ਨਾਲ ਹਿੱਸਾ ਲੈਣ ਅਤੇ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਰਿਹਾਇਸ਼, ਪਾਣੀ ਸਪਲਾਈ, ਸੈਨੀਟੇਸ਼ਨ, ਸਿੱਖਿਆ, ਸਿਹਤ ਸੰਭਾਲ ਅਤੇ ਰੁਜ਼ਗਾਰ




ਵਰਗੇ ਮੁੱਖ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਯੋਜਨਾਬੰਦੀ ਲਈ ਸਹੀ ਜਨਗਣਨਾ ਡਾਟਾ ਬਹੁਤ ਮਹੱਤਵਪੂਰਨ ਹੈ। ਇਸ ਮੌਕੇ 'ਤੇ ਡਿਪਟੀ ਡਾਇਰੈਕਟਰ, ਜਨਗਣਨਾ ਸੰਚਾਲਨ ਡਾਇਰੈਕਟੋਰੇਟ, ਪੰਜਾਬ, ਚੰਡੀਗੜ੍ਹ ਡਾ. ਰੁਚੀ ਗੁਪਤਾ, ਸਹਾਇਕ ਡਾਇਰੈਕਟਰ ਰੇਣੂ ਅਤੇ ਅੰਕੜਾ ਜਾਂਚਕਰਤਾ ਆਲੋਕ ਕੁਮਾਰ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਇਸ ਪੜਾਅ ਦੇ ਤਹਿਤ ਨਿਵਾਸੀਆਂ ਨੂੰ ਆਪਣੇ ਘਰਾਂ ਅਤੇ ਪਰਿਵਾਰਕ ਮੈਂਬਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਹਾਊਸ ਲਿਸਟਿੰਗ ਆਪ੍ਰੇਸ਼ਨ (ਐਚ.ਐਲ.ਓ) ਸਵਾਲਾਂ ਦੇ ਜਵਾਬ ਸ਼ਾਮਲ ਹਨ। ਇਹ ਘਰ ਦੀ ਕਿਸਮ, ਸਹੂਲਤਾਂ ਦੀ ਉਪਲਬਧਤਾ, ਸੰਪਤੀਆਂ ਅਤੇ ਬੁਨਿਆਦੀ ਸਹੂਲਤਾਂ ਵਰਗੇ ਪਹਿਲੂਆਂ ਨੂੰ ਕਵਰ ਕਰਦੇ ਹਨ। ਡਾਟਾ ਜੋ ਵਿਕਾਸ ਨੀਤੀਆਂ ਅਤੇ ਭਲਾਈ ਸਕੀਮਾਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਪ੍ਰਕਿਰਿਆ ਵਿੱਚ ਉਪਭੋਗਤਾ ਰਜਿਸਟ੍ਰੇਸ਼ਨ, ਓ.ਟੀ.ਪੀ ਤਸਦੀਕ, ਲੋੜੀਂਦੇ ਵੇਰਵੇ ਭਰਨਾ ਅਤੇ ਅੰਤਿਮ 'ਤੇ ਜਮ?ਹਾਂ ਕਰਵਾਉਣਾ ਸ਼ਾਮਲ ਹੈ। ਪੂਰਾ ਹੋਣ 'ਤੇ ਇੱਕ ਵਿਲੱਖਣ ਸਵੈ-ਗਣਨਾ ਆਈ.ਡੀ ਤਿਆਰ ਕੀਤੀ ਜਾਂਦੀ ਹੈ। ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਜਮ?ਹਾਂ ਕੀਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਇਸਦੀ ਵਰਤੋਂ ਸਿਰਫ਼ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਦੇ ਉਦੇਸ਼ਾਂ ਲਈ ਕੀਤੀ ਜਾਵੇਗੀ। ਪ੍ਰਕਿਰਿਆ ਨੂੰ ਆਨਲਾਈਨ ਪੂਰਾ ਕਰਨ ਵਿੱਚ ਅਸਮਰੱਥ ਪਰਿਵਾਰਾਂ ਲਈ, ਗਣਨਾਕਾਰ ਜ਼ਰੂਰੀ ਜਾਣਕਾਰੀ ਇਕੱਠੀ ਕਰਨ ਲਈ ਫੀਲਡ ਵਿੱਚ ਅਗਲੇ ਪੜਾਅ ਦੌਰਾਨ ਜਾਣਗੇ।

●----- ਸਫ਼ਾ 1 ਦਾ ਬਾਕੀ -----●

### ਨਸ਼ਾ ਮੁਕਤ ਸਮਾਜ ਬਣਾਉਣ ਲਈ ਪੁਲਿਸ...

ਕੀਤਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਜਾਰੀ ਰਹੇਗੀ। ਐਸਐਸਪੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਨਸ਼ਾ ਤਸਕਰੀ ਸਬੰਧੀ ਕੋਈ ਜਾਣਕਾਰੀ ਮਿਲਦੀ ਹੈ, ਤਾਂ ਉਹ ਬਿਨਾਂ ਕਿਸੇ ਡਰ ਦੇ ਪੁਲਿਸ ਨਾਲ ਸਾਂਝੀ ਕਰਨ।

ਉਨ੍ਹਾਂ ਭਰੋਸਾ ਦਿੱਤਾ ਕਿ ਸੂਚਨਾ ਦੇਣ ਵਾਲੇ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਇਹ ਭਰੋਸਾ ਲੋਕਾਂ ਨੂੰ ਨਸ਼ਾ ਵਿਰੋਧੀ ਮੁਹਿੰਮ ਵਿੱਚ ਖੁੱਲ੍ਹ ਕੇ ਸਹਿਯੋਗ ਦੇਣ ਲਈ ਪ੍ਰੇਰਿਤ ਕਰ ਰਿਹਾ ਹੈ। ਖੰਨਾ ਪੁਲਿਸ ਦੀ ਟੀਮ ਵੱਲੋਂ ਪਿੰਡਾਂ ਵਿੱਚ ਨਿਯਮਤ ਸੱਥਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਨਾਲ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪਿੰਡ ਖੱਟੜਾ ਵਿੱਚ ਹੋਇਆ ਇਹ ਦੌਰਾ ਵੀ ਇਸੇ ਲੜੀ ਦਾ ਇੱਕ ਮਹੱਤਵਪੂਰਨ ਹਿੱਸਾ ਸਾਬਤ ਹੋਇਆ। ਸਮੁੱਚੇ ਤੌਰ 'ਤੇ, ਐਸਐਸਪੀ ਡਾ. ਦਰਪਣ ਆਹਲੂਵਾਲੀਆ ਦੀ ਦੂਰਦਰਸ਼ੀ ਅਗਵਾਈ ਅਤੇ ਖੰਨਾ ਪੁਲਿਸ ਦੀ ਵਚਨਬੱਧਤਾ ਨੇ ਨਸ਼ਿਆਂ ਦੇ ਖ਼ਿਲਾਫ਼ ਇੱਕ ਮਜ਼ਬੂਤ ਮਿਸਾਲ ਕਾਇਮ ਕੀਤੀ ਹੈ। ਜੇਕਰ ਪੁਲਿਸ ਅਤੇ ਸਮਾਜ ਦਾ ਇਹ ਸਹਿਯੋਗ ਇਸੇ ਤਰ੍ਹਾਂ ਜਾਰੀ ਰਿਹਾ, ਤਾਂ ਖੰਨਾ ਜਲਦ ਹੀ ਨਸ਼ਾ ਮੁਕਤ ਜਿਲ੍ਹਾ ਬਣੇਗਾ।

### 30 ਜੂਨ ਤੱਕ ਹੈਵੀ ਟ੍ਰੈਫਿਕ ਮੁੜ ਸਾਹਨੇਵਾਲ...

ਮੰਗਿਆ ਗਿਆ ਹੈ। ਇਸ ਕਾਰਨ, 1 ਮਈ 2026 ਤੋਂ ਹੈਵੀ ਟ੍ਰੈਫਿਕ ਨੂੰ ਅਲਟਰਨੇਟਿਵ ਰੂਟ ਤੋਂ ਲੰਘਾਉਣਾ ਮੁਮਕਿਨ ਨਹੀਂ ਹੋਵੇਗਾ।

ਸਿੱਟੇ ਵਜੋਂ, ਇਹ ਹੈਵੀ ਟ੍ਰੈਫਿਕ ਪਹਿਲਾਂ ਵਾਂਗ ਮੁੜ ਸਾਹਨੇਵਾਲ ਚੌਕ ਅਤੇ ਬਾਜ਼ਾਰ ਦੇ ਰਸਤੇ ਰਾਹੀਂ ਗੁਜ਼ਰੇਗਾ। ਕੈਬਨਿਟ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਇਸ ਸਾਰੀ ਪ੍ਰਕਿਰਿਆ ਦੀ ਰੋਜ਼ਾਨਾ ਆਧਾਰ 'ਤੇ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਜੋ ਇਸ ਸਮੱਸਿਆ ਦਾ ਸਥਾਈ ਹੱਲ ਕੱਢ ਕੇ ਸਾਹਨੇਵਾਲ ਦੇ ਲੋਕਾਂ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਟ੍ਰੈਫਿਕ ਦੀ ਦਿੱਕਤ ਤੋਂ ਨਿਜਾਤ ਦਿਵਾਈ ਜਾ ਸਕੇ।

### ਗੋਹਾ ਸੁੱਟਣ ਵਾਲਿਆਂ 'ਤੇ ਹੋਵੇਗੀ ਐਫ.ਆਈ....

ਡੇਅਰੀ ਰਹਿੰਦ-ਖੂੰਹਦ ਨੂੰ ਟ੍ਰੀਟ ਕਰਨ ਲਈ ਸਥਾਪਿਤ ਕੀਤੇ ਗਏ ਐਫਲੂਐਂਟ ਟ੍ਰੀਟਮੈਂਟ ਪਲਾਂਟਾਂ (ਈ.ਟੀ.ਪੀ) ਦਾ ਵੀ ਨਿਰੀਖਣ ਕੀਤਾ ਅਤੇ ਜ਼ਰੂਰੀ ਨਿਰਦੇਸ਼ ਜਾਰੀ ਕੀਤੇ।

ਇਹ ਦੱਸਦੇ ਹੋਏ ਕਿ ਕਿਸੇ ਨੂੰ ਵੀ ਬੁੱਢਾ ਦਰਿਆ ਵਿੱਚ ਕੂੜਾ ਸੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ, ਡੀ.ਸੀ ਹਿਮਾਂਸ਼ੂ ਜੈਨ ਨੇ ਡੇਅਰੀ ਮਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਵੀ ਸਮਝਣ ਅਤੇ ਬੁੱਢਾ ਦਰਿਆ ਵਿੱਚ ਗੋਬਰ ਅਤੇ ਹੋਰ ਡੇਅਰੀ ਰਹਿੰਦ-ਖੂੰਹਦ ਸੁੱਟਣਾ ਬੰਦ ਕਰਨ।

### ਔਰਤਾਂ ਨੂੰ ਸਨਮਾਨ ਰਾਸ਼ੀ ਅਤੇ ਮੁਫ਼ਤ ਬਿਜਲੀ...

ਸੂਬੇ ਦੇ ਬੇਮਿਸਾਲ ਵਿਕਾਸ ਨੂੰ ਯਕੀਨੀ ਬਣਾਉਣ ਲਈ ਜੀਅ-ਜਾਨ ਨਾਲ ਕੰਮ ਕਰ ਰਿਹਾ ਹੈ ਅਤੇ ਆਏ ਦਿਨ ਅਸੀਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕਈ ਲੋਕ-ਪੱਖੀ ਉਪਰਾਲੇ ਕਰ ਰਹੇ ਹਾਂ। ਮੁੱਖ ਮੰਤਰੀ ਨੇ ਅੱਗੇ ਕਿਹਾ, "ਪਹਿਲੀਆਂ ਸਰਕਾਰਾਂ ਦੇ ਉਲਟ, ਮੈਂ ਕਦੇ ਵੀ ਸਰਕਾਰੀ ਖਜ਼ਾਨੇ ਵਿੱਚੋਂ ਇੱਕ ਪੈਸਾ ਵੀ ਨਹੀਂ ਮੰਗਿਆ, ਸਗੋਂ ਮੈਂ ਇਹ ਯਕੀਨੀ ਬਣਾਇਆ ਹੈ ਕਿ ਟੈਕਸਦਾਤਾਵਾਂ ਦਾ ਇੱਕ-ਇੱਕ ਰੁਪਿਆ ਜਨਤਕ ਭਲਾਈ ਲਈ ਸਮਝਦਾਰੀ ਨਾਲ ਖਰਚ ਕੀਤਾ ਜਾਵੇ। ਵਿਧਾਨਕ ਕਾਰਵਾਈ 'ਤੇ ਚਾਨਣਾ ਪਾਉਂਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਅਸੀਂ ਖ਼ੁਸ਼ਕਿਸਮਤ ਹਾਂ ਕਿ ਪ੍ਰਮਾਤਮਾ ਨੇ ਸਾਨੂੰ ਸਰਬਸੰਮਤੀ ਨਾਲ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਪਾਸ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ, ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਸਖ਼ਤ ਸਜ਼ਾ ਨਿਰਧਾਰਤ ਕੀਤੀ ਗਈ ਹੈ। ਇਹ ਐਕਟ ਭਵਿੱਖ ਵਿੱਚ ਬੇਅਦਬੀ ਦੇ ਅੰਤ ਨੂੰ ਦਰਸਾਉਂਦਾ ਹੈ ਕਿਉਂਕਿ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਕਦੇ ਵੀ ਅਜਿਹੇ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਹੋਣ ਦੀ ਹਿੰਮਤ ਨਹੀਂ ਕਰੇਗਾ।' ਉਨ੍ਹਾਂ ਅੱਗੇ ਕਿਹਾ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਘਿਨਾਉਣਾ ਜੁਰਮ ਸੂਬੇ ਵਿੱਚ ਸਖ਼ਤ ਘਾਲਣਾ ਘਾਲ ਕੇ ਹਾਸਲ ਕੀਤੀ ਸ਼ਾਂਤੀ, ਸਦਭਾਵਨਾ, ਭਾਈਚਾਰਾ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਦੀ ਡੂੰਘੀ ਸਾਜ਼ਿਸ਼ ਸੀ। ਇਹ ਐਕਟ ਇਹ ਯਕੀਨੀ ਬਣਾਏਗਾ ਕਿ ਇਸ ਨਾ-ਮੁਆਫੀਯੋਗ ਅਪਰਾਧ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਦੂਜਿਆਂ ਲਈ ਮਿਸਾਲ ਕਾਇਮ ਹੋਵੇਗੀ।' ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਦੇ ਪਿਤਾ ਹਨ ਅਤੇ ਸੂਬਾ ਸਰਕਾਰ ਪਵਿੱਤਰ ਗ੍ਰੰਥ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਦੁਨੀਆ ਭਰ ਦੇ ਲੋਕ ਖ਼ੁਸ਼ ਹਨ ਅਤੇ ਮੈਨੂੰ ਰੋਜ਼ਾਨਾ ਉਨ੍ਹਾਂ ਲੋਕਾਂ ਦੇ ਕਈ ਫੋਨ ਆ ਰਹੇ ਹਨ ਜੋ ਇਸ ਇਤਿਹਾਸਕ ਐਕਟ ਲਈ ਮੇਰਾ ਧੰਨਵਾਦ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੋਕਾਂ ਕੋਲ ਤਿੰਨ ਕਲਮਾਂ ਵਿੱਚੋਂ ਕਿਸੇ ਇੱਕ ਨੂੰ ਚੁਣਨ ਦਾ ਬਦਲ ਹੋਵੇਗਾ।

### ਦਿੱਲੀ 'ਚ ਅੱਗ ਦਾ ਕਹਿਰ, 9 ਦੀ ਮੌਤ

ਹੁਣ ਤੱਕ 9 ਲੋਕਾਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ, ਜਦਕਿ ਕਈ ਹੋਰ ਜ਼ਖਮੀ ਹੋਏ ਹਨ। ਰਾਹਤ ਟੀਮਾਂ ਵੱਲੋਂ ਲਗਭਗ 12 ਲੋਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ ਅਤੇ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਭੇਜਿਆ ਗਿਆ। ਸ਼ਾਹਦਰਾ ਜ਼ਿਲ੍ਹੇ ਦੇ ਪੁਲਿਸ ਅਧਿਕਾਰੀਆਂ ਮੁਤਾਬਕ, ਮਲਬੇ ਅਤੇ ਇਮਾਰਤ ਦੇ ਵੱਖ-ਵੱਖ ਹਿੱਸਿਆਂ ਦੀ ਤਲਾਸ਼ ਜਾਰੀ ਹੈ, ਕਿਉਂਕਿ ਹੋਰ ਲੋਕਾਂ ਦੇ ਫਸੇ ਹੋਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਇਸ ਮਾਮਲੇ ਵਿੱਚ ਫੋਰੈਂਸਿਕ ਟੀਮਾਂ ਅਤੇ ਫਾਇਰ ਵਿਭਾਗ ਵੱਲੋਂ ਵਿਸਥਾਰਪੂਰਵਕ ਜਾਂਚ ਕੀਤੀ ਜਾ ਰਹੀ ਹੈ, ਜਿਸ ਵਿੱਚ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਇਮਾਰਤ ਵਿੱਚ ਅੱਗ ਤੋਂ ਬਚਾਅ ਦੇ ਲਾਜ਼ਮੀ ਇੰਤਜ਼ਾਮ ਮੌਜੂਦ ਸਨ ਜਾਂ ਨਹੀਂ। ਸਥਾਨਕ ਲੋਕਾਂ ਦੇ ਅਨੁਸਾਰ, ਅੱਗ ਲੱਗਣ ਨਾਲ ਪੂਰੇ ਇਲਾਕੇ ਵਿੱਚ ਹੜਕੰਪ ਮਚ ਗਿਆ ਅਤੇ ਲੋਕਾਂ ਨੇ ਆਪਣੀ ਤਰਫੋਂ ਵੀ ਬਚਾਅ ਕਾਰਜਾਂ ਵਿੱਚ ਹਿੱਸਾ ਲੈਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਦੀ ਤੀਬਰਤਾ ਨੇ ਸਥਿਤੀ ਨੂੰ ਕਾਬੂ ਤੋਂ ਬਾਹਰ ਕਰ ਦਿੱਤਾ। ਪ੍ਰਸ਼ਾਸਨ ਵੱਲੋਂ ਕਿਹਾ ਗਿਆ ਹੈ ਕਿ ਬਚਾਅ ਕਾਰਜ ਮੁਕੰਮਲ ਹੋਣ ਤੋਂ ਬਾਅਦ ਹੀ ਮ੍ਰਿਤਕਾਂ ਅਤੇ ਨੁਕਸਾਨ ਦੀ ਅਸਲ ਤਸਵੀਰ ਸਾਹਮਣੇ ਆ ਸਕੇਗੀ।

### ਸਪੀਕਰ ਕੁਲਤਾਰ ਸਿੰਘ ਸੰਧਵਾਂ ਸ੍ਰੀ ਅਕਾਲ...

ਕਿ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵੱਚ ਭੂਮਿਕਾ ਅਤੇ ਪੰਥਕ ਪਰੰਪਰਾਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਮਾਮਲੇ 'ਤੇ ਸਪੀਕਰ ਸੰਧਵਾਂ ਨੂੰ 8 ਮਈ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ, ਤਾਂ ਜੋ ਉਹ ਆਪਣਾ ਪੱਖ ਰੱਖ ਸਕਣ। ਦੂਜੇ ਪਾਸੇ, ਆਮ ਆਦਮੀ ਪਾਰਟੀ ਦੇ ਆਗੂ ਬਿਕਰਮਜੀਤ ਸਿੰਘ ਪਾਸੀ ਨੇ ਸਰਕਾਰ ਦੇ ਬੇਅਦਬੀ ਵਿਰੋਧੀ ਕਾਨੂੰਨ ਦਾ ਸਮਰਥਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਸਿੱਖ ਭਾਈਚਾਰੇ ਦੇ ਹੱਕ ਵਿੱਚ ਹੈ ਅਤੇ ਇਸ ਨਾਲ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਸੰਭਵ ਹੋਵੇਗੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਲਈ ਮਹਾਨ, ਸਰਵਉੱਚ ਤੇ ਬਹੁਤ ਹੀ ਸਤਿਕਾਰਯੋਗ ਹਨ ਅਸੀਂ ਸਮੇਂ-ਸਮੇਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਨਤਮਸਤਕ ਹੋ ਕੇ ਮਾਰਗਦਰਸ਼ਨ ਲੈਂਦੇ ਰਹੇ ਹਾਂ। ਉਨ੍ਹਾਂ ਕਿਹਾ ਕਿ ਹੁਣ ਵੀ ਜੇਕਰ ਕੋਈ ਅਧਿਕਾਰਤ ਸੱਦਾ ਆਉਂਦਾ ਹੈ ਤਾਂ ਇਕ ਸਿੱਖ ਵਜੋਂ ਅਸੀਂ ਪੂਰੀ ਨਿਮਰਤਾ ਤੇ ਸਤਿਕਾਰ ਨਾਲ ਹਾਜ਼ਰ ਹੋ ਕੇ ਆਪਣਾ ਪੱਖ ਪੰਥ ਦੇ ਸਾਹਮਣੇ ਰੱਖਣ ਲਈ ਪਾਬੰਦ ਹਾਂ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਆਦੇਸ਼ ਸਾਡੇ ਲਈ ਰੱਬੀ ਹੁਕਮ ਦੇ ਬਰਾਬਰ ਹੈ।

### 12 ਕਿੱਲੋ ਹੈਰੋਇਨ ਸਮੇਤ 3 ਕਾਬੂ

ਆਪਣੇ ਸਾਥੀਆਂ ਅਰਵਿੰਦਰ ਸਿੰਘ ਅਤੇ ਜਸ਼ਨਪ੍ਰੀਤ ਸਿੰਘ ਨੂੰ ਡਿਲੀਵਰ ਕਰਨੀ ਸੀ। ਆਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਅੰਮ੍ਰਿਤਸਰ ਪੁਲਿਸ ਨੂੰ ਇਤਲਾਹ ਮਿਲੀ ਸੀ ਕਿ ਗੁਰਜੰਟ ਨੂੰ ਡਰੋਨ ਰਾਹੀਂ ਇੱਕ ਵੱਡੀ ਖੇਪ ਪ੍ਰਾਪਤ ਹੋਈ ਹੈ ਅਤੇ ਉਹ ਇਸ ਖੇਪ ਨੂੰ ਅੱਗੇ ਆਪਣੇ ਸਾਥੀਆਂ ਤੱਕ ਪਹੁੰਚਾਉਣ ਜਾ ਰਿਹਾ ਹੈ। ਇਸ ਪੁਖ਼ਤਾ ਇਤਲਾਹ 'ਤੇ ਕਾਰਵਾਈ ਕਰਦਿਆਂ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਟੋਲ ਪਲਾਜ਼ਾ ਦੇ ਨੇੜੇ ਅੰਮ੍ਰਿਤਸਰ ਤੋਂ ਛਬਾਲ ਰੋਡ ਦੇ ਆਲੇ-ਦੁਆਲੇ ਵਿਸ਼ੇਸ਼ ਨਾਕੇ ਲਗਾਏ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਤਿੰਨ ਮੁਲਜ਼ਮਾਂ ਨੂੰ ਰੋਕਿਆ ਅਤੇ ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 12 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ। ਡੀਜੀਪੀ ਨੇ ਕਿਹਾ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਐਫਆਈਆਰ ਨੰਬਰ 28 ਮਿਤੀ 02-05-2026 ਨੂੰ ਐਨਡੀਪੀਐਸ ਐਕਟ ਦੀ ਧਾਰਾ 21, 25 ਅਤੇ 29 ਤਹਿਤ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਆਧਾਰ ਦੀ 'ਨਵੀਂ ਲੁੱਕ' ਬਾਰੇ ਕੁੱਝ ਖ਼ਬਰਾਂ 'ਤੇ ਸਪੱਸ਼ਟੀਕਰਨ

ਨਵੀਂ ਦਿੱਲੀ/ਜ਼ਿਕਰ ਪੰਜਾਬ

ਕੁੱਝ ਖ਼ਬਰਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਇਸ ਸਾਲ ਦੇ ਅੰਤ ਤੱਕ ਆਧਾਰ ਦੀ ਲੁੱਕ ਸਿਰਫ਼ ਇੱਕ ਫੋਟੋ ਅਤੇ ਇੱਕ ਕਿਊਆਰ ਕੋਡ ਵਿੱਚ ਬਦਲ ਜਾਵੇਗੀ। ਇਹ ਬਿਲਕੁਲ ਗਲਤ ਹੈ। ਅਜਿਹੀ ਕਿਸੇ ਵੀ ਤਬਦੀਲੀ ਦੀ ਕੋਈ ਯੋਜਨਾ ਨਹੀਂ ਹੈ। ਅਜਿਹੀਆਂ ਖ਼ਬਰਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਲੋਕਾਂ ਦੇ ਮਨਾਂ ਵਿੱਚ ਬੇਲੋੜੀ ਉਲਝਣ ਪੈਦਾ ਕਰ ਰਹੀਆਂ ਹਨ। ਆਮ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਜਿਹੀਆਂ ਖ਼ਬਰਾਂ ਅਤੇ ਪੋਸਟਾਂ ਨੂੰ ਨਜ਼ਰਅੰਦਾਜ਼ ਕਰਨ ਅਤੇ ਆਧਾਰ ਦੀ ਅਧਿਕਾਰਤ ਜਾਣਕਾਰੀ ਲਈ UIDAI ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲਾਂ ਅਤੇ ਪੀਆਈਬੀ ਰਾਹੀਂ ਜਾਰੀ ਪ੍ਰੈੱਸ ਰਿਲੀਜ਼ ਉੱਤੇ ਹੀ ਭਰੋਸਾ ਕਰਨ। ਮੀਡੀਆ ਨੂੰ ਵੀ ਅਜਿਹੀਆਂ ਗਲਤ ਜਾਣਕਾਰੀਆਂ ਨੂੰ ਉਤਸ਼ਾਹਿਤ ਨਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

# ਦੀਵਾਨ ਨੇ ਲੁਧਿਆਣਾ (ਪੱਛਮੀ) ਵਿੱਚ ਨਾਗਰਿਕ ਸਹੂਲਤਾਂ ਦੇ ਮਾੜੇ ਹਾਲਾਤਾਂ 'ਤੇ ਜਤਾਈ ਚਿੰਤਾ

ਜ਼ਿਕਰ ਪੰਜਾਬ


ਲੁਧਿਆਣਾ/ਬਿਊਰੋ

ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਗੰਭੀਰ ਨਾਰਾਜ਼ਗੀ ਜਤਾਉਂਦਿਆਂ ਕਿਹਾ ਹੈ ਕਿ ਸ਼ਹਿਰ ਦੇ ਬਹੁਤੇ ਇਲਾਕੇ, ਖ਼ਾਸ ਕਰਕੇ ਲੁਧਿਆਣਾ (ਪੱਛਮੀ) ਹਲਕੇ ਅਧੀਨ ਆਉਂਦੇ ਖੇਤਰ, ਅਜੇ ਵੀ ਬੁਨਿਆਦੀ ਨਾਗਰਿਕ ਸਹੂਲਤਾਂ ਲਈ ਸੰਘਰਸ਼ ਕਰ ਰਹੇ ਹਨ, ਜਿਸ ਕਾਰਨ ਵਸਨੀਕ ਆਪਣੇ ਆਪ ਨੂੰ ਪਰੇਸ਼ਾਨ ਅਤੇ ਅਣਗੌਲਿਆ ਮਹਿਸੂਸ ਕਰ ਰਹੇ ਹਨ। ਇਸ ਲੜੀ ਹੇਠ, ਨਗਰ ਨਿਗਮ ਕਮਿਸ਼ਨਰ ਡਾ. ਨੀਰੂ ਕਤਿਆਲ ਗੁਪਤਾ ਨੂੰ ਲਿਖੇ ਪੱਤਰ (ਕਾਪੀ ਨੱਥੀ) ਵਿੱਚ ਦੀਵਾਨ ਨੇ ਦਰਸਾਇਆ ਹੈ ਕਿ ਲੁਧਿਆਣਾ ਪੱਛਮੀ ਵਿੱਚ ਦਹਾਕਿਆਂ ਪੁਰਾਣੇ ਸੀਵਰੇਜ ਪਾਈਪਲਾਈਨ ਜਾਲ ਬਹੁਤ ਤੰਗ, ਮਾੜੇ ਹਾਲਾਤਾਂ ਵਿੱਚ ਅਤੇ ਮੌਜੂਦਾ ਲੋੜਾਂ ਅਨੁਸਾਰ ਬਿਲਕੁਲ ਅਣਉਚਿਤ ਹੈ, ਖ਼ਾਸ ਕਰਕੇ ਮਾਨਸੂਨ ਦੌਰਾਨ ਹਾਲਾਤ ਸੱਭ ਦੇ ਸਾਹਮਣੇ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕਾਰਨ ਹਲਕੇ ਦੇ ਵੱਡੇ ਹਿੱਸੇ ਅਜੇ ਵੀ ਢੰਗ ਦੇ ਸੀਵਰੇਜ ਪ੍ਰਬੰਧ ਤੋਂ ਵਾਂਝੇ ਹਨ ਅਤੇ ਉੱਚ ਵਰਗ ਦੀਆਂ ਕਾਲੋਨੀਆਂ ਵਿੱਚ ਵੀ ਹਲਕੀ ਬਾਰਿਸ਼ ਤੋਂ ਬਾਅਦ ਗੰਦਾ ਪਾਣੀ ਵਾਪਸ ਘਰਾਂ ਵਿੱਚ ਆ ਜਾਂਦਾ ਹੈ, ਜਿਸ ਨਾਲ ਹਾਲਾਤ ਨਰਕ ਵਰਗੇ ਬਣ ਜਾਂਦੇ ਹਨ ਅਤੇ ਲੋਕਾਂ ਨੂੰ ਬਦਬੂ, ਬਿਮਾਰੀਆਂ ਅਤੇ ਸਿਹਤ ਸੰਬੰਧੀ ਗੰਭੀਰ ਖਤਰਿਆਂ ਦਾ ਸਾਹਮਣਾ



ਕਰਨਾ ਪੈਂਦਾ ਹੈ। ਉਨ੍ਹਾਂ ਨੇ ਕਿਹਾ ਕਿ ਘਰਾਂ ਵਿੱਚ ਗੰਦਾ ਪਾਣੀ ਭਰ ਜਾਂਦਾ ਹੈ, ਜਿਸ ਨਾਲ ਬਦਬੂ ਅਤੇ ਬਿਮਾਰੀਆਂ ਫੈਲਦੀਆਂ ਹਨ ਅਤੇ ਲੋਕਾਂ ਦੀ ਸਿਹਤ ਨੂੰ ਗੰਭੀਰ ਖਤਰਾ ਪੈਦਾ ਹੁੰਦਾ ਹੈ। ਦੀਵਾਨ ਨੇ ਕਿਹਾ ਕਿ ਹਰ ਮਾਨਸੂਨ ਮੌਸਮ ਵਿੱਚ ਲੁਧਿਆਣਾ ਨਗਰ ਨਿਗਮ ਵੱਲੋਂ ਸੀਵਰ ਲਾਈਨਾਂ ਦੀ ਡੀ-ਸਿਲਟਿੰਗ ਦੇ ਦਾਅਵੇ ਕੀਤੇ ਜਾਂਦੇ ਹਨ, ਪਰ ਇਹ ਕਾਰਵਾਈ ਕਾਗਜ਼ਾਂ ਤੱਕ ਹੀ ਸੀਮਿਤ ਰਹਿੰਦੀ ਹੈ। ਉਨ੍ਹਾਂ ਜ਼ੋਰ ਦਿੰਦਿਆਂ, ਕਿਹਾ ਕਿ ਇਸਦਾ ਸਥਾਈ ਹੱਲ ਪੁਰਾਣੀਆਂ ਪਾਈਪਲਾਈਨਾਂ ਨੂੰ ਵੱਡੀਆਂ ਲਾਈਨਾਂ ਨਾਲ ਬਦਲਣਾ ਹੈ ਅਤੇ ਬਿਨਾਂ ਦੇਰੀ ਨਵੀਆਂ, ਚੌੜੀਆਂ ਸੀਵਰੇਜ ਲਾਈਨਾਂ ਪਾਉਣ ਦੀ ਮੰਗ ਕੀਤੀ ਹੈ। ਇਸਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਮਾਨਸੂਨ ਤੋਂ ਪਹਿਲਾਂ ਲੁਧਿਆਣਾ (ਪੱਛਮੀ) ਦੇ ਸਾਰੇ ਸੀਵਰ ਪੁਆਇੰਟਾਂ (ਅੱਪ ਅਤੇ ਡਾਊਨ) ਦੀ ਸੁਪਰ ਸਕਸ਼ਨ ਮਸ਼ੀਨਾਂ ਨਾਲ ਪੂਰੀ ਤਰ੍ਹਾਂ ਸਫਾਈ ਕਰਵਾਈ ਜਾਵੇ, ਤਾਂ ਜੋ ਲੋਕਾਂ ਨੂੰ ਤੁਰੰਤ ਰਾਹਤ ਮਿਲ ਸਕੇ। ਇਸੇ ਤਰ੍ਹਾਂ, ਦੀਵਾਨ ਨੇ ਲੁਧਿਆਣਾ ਵਿੱਚ ਚੱਲ ਰਹੇ ਨਹਿਰ ਆਧਾਰਿਤ ਪਾਣੀ ਸਪਲਾਈ ਪ੍ਰੋਜੈਕਟ ਦਾ ਵੀ ਜ਼ਿਕਰ ਕੀਤਾ, ਜਿਸਦਾ ਉਦੇਸ਼ ਭੂਜਲ ਦੀ ਥਾਂ ਟ੍ਰੀਟ ਕੀਤਾ ਪਾਣੀ ਮੁਹੱਈਆ ਕਰਵਾਉਣਾ ਹੈ।

# ਜੀਵਨ ਇੱਕ ਪੌੜੀ ਹੈ, ਜੋ ਸੰਸਾਰ ਤੋਂ ਨਿਰੰਕਾਰ ਤੱਕ ਅਪੜਨ ਦਾ ਵਸੀਲਾ ਹੈ : ਸੰਤ ਅਮੀਰ ਸਿੰਘ



ਜ਼ਿਕਰ ਪੰਜਾਬ

ਲੁਧਿਆਣਾ/ਜ਼ਿਕਰ ਪੰਜਾਬ


ਗੁਰਬਾਣੀ, ਗੁਰ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਅਰੰਭਤਾ ਟਕਸਾਲ ਦੇ ਹੋਣਹਾਰ ਵਿ?ਦਆਰਥੀ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਨਾਲ ਹੋਈ। ਜੁੜੀਆਂ ਸੰਗਤਾਂ ਸਨਮੁੱਖ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਮੁਖੀ ਮਹਾਂਪੁਰਸ਼ ਸੰਤ ਬਾਬਾ ਅਮੀਰ ਸਿੰਘ ਜੀ ਨੇ ਸਮਝਾਇਆ ਕਿ ਜੀਵਨ ਇਕ ਮਾਰਗ ਹੈ, ਜਿਸ ਵਿੱਚ ਸਵਾਸਾਂ ਦੇ ਕੀਮਤੀ ਮੋਤੀ ਬਿਖਰੇ ਪਏ ਹਨ। ਪਰ ਅਸੀਂ ਅੰਨੇ ਦੀ ਤਰ੍ਹਾਂ ਇਹਨਾਂ ਮੋਤੀਆਂ ਕੋਲੋਂ ਦੀ ਲੰਘਦੇ ਜਨੜੇ ਹਾਂ। ਉਨ੍ਹਾਂ ਗੁਰਬਾਣੀ ਸ਼ਬਦਾਂ ਦੇ ਹਵਾਲੇ ਨਾਲ ਸਮਝਾਇਆ ਕਿ ਇਸ ਮਾਰਗ 'ਤੇ ਚੱਲ ਕੇ ਪ੍ਰਭੂ ਤੱਕ ਪਹੁੰਚਣ ਦੀ ਬਜਾਏ ਰਾਸਤੇ ਵਿੱਚ ਹੀ ਬੈਠੇ ਜਾਂਦੇ ਹਾਂ। ਜੀਵਨ ਦਾ ਇਹ ਮਾਰਗ ਸੰਸਾਰ ਤੋਂ ਸ਼ੁਰੂ ਹੋ ਕੇ ਨਿਰੰਕਾਰ ਤੱਕ ਬੁੱਝਦਾ ਹੈ। ਜੀਵਨ ਕੁਝ ਪਦਾਰਥ ਜੜ ਅਸਥੂਲ ਸੰਸਾਰ ਦਾ ਹਿੱਸਾ ਹੈ ਜੋ ਜੀਵਨ ਚੇਤਨਾ ਪਰਮ ਪ੍ਰਕਾਸ਼ ਪਰਮਾਤਮਾ ਦਾ ਵੀ ਹਿੱਸਾ ਹੈ ਸੰਸਾਰ ਤੋਂ ਪਰਮ ਪ੍ਰਕਾਸ਼ ਤੱਕ ਪੁੱਜਣ ਦੇ ਜੀਵਨ ਇਕ ਮਾਰਗ ਹੈ। ਮਹਾਂਪੁਰਸ਼ਾਂ ਨੇ ਜੋਰ ਦਿੰਦਿਆਂ ਸਮਝਾਇਆ ਕਿ ਜੀਵਨ ਇੱਕ ਪੌੜੀ ਹੈ, ਜੋ ਸੰਸਾਰ ਤੋਂ ਨਿਰੰਕਾਰ ਤੱਕ ਅਪੜਨ ਦਾ ਵਸੀਲਾ ਹੈ। ਪੌੜੀ ਦਾ ਇਕ ਸਿਰਾ ਜਮੀਨ 'ਤੇ ਖੜਾ ਹੈ, ਦੂਜਾ ਕੋਠੇ ਨਾਲ। ਜ਼ਮੀਨ 'ਤੇ ਖੜਾ ਜੀਵਨ, ਪਰਮੇਸ਼ਰ ਦੇ ਕੋਠੇ ਪੁੱਜ ਸਕੇ, ਪਰਮੇਸ਼ਰ ਵਲੋਂ ਮਿਲੀ ਜੀਵਨ ਰੂਪੀ ਪੌੜੀ ਤੇ ਜੇਕਰ ਇਸ ਵਾਰੀ ਨਾ ਚੜ ਸਕੇ, ਤਾਂ ਥੱਲੇ ਹੀ ਰਹਿ ਜਾਵਾਂਗੇ। ਥੱਲੇ ਦਾ ਜੀਵਨ ਤਾਂ ਅਤੀ ਪੀੜਾਦਾਈ ਹੈ। ਆਦਿ ਕਾਲ ਤੋਂ ਰਸਿਕ ਅਨੁਭਵੀ ਪੁਰਸ਼ ਮਨੁੱਖੀ ਜੀਵਨ ਦੇ ਗੀਤ ਗਾਉਂਦੇ ਆਏ ਹਨ ਕਿਉਂਕਿ ਪ੍ਰਭੂ ਮਿਲਣ ਇਸੇ ਹੀ ਦੇਹੀ ਵਿੱਚ ਸੰਭਵ ਹੈ ਦੇਵਤੇ ਪਵਿੱਤਰ ਰੂਹਾਂ ਹਨ ਤੇ ਜਿਨਾਂ ਨੂੰ ਤਨ ਨਹੀਂ ਮਿ?ਲਆ ਇਸ ਦੇਹੀ ਲਈ ਤੜਫਦੀਆਂ ਹਨ ਤੇ ਇਸੇ ਦੇਹੀ ਦੀ ਮੰਗ ਕਰਦੀਆਂ ਹਨ। ਪਿਛਲੇ ਜਨਮ ਨਾਮ-ਸਾਧਨਾ ਜਿਸ ਦੀ ਅਧੂਰੀ ਰਹਿ ਗਈ ਹੈ, ਉਸ ਨੂੰ ਮਰ ਕੇ ਛੇਤੀ ਜਨਮ ਨਹੀਂ ਮਿਲਦਾ ਕਿਉਂਕਿ ਉਸ ਦਾ ਜਨਮ ਹੋ ਸਕੇ, ਉਸ ਅਨੁਸਾਰ ਮਾਹੌਲ ਮਾਂ-ਬਾਪ ਚੰਗੇ ਚਾਹੀਦੇ ਹਨ। ਸੋ ਐਸੇ ਮਾਂ-ਬਾਪ ਦੁਲਭ ਹਨ, ਜਿੱਥੇਂ ਐਸੀਆਂ ਪਵਿੱਤਰ ਰੂਹਾਂ ਦੇਹ ਨਾਲ ਜਨਮ ਲੈਂਦੀਆਂ ਹਨ। ਮਨੁੱਖੀ ਤਨ ਦੀ ਇਹ ਮਹਾਨਤਾ ਹੈ ਕਿ ਇਹ ਪਰਮਾਤਮਾ ਨੂੰ ਮਿਲਣ ਦਾ ਸਾਧਨ ਹੈ। ਸੋ ਪਵਿੱਤਰ ਰੂਹਾਂ ਮਨੁੱਖੀ ਤਨ ਲਈ ਪ੍ਰਯਤਨਸ਼ੀਲ ਰਹਿੰਦੀਆਂ ਹਨ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly

ਸੰਪਾਦਕੀ

# ਚੋਣਾਂ, ਚੋਣਾਂ ਦੇ ਨਤੀਜੇ ਅਤੇ ਆਮ ਆਦਮੀ ਦਾ ਸੱਚ

4 ਮਈ ਤੋਂ ਪਹਿਲਾਂ ਸਾਨੂੰ, ਯਾਨੀ ਕਿ ਕਿਸੇ ਵੀ ਆਮ ਆਦਮੀ ਨੂੰ, ਇਸ ਬਾਰੇ ਕੋਈ ਖਾਸ ਉਤਸੁਕਤਾ ਨਹੀਂ ਹੈ ਕਿ ਦੇਸ਼ ਦੇ ਕਿਸੇ ਵੀ ਰਾਜ ਵਿੱਚ ਕੌਣ ਅੱਗੇ ਵਧ ਰਿਹਾ ਹੈ। ਅਤੇ 4 ਮਈ ਤੋਂ ਬਾਅਦ ਵੀ, ਚੋਣ ਨਤੀਜੇ ਸਾਡੇ ਲਈ, ਯਾਨੀ ਆਮ ਆਦਮੀ ਲਈ, ਮਾਤਰ ਇੱਕ ਜਾਣਕਾਰੀ ਹੋਣਗੇ - ਨਾ ਤਾਂ ਖੁਸ਼ੀ ਅਤੇ ਨਾ ਹੀ ਨਿਰਾਸ਼ਾ ਦਾ ਕੋਈ ਕਾਰਨ। ਇਹ ਉਦਾਸੀਨਤਾ ਨਹੀਂ ਹੈ, ਸਗੋਂ ਇੱਕ ਡੂੰਘੀ ਸਮਝ ਦਾ ਨਤੀਜਾ ਹੈ। ਕਿਉਂਕਿ ਸਮੇਂ ਦੇ ਨਾਲ, ਇਹ ਸਪੱਸ਼ਟ ਹੋ ਗਿਆ ਹੈ ਕਿ ਚੋਣ ਜਿੱਤ ਅਤੇ ਹਾਰ ਦਾ ਆਮ ਆਦਮੀ ਦੇ ਰੋਜ਼ਾਨਾ ਜੀਵਨ ਨਾਲ ਬਹੁਤ ਸੀਮਤ ਸਿੱਧਾ ਅਤੇ ਤੁਰੰਤ ਸਬੰਧ ਹੈ। ਆਮ ਆਦਮੀ ਦੀ ਜ਼ਿੰਦਗੀ ਇਸਦੀ ਇੱਕ ਸਧਾਰਨ ਉਦਾਹਰਣ ਹੈ। ਕੁਝ ਰੋਟੀਆਂ, ਦਾਲ, ਕੁਝ ਚੌਲ, ਸਬਜ਼ੀਆਂ, ਸਲਾਦ, ਲੋੜੀਂਦਾ ਪਾਣੀ, ਅਤੇ ਤਜਵੀਜ਼ ਕੀਤੀਆਂ ਦਵਾਈਆਂ - ਇਹ ਹੀ ਹਨ ਇਕ ਸਧਾਰਨ ਅਰਥਾਤ ਆਮ ਆਦਮੀ ਦੀਆਂ ਤਰਜੀਹਾਂ। ਚੋਣ ਨਤੀਜਿਆਂ ਦਾ ਇਹਨਾਂ ਜ਼ਰੂਰਤਾਂ 'ਤੇ, ਉਹਨਾਂ ਦੇ ਪੂਰਾ ਹੋਣ ਦੀਆਂ ਉਮੀਦਾਂ 'ਤੇ ਕੋਈ ਸਿੱਧਾ ਪ੍ਰਭਾਵ ਨਹੀਂ ਪੈਂਦਾ। ਸੱਤਾ ਵਿੱਚ ਕੌਣ ਆਉਂਦਾ ਹੈ ਇਹ ਇੱਕ ਰਾਸ਼ਟਰੀ ਘਟਨਾ ਹੈ, ਪਰ ਇਸਦਾ ਪ੍ਰਭਾਵ ਆਮ ਆਦਮੀ ਦੀ ਥਾਲੀ ਤੱਕ ਪਹੁੰਚਣ ਤੋਂ ਪਹਿਲਾਂ ਕਈ ਪਰਤਾਂ ਵਿੱਚੋਂ ਲੰਘਦਾ ਹੈ। ਦਰਅਸਲ, ਦੇਸ਼ ਵਿੱਚ ਲੱਖਾਂ ਲੋਕ ਹਨ ਜਿਨ੍ਹਾਂ ਦੀਆਂ ਚਿੰਤਾਵਾਂ ਚੋਣ ਬਹਿਸਾਂ ਨਾਲੋਂ ਕਿਤੇ ਜ਼ਿਆਦਾ ਬੁਨਿਆਦੀ ਅਤੇ ਠੋਸ ਹਨ। ਉਨ੍ਹਾਂ ਲਈ, ਅਸਲ ਫ਼ਰਕ ਉਦੋਂ ਪੈਂਦਾ ਹੈ ਜਦੋਂ ਰਸੋਈ ਗੈਸ ਦੀਆਂ ਕੀਮਤਾਂ ਵਧਦੀਆਂ ਹਨ। ਜਦੋਂ ਪੈਟਰੋਲ ਅਤੇ ਡੀਜ਼ਲ ਹੋਰ ਮਹਿੰਗੇ ਹੋ ਜਾਂਦੇ ਹਨ। ਜਾਂ ਫਿਰ ਓਦੋਂ, ਜਦੋਂ ਰੋਜ਼ਾਨਾ ਲੋੜਾਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਹੌਲੀ-ਹੌਲੀ ਪਹੁੰਚ ਤੋਂ ਬਾਹਰ ਹੋਣ ਲੱਗ ਜਾਂਦੀਆਂ ਹਨ। ਮਹਿੰਗਾਈ ਵਿੱਚ ਹਰ ਛੋਟੀ ਜਿਹੀ ਤੇਜ਼ੀ ਆਮ ਆਦਮੀ ਦੇ ਬਜਟ ਨੂੰ ਹਿਲਾ ਦਿੰਦੀ ਹੈ, ਜਦੋਂ ਕਿ ਚੋਣ ਨਤੀਜੇ ਅਕਸਰ ਸਿਰਫ਼ ਸੁਰਖੀਆਂ ਹੀ ਰਹਿੰਦੇ ਹਨ। ਇਸ ਤੋਂ ਇਲਾਵਾ, ਅੱਜ ਦੀ ਵਿਸ਼ਵ ਅਰਥਵਿਵਸਥਾ ਵਿੱਚ, ਬਹੁਤ ਸਾਰੇ ਕਾਰਕ ਹਨ ਜੋ ਕਿਸੇ ਵੀ ਦੇਸ਼ ਦੀ ਅੰਦਰੂਨੀ ਸਥਿਤੀ ਨੂੰ ਪ੍ਰਭਾਵਿਤ ਕਰਦੇ ਹਨ, ਅੰਤਰਰਾਸ਼ਟਰੀ ਤਣਾਅ, ਜਿਵੇਂ ਕਿ ਵੱਡੇ ਦੇਸ਼ਾਂ ਵਿਚਕਾਰ ਯੁੱਧ ਜਾਂ ਯੁੱਧ ਵਰਗੀ ਸਥਿਤੀ ਭਾਵ ਤਣਾਅਪੂਰਨ ਸਬੰਧ, ਤੇਲ ਦੀਆਂ ਕੀਮਤਾਂ ਵਿੱਚ ਉਤਰਾਅ-ਚੜ੍ਹਾਅ, ਜਾਂ ਵਿਸ਼ਵ ਬਾਜ਼ਾਰਾਂ ਵਿੱਚ ਅਸਥਿਰਤਾ - ਇਹਨਾਂ ਸਾਰੇ ਕਾਰਕਾਂ ਦਾ ਆਮ ਆਦਮੀ ਦੇ ਜੀਵਨ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਪਰ ਇਹਨਾਂ ਗੁੰਝਲਦਾਰ ਸਮੀਕਰਨਾਂ ਨੂੰ ਇੱਕ ਚੋਣ ਨਤੀਜੇ ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ। ਐਗਜ਼ਿਟ ਪੋਲ ਦੀਆਂ ਭਵਿੱਖਬਾਣੀਆਂ ਅਤੇ ਚੋਣ ਨਤੀਜਿਆਂ ਦਾ ਰੌਲਾ ਸੀਮਤ ਸਮੇਂ ਲਈ ਮਾਹੌਲ ਨੂੰ ਗਰਮ ਕਰ ਸਕਦਾ ਹੈ, ਪਰ ਇਹ ਰੌਲਾ ਨਾ ਤਾਂ ਮਹਿੰਗਾਈ ਨੂੰ ਕੰਟਰੋਲ ਕਰਦਾ ਹੈ ਅਤੇ ਨਾ ਹੀ ਰੋਜ਼ਾਨਾ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਪ੍ਰਦਾਨ ਕਰਦਾ ਹੈ। ਇਹ ਯਕੀਨੀ ਤੌਰ 'ਤੇ ਇੱਕ ਲੋਕਤੰਤਰੀ ਪ੍ਰਕਿਰਿਆ ਦਾ ਹਿੱਸਾ ਹੈ, ਪਰ ਆਮ ਆਦਮੀ ਲਈ ਇਸਦੀ ਮਹੱਤਤਾ ਉਦੋਂ ਵਧਦੀ ਹੈ ਜਦੋਂ ਇਸਦੇ ਨਤੀਜੇ ਠੋਸ ਨੀਤੀਆਂ ਅਤੇ ਜ਼ਮੀਨੀ ਤਬਦੀਲੀਆਂ ਵਿੱਚ ਪ੍ਰਤੀਬਿੰਬਤ ਹੁੰਦੇ ਹਨ। ਇਸ ਲਈ ਹੁਣ ਜਦੋਂ ਹੋਣ ਨਤੀਜੇ ਆਉਣਗੇ ਤਾਂ ਉਸ ਸਮੇਂ ਵੀ ਆਮ ਆਦਮੀ ਲਈ ਅਸਲ ਮੁੱਦੇ ਉਹੀ ਰਹਿਣਗੇ ਜਿਵੇਂ ਉਹ ਹਮੇਸ਼ਾ ਰਹੇ ਹਨ। ਭੋਜਨ ਦੀ ਕੀਮਤ, ਸਿਹਤ ਦੀ ਸੁਰੱਖਿਆ, ਅਤੇ ਜੀਵਨ ਦੀ ਸਥਿਰਤਾ। ਹਰ ਗਰੀਬ ਜਾਂ ਮੱਧਵਰਗੀ ਵਿਅਕਤੀ ਜਾਣਨਾ ਚਾਹੁੰਦਾ ਹੈ ਕਿ ਆਪਣੇ ਪਰਿਵਾਰ ਦੀ ਰੋਜ਼ੀ-ਰੋਟੀ ਨੂੰ ਕਿਵੇਂ ਬਿਹਤਰ ਬਣਾਇਆ ਜਾਵੇ? ਆਪਣੇ ਬੱਚਿਆਂ ਲਈ ਸੁਚਾਰੂ ਸਿੱਖਿਆ ਕਿਵੇਂ ਯਕੀਨੀ ਬਣਾਈ ਜਾਵੇ? ਅਤੇ ਬਿਮਾਰੀ ਦੀ ਸਥਿਤੀ ਵਿੱਚ ਪਹੁੰਚਯੋਗ ਅਤੇ ਕਿਫਾਇਤੀ ਇਲਾਜ ਕਿਵੇਂ ਯਕੀਨੀ ਬਣਾਇਆ ਜਾਵੇ? ਚੋਣਾਂ ਦੇ ਰੌਲੇ-ਰੱਪੇ ਦੇ ਵਿਚਕਾਰ, ਇਹ ਸੱਚਾਈ ਅਕਸਰ ਸਭ ਤੋਂ ਮੱਧਮ ਸੁਣਾਈ ਦਿੰਦੀ ਹੈ। ਪਰ ਇਹ ਸਭ ਤੋਂ ਮੱਧਮ ਆਵਾਜ਼ ਹੀ ਸਭ ਤੋਂ ਸਥਾਈ ਅਤੇ ਅਸਲੀ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਲੋਕਤੰਤਰ ਦਾ ਅਸਲ ਮੁੱਲ ਸਿਰਫ਼ ਚੋਣਾਂ ਵਿੱਚ ਹੀ ਨਹੀਂ, ਸਗੋਂ ਆਮ ਆਦਮੀ ਦੇ ਜੀਵਨ ਵਿੱਚ ਹੈ, ਜਿਸਦੀਆਂ ਉਮੀਦਾਂ ਸਧਾਰਨ ਹਨ ਪਰ ਇਸਦੇ ਲਈ ਉਨ੍ਹਾਂ ਦੀ ਮਹੱਤਤਾ ਸਭ ਤੋਂ ਵੱਧ ਹੈ। ਜਿਸ ਵੀ ਸੂਬੇ ਦੇ ਚੋਣ ਨਤੀਜੇ ਜੋ ਵੀ ਆਉਣ, ਜਿਸ ਵੀ ਪਾਰਟੀ ਨੂੰ ਬਹੁਮਤ ਮਿਲੇ ਅਤੇ ਉਹ ਉਥੇ ਸਰਕਾਰ ਬਣਾਵੇ, ਅਸੀਂ ਸਮਝਦੇ ਹਾਂ ਕਿ ਉਸਨੂੰ ਆਮ ਆਦਮੀ ਦੀਆਂ ਉਹਨਾਂ ਸਧਾਰਨ ਲੋੜਾਂ ਅਤੇ ਉਮੀਦਾਂ ਦੀ ਅਵਾਜ਼ ਸੁਣਨ ਲਈ ਆਪਣੇ ਕੰਨ ਖੋਲ੍ਹ ਕੇ ਰਖਣੇ ਚਾਹੀਦੇ ਹਨਅਤੇ ਉਹਨਾਂ ਦੀ ਪੂਰਤੀ ਲਈ ਕੰਮ ਕਰਨਾ ਚਾਹੀਦਾ ਹੈ। ਨਾ ਕਿ ਚੋਣ ਨਤੀਜੇ ਦੇ ਸ਼ੋਰ ਹੇਠ ਆਮ ਆਦਮੀ ਦੀਆਂ ਲੋੜਾਂ ਦੀ ਆਵਾਜ਼ ਦਬਾ ਕੇ ਹੀ ਰੱਖ ਦਿੱਤੀ ਜਾਵੇ।



**- ਅਸ਼ਵਨੀ ਜੇਤਲੀ**

# ਆਟੀਜ਼ਮ ਸਿਰਫ ਥੈਰੇਪੀ ਹੀ ਨਹੀਂ, ਮੈਨੇਜਮੈਂਟ ਵਿੱਚ ਮਾਪਿਆਂ ਦੀ ਭੂਮਿਕਾ ਸਭ ਤੋਂ ਅਹਿਮ: ਡਾ. ਅਤੁਲ ਮਦਾਨ

ਜ਼ਿਕਰ ਪੰਜਾਬ

ਵਿਸ਼ਵ ਆਟੀਜ਼ਮ ਜਾਗਰੂਕਤਾ ਮਹੀਨੇ ਦੇ ਮੌਕੇ 'ਤੇ ਆਟੀਜ਼ਮ ਐਲਾਇੰਸ, ਲੁਧਿਆਣਾ ਦਾ ਦੌਰਾ ਸਿਰਫ ਇੱਕ ਰਿਪੋਰਟਿੰਗ ਅਸਾਈਨਮੈਂਟ ਨਹੀਂ ਸੀ, ਸਗੋਂ ਇੱਕ ਐਸਾ ਅਨੁਭਵ ਬਣ ਗਿਆ ਜਿਸ ਨੇ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਇੱਕ ਮਾਪੇ ਆਪਣੇ ਬੱਚੇ ਲਈ ਕਿੰਨਾ ਕੁ ਕਰ ਸਕਦਾ ਹੈ। ਇੱਥੇ ਇਹ ਸਾਫ ਮਹਿਸੂਸ ਹੁੰਦਾ ਹੈ ਕਿ ਇਹ ਕੇਵਲ ਇੱਕ ਥੈਰੇਪੀ ਸੈਂਟਰ ਨਹੀਂ, ਬਲਕਿ ਉਮੀਦ, ਸੰਘਰਸ਼, ਸਿੱਖਣ ਅਤੇ ਜਜ਼ਬਾਤਾਂ ਨਾਲ ਭਰੀ ਇੱਕ ਜੀਵੰਤ ਯਾਤਰਾ ਹੈ—ਜਿੱਥੇ ਹਰ ਦਿਨ ਮਾਪੇ ਆਪਣੇ ਬੱਚਿਆਂ ਨਾਲ ਮਿਲ ਕੇ ਬਦਲਾਅ ਦੀ ਨਵੀਂ ਕਹਾਣੀ ਲਿਖ ਰਹੇ ਹਨ। ਸੈਂਟਰ ਦੇ ਕਮਰਿਆਂ ਵਿੱਚ ਦਾਖਲ ਹੁੰਦੇ ਹੀ ਇੱਕ ਵੱਖਰਾ ਹੀ ਦ੍ਰਿਸ਼ ਸਾਹਮਣੇ ਆਉਂਦਾ ਹੈ। ਬੱਚੇ ਸੈਸ਼ਨਾਂ ਵਿੱਚ ਵਿਆਸਤ ਸਨ, ਪਰ ਸਭ ਤੋਂ ਖਾਸ ਗੱਲ ਇਹ ਸੀ ਕਿ ਹਰ ਬੱਚੇ ਦੇ ਨਾਲ ਉਸਦਾ ਮਾਪੇ ਵੀ ਉਤਨੀ ਹੀ ਸ਼ਿਦਤ ਅਤੇ ਭਾਗੀਦਾਰੀ ਨਾਲ ਮੌਜੂਦ ਸੀ। ਕੋਈ ਆਪਣੇ ਬੱਚੇ ਨੂੰ ਨਿਰਦੇਸ਼ ਦੇ ਰਿਹਾ ਸੀ, ਕੋਈ ਥੈਰੇਪਿਸਟ ਤੋਂ ਸਿੱਖ ਰਿਹਾ ਸੀ, ਤਾਂ ਕੋਈ ਆਪਣੇ ਬੱਚੇ ਦੀ ਛੋਟੀ-ਜਿਹੀ ਪ੍ਰਤੀਕਿਰਿਆ 'ਤੇ ਭਾਵੁਕ ਹੋ ਕੇ ਮੁਸਕੁਰਾ ਰਿਹਾ ਸੀ। ਇੱਥੇ "ਥੈਰੇਪੀ"ਸਿਰਫ ਇੱਕ ਤਕਨੀਕ ਨਹੀਂ, ਬਲਕਿ ਰਿਸ਼ਤਿਆਂ, ਸਮਝ ਅਤੇ ਜੁੜਾਅ ਦਾ ਇੱਕ ਮਜ਼ਬੂਤ ਸਾਧਨ ਬਣ ਚੁੱਕੀ ਹੈ। ਆਟੀਜ਼ਮ ਐਲਾਇੰਸ ਦੇ ਮੈਨੇਜਿੰਗ ਡਾਇਰੈਕਟਰ ਡਾ. ਅਤੁਲ ਮਦਾਨ ਨਾਲ ਗੱਲਬਾਤ ਦੌਰਾਨ ਉਨ੍ਹਾਂ ਸਪਸ਼ਟ ਕਿਹਾ ਕਿ ਅਸਲੀ ਬਦਲਾਅ ਤਦੋਂ ਆਉਂਦਾ ਹੈ ਜਦੋਂ ਮਾਪੇ ਖੁਦ ਇਸ ਪ੍ਰਕਿਰਿਆ ਦਾ ਹਿੱਸਾ ਬਣਦੇ ਹਨ। ਉਨ੍ਹਾਂ ਦੇ ਅਨੁਸਾਰ, ਸਿਰਫ ਸੈਸ਼ਨਾਂ ਜਾਂ ਥੈਰੇਪੀਜ਼ ਨਾਲ ਸੀਮਿਤ ਸੁਧਾਰ ਹੀ ਸੰਭਵ ਹੈ, ਪਰ ਜਦੋਂ ਮਾਪੇ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਉਹੀ ਸਿੱਖਿਆ ਬੱਚੇ ਨਾਲ ਲਾਗੂ ਕਰਦੇ ਹਨ, ਤਦੋਂ ਅਸਲੀ ਤਬਦੀਲੀ ਦਿਖਾਈ ਦਿੰਦੀ ਹੈ। ਇਸੇ ਸੋਚ ਨਾਲ ਇੱਥੇ ਇੱਕ ਢਾਂਚਾਬੱਧ ਪੇਰੈਂਟ ਟ?ਰੇਨਿੰਗ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ, ਜਿੱਥੇ ਪਹਿਲੇ ਦਿਨ ਤੋਂ ਹੀ ਮਾਪੇ, ਥੈਰੇਪਿਸਟ ਅਤੇ ਬੱਚਾ ਇੱਕ ਟੀਮ ਵਾਂਗ ਕੰਮ ਕਰਦੇ ਹਨ। ਇਸ ਦੌਰਾਨ ਸਾਡੀ ਮੁਲਾਕਾਤ ਪ੍ਰਯਾਗਰਾਜ ਤੋਂ ਆਏ ਇੱਕ ਜੋੜੇ—ਦੀਕਸ਼ਾ ਅਤੇ ਸ਼ਿਵਮ—ਨਾਲ ਹੋਈ, ਜਿਨ੍ਹਾਂ ਨੇ ਆਪਣੀ ਸਾਢੇ ਪੰਜ ਸਾਲ ਦੀ ਧੀ ਕਾਸ਼ਵੀ ਲਈ ਆਪਣੀ ਪੂਰੀ ਜੀਵਨ ਸ਼ੈਲੀ ਬਦਲ ਦਿੱਤੀ। ਇਹ ਫੈਸਲਾ ਉਨ੍ਹਾਂ ਲਈ ਆਸਾਨ ਨਹੀਂ ਸੀ। ਸ਼ਿਵਮ ਨੇ ਆਪਣਾ ਸਥਾਪਿਤ ਕਾਰੋਬਾਰ ਛੱਡਿਆ ਅਤੇ ਦੀਕਸ਼ਾ ਨੇ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫਾ ਦਿੱਤਾ। ਇੱਕ ਸੁਰੱਖਿਅਤ ਅਤੇ ਸਥਿਰ ਜੀਵਨ ਨੂੰ ਪਿੱਛੇ ਛੱਡਣਾ ਕਿਸੇ ਵੀ ਪਰਿਵਾਰ ਲਈ ਮੁਸ਼ਕਲ ਹੁੰਦਾ ਹੈ, ਪਰ ਇੱਕ ਮਾਪੇ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੀ ਧੀ ਦੀ ਲੋੜ ਨੂੰ ਸਭ ਤੋਂ ਉੱਪਰ ਰੱਖਿਆ। ਇਹ ਕੇਵਲ ਇੱਕ ਫੈਸਲਾ ਨਹੀਂ ਸੀ, ਬਲਕਿ ਜਜ਼ਬਾਤੀ ਸੰਘਰਸ਼ ਨਾਲ ਭਰਿਆ ਕਦਮ ਸੀ। ਸ਼ਿਵਮ ਦੱਸਦੇ ਹਨ ਕਿ ਸ਼ੁਰੂਆਤੀ ਸਾਲਾਂ ਵਿੱਚ ਉਹ ਇਕ ਤਰ੍ਹਾਂ ਦੇ ਇਨਕਾਰ ਵਿੱਚ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਬੱਚੀ ਦੇਰ ਨਾਲ ਬੋਲੇਗੀ ਅਤੇ



ਸਭ ਕੁਝ ਠੀਕ ਹੋ ਜਾਵੇਗਾ। ਪਰਿਵਾਰ ਅਤੇ ਸਮਾਜ ਦੀਆਂ ਧਾਰਣਾਵਾਂ ਨੇ ਵੀ ਇਹੀ ਵਿਸ਼ਵਾਸ ਬਣਾਇਆ ਰੱਖਿਆ। ਦੀਕਸ਼ਾ ਦੱਸਦੀ ਹੈ ਕਿ ਕਾਸ਼ਵੀ ਰਾਈਮਜ਼ ਅਤੇ ਏਬੀਸੀ ਬੋਲਦੀ ਸੀ, ਜਿਸ ਨਾਲ ਉਹਨਾਂ ਨੂੰ ਲੱਗਦਾ ਸੀ ਕਿ ਸਭ ਕੁਝ ਸਧਾਰਣ ਹੈ, ਪਰ ਬਾਅਦ ਵਿੱਚ ਸਮਝ ਆਇਆ ਕਿ ਇਹ ਕੇਵਲ ਸਕਰੀਨ ਦਾ ਪ੍ਰਭਾਵ ਸੀ, ਅਸਲੀ ਸਮਝ ਨਹੀਂ। ਕੋਵਿਡ ਦੌਰਾਨ ਲੰਬੇ ਸਮੇਂ ਤੱਕ ਮੋਬਾਈਲ ਅਤੇ ਟੀਵੀ ਦੇ ਸੰਪਰਕ ਨੇ ਹਾਲਤ ਨੂੰ ਹੋਰ ਜਟਿਲ ਕਰ ਦਿੱਤਾ। ਜਦੋਂ ਕਾਸ਼ਵੀ ਚਾਰ ਸਾਲ ਦੀ ਹੋਈ ਅਤੇ ਸਕੂਲ ਵਿੱਚ ਦਾਖਲੇ ਦਾ ਸਮਾਂ ਆਇਆ, ਤਾਂ ਅਧਿਆਪਕਾਂ ਦੀ ਸਲਾਹ 'ਤੇ ਜਾਂਚ ਕਰਵਾਈ ਗਈ। ਇਹ ਪਲ ਪਰਿਵਾਰ ਲਈ ਬਹੁਤ ਮੁਸ਼ਕਲ ਸੀ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਚਾਰ ਸਾਲ ਸਿਰਫ ਇਹ ਸਮਝਣ ਵਿੱਚ ਲੰਘ ਗਏ ਕਿ ਸਮੱਸਿਆ ਕੀ ਹੈ। ਡਾਇਗਨੋਸਿਸ ਤੋਂ ਬਾਅਦ ਉਨ੍ਹਾਂ ਨੂੰ ਲੱਗਿਆ ਜਿਵੇਂ ਸਭ ਕੁਝ ਠਹਿਰ ਗਿਆ ਹੋਵੇ। ਜਦੋਂ ਕਾਸ਼ਵੀ ਪਹਿਲੀ ਵਾਰ ਆਟੀਜ਼ਮ ਐਲਾਇੰਸ ਆਈ, ਉਸ ਦੀ ਸਥਿਤੀ ਕਾਫੀ ਚੁਣੌਤੀਪੂਰਨ ਸੀ। ਉਹ ਆਪਣੇ ਹੀ ਸੰਸਾਰ ਵਿੱਚ ਰਹਿੰਦੀ ਸੀ, ਵਾਰ-ਵਾਰ ਇੱਕੋ ਜਿਹੇ ਵਿਹਾਰ ਕਰਦੀ ਸੀ, ਤੇਜ਼ ਆਵਾਜ਼ 'ਤੇ ਕੰਨਾਂ ਨੂੰ ਢੱਕ ਲੈਂਦੀ ਸੀ, ਖੁਸ਼ ਹੋਣ 'ਤੇ ਹੱਥ ਫੜਫੜਾਉਂਦੀ ਸੀ, ਇੱਕ ਥਾਂ ਟਿਕ ਕੇ ਨਹੀਂ ਬੈਠਦੀ ਸੀ ਅਤੇ ਉਸਦਾ ਧਿਆਨ ਤੇ ਜੁੜਾਅ ਬਹੁਤ ਘੱਟ ਸੀ। ਮਾਪਿਆਂ ਲਈ ਇਹ ਸਮਝਣਾ ਔਖਾ ਸੀ ਕਿ ਸ਼ੁਰੂਆਤ ਕਿੱਥੋਂ ਕੀਤੀ ਜਾਵੇ। ਉਨ੍ਹਾਂ ਨੇ ਕਈ ਥਾਵਾਂ 'ਤੇ ਥੈਰੇਪੀਜ਼ ਕਰਵਾਈਆਂ, ਪਰ ਸਪਸ਼ਟ ਦਿਸ਼ਾ ਨਹੀਂ ਮਿਲੀ। ਇਸ ਦੌਰਾਨ ਉਨ੍ਹਾਂ ਨੇ ਸੋਸ਼ਲ ਮੀਡੀਆ ਰਾਹੀਂ ਡਾ. ਅਤੁਲ ਮਦਾਨ ਬਾਰੇ ਜਾਣਿਆ ਅਤੇ ਇੱਕ ਆਨਲਾਈਨ ਗੱਲਬਾਤ ਤੋਂ ਬਾਅਦ ਲੁਧਿਆਣਾ ਆਉਣ ਦਾ ਫੈਸਲਾ ਕੀਤਾ। ਦੀਕਸ਼ਾ ਦੱਸਦੀ ਹੈ ਕਿ ਇੱਥੇ ਆ ਕੇ ਪਹਿਲੀ ਵਾਰ ਉਨ੍ਹਾਂ ਨੂੰ ਲੱਗਾ ਕਿ ਕੋਈ ਮਾਪਿਆਂ ਦੀ ਅਸਲ ਲੋੜ ਨੂੰ ਸਮਝ ਰਿਹਾ ਹੈ। ਇੱਥੇ ਸਿਰਫ ਬੱਚੇ 'ਤੇ ਹੀ ਨਹੀਂ, ਸਗੋਂ ਮਾਪਿਆਂ ਨੂੰ ਵੀ ਤਿਆਰ ਕੀਤਾ ਜਾਂਦਾ ਹੈ। ਇਹ ਅਨੁਭਵ ਉਨ੍ਹਾਂ ਲਈ ਬਹੁਤ ਸਸ਼ਕਤੀਕਰਨ ਵਾਲਾ ਸੀ ਅਤੇ ਉਨ੍ਹਾਂ ਨੇ ਲੁਧਿਆਣਾ ਵਿੱਚ ਸ਼ਿਫਟ ਹੋਣ ਦਾ ਫੈਸਲਾ ਕੀਤਾ। ਕੇਵਲ ਛੇ ਮਹੀਨਿਆਂ ਵਿੱਚ ਉਨ੍ਹਾਂ ਨੇ ਆਪਣੀ ਧੀ ਵਿੱਚ ਜੋ ਬਦਲਾਅ ਵੇਖਿਆ, ਉਹ ਉਨ੍ਹਾਂ ਲਈ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਕਾਸ਼ਵੀ ਹੁਣ ਲੋਕਾਂ ਨਾਲ ਜੁੜਨ ਲੱਗੀ ਹੈ, ਬੱਚਿਆਂ ਵਿੱਚ ਦਿਲਚਸਪੀ ਦਿਖਾਉਂਦੀ ਹੈ, ਉਸਦਾ ਧਿਆਨ ਵਧਿਆ ਹੈ ਅਤੇ ਉਹ ਪਹਿਲਾਂ ਨਾਲੋਂ ਜ਼ਿਆਦਾ ਸ਼ਾਂਤ ਅਤੇ ਸਥਿਰ ਦਿਖਾਈ ਦਿੰਦੀ ਹੈ। ਛੋਟੇ-ਛੋਟੇ ਨਿਰਦੇਸ਼ਾਂ 'ਤੇ ਉਸਦਾ ਪ੍ਰਤੀਕਿਰਿਆ ਦੇਣਾ ਵੀ ਸ਼ੁਰੂ ਹੋ ਗਿਆ ਹੈ। ਇਸ ਯਾਤਰਾ ਦਾ ਸਭ ਤੋਂ ਭਾਵੁਕ ਪਲ ਤਦੋਂ ਆਇਆ ਜਦੋਂ ਦੀਕਸ਼ਾ ਨੇ ਕਿਹਾ—"ਸਿਰਫ ਥੈਰੇਪੀ ਨਾਲ ਨਹੀਂ ਹੋਵੇਗਾ।"ਉਨ੍ਹਾਂ ਦੇ ਮੁਤਾਬਕ ਬੱਚਾ ਸਭ ਤੋਂ ਵੱਧ ਸਮਾਂ ਆਪਣੇ ਮਾਪਿਆਂ ਨਾਲ ਬਿਤਾਉਂਦਾ ਹੈ, ਇਸ ਲਈ ਜੇ ਘਰ ਵਿੱਚ ਉਹੀ ਦਿਸ਼ਾ ਵਿੱਚ ਕੰਮ ਨਾ ਹੋਵੇ, ਤਾਂ ਪੂਰਾ ਬਦਲਾਅ ਸੰਭਵ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਹਨ ਕਿ ਉਨ੍ਹਾਂ ਨੂੰ ਡਾ. ਅਤੁਲ ਅਤੇ ਉਨ੍ਹਾਂ ਦੀ ਟੀਮ ਨਾਲ ਜੁੜਨ ਦਾ ਮੌਕਾ ਮਿਲਿਆ। ਉਨ੍ਹਾਂ ਲਈ ਇਹ ਟੀਮ ਹੁਣ ਇੱਕ ਪਰਿਵਾਰ ਵਰਗੀ ਬਣ ਗਈ ਹੈ। ਇਹ ਕਹਾਣੀ ਸਿਰਫ ਇੱਕ ਪਰਿਵਾਰ ਦੀ ਨਹੀਂ, ਸਗੋਂ ਹਰ ਉਸ ਮਾਪੇ ਲਈ ਇੱਕ ਸੰਦੇਸ਼ ਹੈ ਜੋ ਅਜੇ ਵੀ ਅਸਮੰਜਸ ਵਿੱਚ ਹੈ। ਇਹ ਸਪਸ਼ਟ ਕਰਦੀ ਹੈ ਕਿ ਅਰਲੀ ਇੰਟਰਵੇਂਸ਼ਨ ਅਤੇ ਮਾਪਿਆਂ ਦੀ ਸਰਗਰਮ ਭਾਗੀਦਾਰੀ ਹੀ ਬੱਚਿਆਂ ਨੂੰ ਉਨ੍ਹਾਂ ਦੀ ਅਸਲੀ ਸਮਰੱਥਾ ਤੱਕ ਪਹੁੰਚਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਰਸਤਾ ਹੈ। ਡਾ. ਅਤੁਲ ਮਦਾਨ ਦੇ ਅਨੁਸਾਰ, ਇੱਕ ਅਮਰੀਕੀ ਸਰਵੇ ਮੁਤਾਬਕ ਹਰ 31 ਬੱਚਿਆਂ ਵਿੱਚੋਂ 1 ਬੱਚਾ ਆਟੀਜ਼ਮ ਸਪੈਕਟ੍ਰਮ ਡਿਸਆਰਡਰ ਨਾਲ ਪ੍ਰਭਾਵਿਤ ਹੈ, ਜੋ ਸਮਾਜ ਲਈ ਇੱਕ ਚੇਤਾਵਨੀ ਹੈ ਕਿ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਲਈ ਵੱਡੇ ਪੱਧਰ 'ਤੇ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਇਹ ਵਿਸ਼ੇਸ਼ ਫੀਚਰ ਸਿਰਫ ਇੱਕ ਰਿਪੋਰਟ ਨਹੀਂ, ਸਗੋਂ ਇੱਕ ਅਪੀਲ ਹੈ—ਹਰ ਮਾਪੇ, ਹਰ ਪਰਿਵਾਰ ਅਤੇ ਪੂਰੇ ਸਮਾਜ ਲਈ—ਕਿ ਅਸੀਂ ਜਾਗਰੂਕ ਬਣੀਏ, ਸਵੀਕਾਰ ਕਰੀਏ ਅਤੇ ਮਿਲ ਕੇ ਇੱਕ ਐਸਾ ਵਾਤਾਵਰਣ ਤਿਆਰ ਕਰੀਏ ਜਿੱਥੇ ਹਰ ਬੱਚਾ ਆਪਣੀ ਪੂਰੀ ਸਮਰੱਥਾ ਨਾਲ ਅੱਗੇ ਵੱਧ ਸਕੇ।

**(ਇਹ ਵਿਸ਼ੇਸ਼ ਲੇਖ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਅਤੇ ਇੱਕ ਹੋਰ ਸੰਵੇਦਨਸ਼ੀਲ ਅਤੇ ਸਮਾਵੇਸ਼ੀ ਵਾਤਾਵਰਣ ਬਣਾਉਣ ਦੇ ਉਦੇਸ਼ ਨਾਲ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।)**

**ਪੇਸ਼ਕਸ਼ : ਸੁਰਜੀਤ ਸਿੰਘ**


# ਬੁੱਧ ਪੂਰਨਿਮਾ - ਦਇਆ ਦਾ ਸੁਨੇਹਾ

ਜ਼ਿਕਰ ਪੰਜਾਬ

ਚਿੱਤਰ ਪੂਰਨਿਮਾ ਦੇ ਸ਼ੁਭ ਮੌਕੇ 'ਤੇ, ਜਦੋਂ ਮੰਦਰਾਂ ਵਿੱਚ ਤਿਉਹਾਰ ਮਨਾਏ ਜਾ ਰਹੇ ਹਨ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹਰ ਘਰ ਵਿੱਚ ਖੁਸ਼ੀ ਅਤੇ ਖੁਸ਼ਹਾਲੀ ਆਵੇ। ਬੁੱਧ ਪੂਰਨਿਮਾ ਦੇ ਮੌਕੇ 'ਤੇ ਆਪਣੇ ਸਾਰੇ ਭਰਾਵਾਂ ਅਤੇ ਭੈਣਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ। ਭਾਰਤ ਨੇ ਦੁਨੀਆ ਨੂੰ ਦਿੱਤੇ ਗਏ ਬਹੁਤ ਸਾਰੇ ਤੋਹਫ਼ਿਆਂ ਵਿੱਚੋਂ, ਬੁੱਧ ਧਰਮ ਸਰਵਉੱਚ ਹੈ। ਭਗਵਾਨ ਬੁੱਧ ਦਾ ਜੀਵਨ ਅਤੇ ਸਿੱਖਿਆਵਾਂ ਅੱਜ ਵੀ ਦੁਨੀਆ ਭਰ ਦੇ ਲੱਖਾਂ ਲੋਕਾਂ ਦੇ ਜੀਵਨ ਨੂੰ ਰੌਸ਼ਨ ਕਰਦੀਆਂ ਰਹਿੰਦੀਆਂ ਹਨ। ਭਾਰਤ ਨੇ ਦੁਨੀਆ ਨੂੰ ਆਤਮ-ਅਹਿਸਾਸ ਦੀ ਮਹੱਤਤਾ ਸਿਖਾਈ। ਬੁੱਧ ਸ਼ਬਦ ਹੀ ਜਾਗ੍ਰਿਤ ਵਿਅਕਤੀ ਨੂੰ ਦਰਸਾਉਂਦਾ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿ ਮਨੁੱਖਤਾ ਨੂੰ ਆਤਮ-ਬੋਧ ਦਾ ਮਾਰਗ ਦਿਖਾਉਣ ਵਾਲੀ ਇਸ ਮਹਾਨ ਆਤਮਾ ਦਾ ਜਨਮ ਅਤੇ ਗਿਆਨ ਦੀ ਪ੍ਰਾਪਤੀ ਦੋਵੇਂ ਇੱਕੋ ਦਿਨ ਹੋਏ। ਰਾਜਕੁਮਾਰ ਸਿਧਾਰਥ ਦਾ ਪਾਲਣ-ਪੋਸ਼ਣ ਵਿਲਾਸ ਅਤੇ ਅਮੀਰੀ ਦਰਮਿਆਨ ਹੋਇਆ ਸੀ। 29 ਸਾਲ ਦੀ ਉਮਰ ਵਿੱਚ, ਉਨ੍ਹਾਂ ਨੇ ਅਧਿਆਤਮਕ ਸੱਚ ਦੀ ਖੋਜ ਵਿੱਚ ਯਾਤਰਾ ਸ਼ੁਰੂ ਕਰਨ ਲਈ ਆਪਣੇ ਮਹਿਲ, ਆਪਣੀ ਪਤਨੀ, ਆਪਣੇ ਪੁੱਤਰ ਅਤੇ ਆਪਣੀਆਂ ਸਾਰੀਆਂ ਸੰਸਾਰਿਕ ਸੰਪਤੀਆਂ ਦਾ ਤਿਆਗ ਕਰ ਦਿੱਤਾ। ਛੇ ਸਾਲਾਂ ਦੀ ਤੀਬਰ ਖੋਜ ਤੋਂ ਬਾਅਦ, ਉਨ੍ਹਾਂ ਬੋਧ ਗਯਾ ਵਿੱਚ ਬੋਧੀ ਰੁੱਖ ਦੇ ਹੇਠਾਂ ਪਰਮ ਗਿਆਨ ਪ੍ਰਾਪਤ ਕੀਤਾ ਅਤੇ ਬੁੱਧ ਬਣ ਗਏ। ਚਾਰ ਮਹਾਨ ਸੱਚਾਈਆਂ ਦੀ ਪ੍ਰਾਪਤੀ ਅਤੇ ਨੈਤਿਕ ਆਚਰਣ ਦੇ ਮਾਰਗ ਨੇ ਇੱਕ ਨਵੇਂ ਦਰਸ਼ਨ ਦੀ ਸ਼ੁਰੂਆਤ ਕੀਤੀ, ਜਿਸਨੇ ਵਿਸ਼ਵ ਇਤਿਹਾਸ ਵਿੱਚ ਭਾਰਤ ਦੀ ਸ਼ਾਨ ਨੂੰ ਬੇਮਿਸਾਲ ਉਚਾਈਆਂ ਤੱਕ ਬੁਲੰਦ ਕੀਤਾ। ਵਾਰਾਣਸੀ ਦੇ ਨੇੜੇ ਸਾਰਨਾਥ ਵਿਖੇ, ਉਨ੍ਹਾਂ ਆਪਣਾ ਪਹਿਲਾ ਉਪਦੇਸ਼ ਪੰਜ ਤਪੱਸਵੀਆਂ ਨੂੰ ਦਿੱਤਾ। ਧਰਮਚਕ੍ਰ ਪ੍ਰਵਰਤਨ ਵਜੋਂ ਜਾਣਿਆ ਜਾਂਦੇ ਇਸ ਉਪਦੇਸ਼ ਨੇ ਬੁੱਧ ਧਰਮ ਦੀ ਨੀਂਹ ਰੱਖੀ ਅਤੇ ਬੋਧੀ ਪਰੰਪਰਾ ਦੀ ਰਸਮੀ ਸ਼ੁਰੂਆਤ ਨੂੰ ਦਰਸਾਇਆ। ਸਮੇਂ ਦੇ ਨਾਲ, ਅਣਗਿਣਤ ਲੋਕ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋਏ। ਮਗਧ ਦੇ ਰਾਜਾ ਬਿੰਬੀਸਾਰ ਨੇ ਰਾਜਗੀਰ ਵਿੱਚ ਵੇਲੂਵਨ (ਬਾਂਸ ਦਾ ਜੰਗਲ) ਵਿਹਾਰ ਦਾਨ ਕੀਤਾ। ਧਨੀ ਅਨਾਥਪਿੰਡਿਕਾ ਨੇ ਇੱਕ ਵਿਹਾਰ (ਮੱਠ) ਦੇ ਨਿਰਮਾਣ ਲਈ ਫੰਡ ਦੇਣ ਲਈ ਪੂਰੇ ਜੇਤਵਨ ਦੇ ਜੰਗਲ ਨੂੰ ਸੋਨੇ ਦੇ ਸਿੱਕਿਆਂ ਨਾਲ ਢੱਕ ਦਿੱਤਾ। ਅਜਿਹੇ ਕੰਮ ਭਾਰਤ ਵਿੱਚ ਲੰਬੇ ਸਮੇਂ ਤੋਂ ਪ੍ਰਚਲਿਤ ਧਾਰਮਿਕਤਾ ਵਿੱਚ ਡੂੰਘੇ ਵਿਸ਼ਵਾਸ ਦੀ ਉਦਾਹਰਣ ਦਿੰਦੇ ਹਨ। ਇਨ੍ਹਾਂ ਵਿਹਾਰਾਂ ਰਾਹੀਂ, ਚਾਰ ਮਹਾਨ ਸੱਚਾਈਆਂ ਦਾ ਪ੍ਰਚਾਰ ਕੀਤਾ ਜਾਂਦਾ ਹੈ: ਇੱਛਾ ਦੁੱਖਾਂ ਦੀ ਜੜ੍ਹ ਹੈ; ਇੱਛਾ ਨੂੰ ਤਿਆਗ ਕੇ ਦੁੱਖਾਂ ਨੂੰ ਦੂਰ ਕੀਤਾ ਜਾ ਸਕਦਾ ਹੈ; ਅਤੇ ਦੁੱਖਾਂ ਤੋਂ ਮੁਕਤ ਜੀਵਨ ਅਸ਼ਟਾਂਗ ਮਾਰਗ 'ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਬੁੱਧ ਨੇ ਸਲਾਹ ਦਿੱਤੀ: ਅਤੀਤ ਬਾਰੇ ਨਾ ਸੋਚੋ; ਵਰਤਮਾਨ ਵਿੱਚ ਜੀਓ। ਇਮਾਨਦਾਰੀ ਵਿੱਚ ਬਹੁਤ ਸ਼ਕਤੀ ਹੈ। ਮਨ ਸਾਰੇ ਕੰਮਾਂ ਦੀ ਜੜ੍ਹ ਹੈ; ਇਸ ਲਈ, ਸਕਾਰਾਤਮਕ ਸੋਚ ਪੈਦਾ ਕਰੋ। ਮੁਸ਼ਕਲ ਸਮੇਂ ਦੌਰਾਨ ਡਰ ਕੇ ਪਿੱਛੇ ਨਾ ਹਟੋ। ਜੀਵਨ ਦੀ ਯਾਤਰਾ ਅੰਤ ਵਿੱਚ ਇੱਕ ਨਿੱਜੀ ਯਾਤਰਾ ਹੈ; ਇਸ ਲਈ, ਇਸਨੂੰ ਅਧਿਆਤਮਕ ਮਾਰਗ 'ਤੇ ਅੱਗੇ ਵਧਾਓ। ਸ਼ਬਦਾਂ ਵਿੱਚ ਜ਼ਖ਼ਮ ਦੇਣ ਦੀ ਸ਼ਕਤੀ ਹੁੰਦੀ ਹੈ; ਇਸ ਲਈ, ਨਰਮੀ ਨਾਲ ਬੋਲੋ। ਪਿਆਰ ਅਤੇ ਅਹਿੰਸਾ ਜ਼ਰੂਰੀ ਹਨ। ਨਿਰੰਤਰ ਸਿੱਖਦੇ ਰਹੋ; ਕਦੇ ਨਾ ਰੁਕੋ। ਬੋਧੀ ਦਰਸ਼ਨ ਨੂੰ ਮਨੀਮੇਕਲਾਈ ਅਤੇ ਕੁੰਡਲਕੇਸ਼ੀ ਵਰਗੇ ਤਾਮਿਲ ਸਾਹਿਤਕ ਗ੍ਰੰਥਾਂ ਵਿੱਚ ਸ਼ਾਨਦਾਰ ਸੁੰਦਰਤਾ ਨਾਲ ਦਰਸਾਇਆ ਗਿਆ ਹੈ। ਹਾਲਾਂਕਿ ਸਮੇਂ ਦੇ ਬੀਤਣ ਨਾਲ ਬਹੁਤ ਸਾਰੇ ਪ੍ਰਾਚੀਨ ਗ੍ਰੰਥ ਗੁਆਚ ਗਏ ਹਨ, ਪਰ ਉਨ੍ਹਾਂ ਦਾ ਯੋਗਦਾਨ ਅਨਮੋਲ ਬਣਿਆ ਹੋਇਆ ਹੈ। "ਸ਼ਰਾਬ ਜੋ ਮਨ ਨੂੰ ਭਰਮ 'ਚ ਪਾਉਂਦੀ ਹੈ ਅਤੇ ਜੀਵ ਹਿੰਸਾ ਬੁੱਧੀਮਾਨ, ਮੋਹ ਤੋਂ ਮੁਕਤ ਹੋ ਕੇ, ਇਨ੍ਹਾਂ ਦਾ ਤਿਆਗ ਕਰਦੇ ਹਨ, ਸੁਣੋ: ਜਨਮ ਅਤੇ ਮੌਤ, ਅਤੇ ਮੌਤ ਤੋਂ ਬਾਅਦ ਪੁਨਰਜਨਮ, ਨੀਂਦ ਅਤੇ ਜਾਗਣ ਦੇ ਸਮਾਨ ਹਨ ਇਹੀ ਸੱਚ ਹੈ। ਜੋ ਧਰਮ



ਕਮਾਉਂਦੇ ਹਨ, ਉਹ ਸ਼੍ਰੇਸ਼ਠ ਲੋਕ ਨੂੰ ਪ੍ਰਾਪਤ ਹੁੰਦੇ ਹਨ ਅਤੇ ਜੋ ਅਧਰਮ ਕਰਦੇ ਹਨ, ਉਹ ਡੂੰਘੇ ਦੁੱਖ ਵਿੱਚ ਡਿੱਗਦੇ ਹਨ। ਇਸ ਸੱਚ ਨੂੰ ਸਮਝ ਕੇ ਵਿਵੇਕੀ ਲੋਕ ਆਪਣੇ ਸਾਰੇ ਬੰਧਨਾਂ ਨੂੰ ਤੋੜ ਦੇਂਦੇ ਹਨ। ਇਸ ਤਰ੍ਹਾਂ, ਮਹਾਂਕਾਵਿ ਮਨੀਮੇਕਲਾਈ (ਅਥਿਰੈ ਪਿਚੈਯਿਟਾ ਕਾਥੈ : 84-90) ਬੁੱਧ ਧਰਮ ਦੇ ਸਾਰ ਨੂੰ ਸਪੱਸ਼ਟ ਕਰਦਾ ਹੈ। ਉਨ੍ਹਾਂ ਪੰਜ ਨੈਤਿਕ ਸਿਧਾਂਤਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ: ਅਹਿੰਸਾ, ਚੋਰੀ ਨਾ ਕਰਨਾ, ਜਿਣਸੀ ਦੁਰਾਚਾਰ ਤੋਂ ਪਰਹੇਜ਼ ਕਰਨਾ, ਸੱਚ ਬੋਲਣਾ ਅਤੇ ਨਸ਼ਿਆਂ ਤੋਂ ਪਰਹੇਜ਼ ਕਰਨਾ। ਸਿਰਫ਼ ਧਾਰਮਿਕ ਸਿਧਾਂਤ ਤੋਂ ਅੱਗੇ ਜਾ ਕੇ, ਉਨ੍ਹਾਂ ਸਿਖਾਇਆ ਕਿ ਮਨ ਸਾਰੀਆਂ ਚੀਜ਼ਾਂ ਦੀ ਜੜ੍ਹ ਹੈ। ਸਿਰਫ਼ ਸਕਾਰਾਤਮਕ ਵਿਚਾਰ ਅਤੇ ਨੇਕ ਕੰਮ ਹੀ ਵਿਅਕਤੀ ਅਤੇ ਸਮਾਜ ਦੇ ਅੰਦਰ ਸੰਤੁਲਨ ਅਤੇ ਸ਼ਾਂਤੀ ਲਿਆ ਸਕਦੇ ਹਨ। ਬੇਚੈਨ ਮਨ ਨੂੰ ਬੁੱਧੀ ਅਤੇ ਸਪੱਸ਼ਟਤਾ ਪ੍ਰਦਾਨ ਕਰਨ ਲਈ, ਉਨ੍ਹਾਂ ਨੂੰ ਏਸ਼ੀਆ ਦਾ ਚਾਨਣ ਕਿਹਾ ਜਾਂਦਾ ਹੈ। ਮੈਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਮਨ ਕੀ ਬਾਤ ਪ੍ਰੋਗਰਾਮ ਦੌਰਾਨ ਆਖੇ ਗਏ ਸ਼ਬਦ ਯਾਦ ਆ ਰਹੇ ਹਨ, 'ਭਗਵਾਨ ਗੌਤਮ ਬੁੱਧ ਦੇ ਜੀਵਨ ਦਾ ਸੁਨੇਹਾ ਅੱਜ ਵੀ ਓਨਾ ਹੀ ਸਾਰਥਕ ਹੈ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਸ਼ਾਂਤੀ ਸਾਡੇ ਅੰਦਰੋਂ ਸ਼ੁਰੂ ਹੁੰਦੀ ਹੈ; ਉਨ੍ਹਾਂ ਨੇ ਸਾਨੂੰ ਇਹ ਅਹਿਸਾਸ ਕਰਵਾਇਆ ਕਿ ਆਪਣੇ ਆਪ ਨੂੰ ਜਿੱਤਣਾ ਸਭ ਤੋਂ ਵੱਡੀ ਜਿੱਤ ਹੈ। ਅੱਜ, ਜਿਵੇਂ ਕਿ ਦੁਨੀਆ ਤਣਾਅ ਅਤੇ ਟਕਰਾਅ ਦੇ ਦੌਰ ਵਿੱਚੋਂ ਲੰਘ ਰਹੀ ਹੈ, ਬੁੱਧ ਦੀਆਂ ਸਿੱਖਿਆਵਾਂ ਹੋਰ ਵੀ ਮਹੱਤਵਪੂਰਨ ਹੋ ਗਈਆਂ ਹਨ।' ਬੁੱਧ ਦੀਆਂ ਸਿੱਖਿਆਵਾਂ ਦੀ ਪਰਿਵਰਤਨਸ਼ੀਲ ਤਾਕਤ ਇਸ ਤੱਥ ਤੋਂ ਸਪੱਸ਼ਟ ਹੁੰਦੀ ਹੈ ਕਿ ਉਨ੍ਹਾਂ ਨੇ ਸਮਰਾਟ ਅਸ਼ੋਕ ਵਰਗੇ ਜੰਗੀ ਸ਼ਾਸਕ ਨੂੰ ਸ਼ਾਂਤੀ ਅਤੇ ਦਇਆ ਦੇ ਹਾਮੀ ਵਿੱਚ ਬਦਲ ਦਿੱਤਾ। ਸਮਰਾਟ ਅਸ਼ੋਕ ਨੇ ਸ਼ਿਲਾਲੇਖਾਂ ਅਤੇ ਸਤੂਪਾਂ ਰਾਹੀਂ ਦੇਸ਼ ਭਰ ਵਿੱਚ ਬੋਧੀ ਸਿਧਾਂਤਾਂ ਦਾ ਪ੍ਰਚਾਰ ਕੀਤਾ। ਸਾਂਚੀ ਅਤੇ ਸਾਰਨਾਥ ਦੇ ਸਤੂਪ ਅੱਜ ਵੀ ਦੁਨੀਆ ਭਰ ਦੇ ਲੋਕਾਂ ਨੂੰ ਆਕਰਸ਼ਿਤ ਕਰਦੇ ਹਨ। ਸਾਰਨਾਥ ਦਾ ਸ਼ੇਰ ਸਤੰਭ ਅੱਜ ਭਾਰਤ ਦਾ ਰਾਸ਼ਟਰੀ ਪ੍ਰਤੀਕ ਹੈ। ਭਿੱਖੂਆਂ ਅਤੇ ਆਪਣੇ ਪਰਿਵਾਰ ਦੀ ਸਹਾਇਤਾ ਨਾਲ, ਅਸ਼ੋਕ ਨੇ ਪੂਰੇ ਏਸ਼ੀਆ ਵਿੱਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਮਹਾਵੰਸ਼ ਦੇ ਅਨੁਸਾਰ, ਉਨ੍ਹਾਂ ਦੇ ਪੁੱਤਰ ਮਹੇਂਦਰ ਨੇ ਬੋਧੀ ਸਿੱਖਿਆਵਾਂ ਨੂੰ ਸ਼੍ਰੀਲੰਕਾ ਤੱਕ ਪਹੁੰਚਾਇਆ। ਇਹ ਮੰਨਿਆ ਜਾਂਦਾ ਹੈ ਕਿ ਬੋਧੀ ਭਿੱਖੂਆਂ ਨੇ ਤਾਮਿਲਨਾਡੂ ਵਿੱਚ ਵੀ ਇਸ ਧਰਮ ਦੇ ਪ੍ਰਚਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿੱਥੇ ਅੱਜ ਵੀ ਬੋਧੀ ਪਰੰਪਰਾ ਦੇ ਨਿਸ਼ਾਨ ਕਈ ਖੇਤਰਾਂ ਵਿੱਚ ਮਿਲ ਸਕਦੇ ਹਨ। ਬੋਧੀ ਭਿੱਖੂਆਂ ਨੇ ਬਿਨਾਂ ਕਿਸੇ ਭੇਦਭਾਵ ਦੇ ਮੁਫ਼ਤ ਚਕਿਤਸਾ ਅਤੇ ਸਿੱਖਿਆ ਪ੍ਰਦਾਨ ਕੀਤੀ। ਉਨ੍ਹਾਂ ਨੇ ਤ੍ਰਿਪਿਟਕ ਵਰਗੇ ਪਵਿੱਤਰ ਗ੍ਰੰਥਾਂ ਦੀ ਸਿੱਖਿਆ ਦਿੱਤੀ, ਜਾਤਕ ਦੀਆਂ ਕਥਾਵਾਂ ਸੁਣਾਈਆਂ ਅਤੇ ਧਿਆਨ ਦੇ ਅਭਿਆਸ ਰਾਹੀਂ ਲੋਕਾਂ ਨੂੰ ਮਾਨਸਿਕਤਾ ਦੇ ਮਾਰਗ ਵੱਲ ਸੇਧਿਤ ਕੀਤਾ। ਦਾਨ - ਖ਼ਾਸ ਕਰਕੇ ਭੁੱਖਿਆਂ ਨੂੰ ਭੋਜਨ ਦੇਣਾ - ਨੂੰ ਇੱਕ ਬੁਨਿਆਦੀ ਫਰਜ਼ ਮੰਨਿਆ ਜਾਂਦਾ ਸੀ। ਦਰਅਸਲ, ਤਾਮਿਲ ਸਾਹਿਤ ਦਾਅਵਾ ਕਰਦਾ ਹੈ ਕਿ ਭੁੱਖਿਆਂ ਨੂੰ ਭੋਜਨ ਪ੍ਰਦਾਨ ਕਰਨਾ ਜੀਵਨ ਦਾ ਤੋਹਫ਼ਾ ਦੇਣ ਦੇ ਸਮਾਨ ਹੈ। ਹਜ਼ਾਰਾਂ ਸਾਲਾਂ ਤੋਂ, ਇਸ ਧਰਤੀ 'ਤੇ ਕਈ ਅਧਿਆਤਮਕ ਵਿਚਾਰਧਾਰਾਵਾਂ ਅਤੇ ਫ਼ਲਸਫ਼ੇ ਵਿਕਸਤ ਹੋਏ ਹਨ। ਭਾਵੇਂ ਇਹ ਬੁੱਧ ਧਰਮ ਹੋਵੇ ਜਾਂ ਜੈਨ ਧਰਮ, ਭਾਰਤ ਨੇ ਹਰ ਵਿਸ਼ਵਾਸ ਅਤੇ ਸੰਪਰਦਾ ਨੂੰ ਏਕਤਾ ਦੀ ਭਾਵਨਾ ਨਾਲ ਅਪਣਾਇਆ ਹੈ। ਇਹ ਦਰਸਾਉਂਦਾ ਹੈ ਕਿ, ਸੱਭਿਆਚਾਰਕ ਚੇਤਨਾ ਅਤੇ ਸਾਂਝੀਆਂ ਭਾਵਨਾਵਾਂ ਦੇ ਮਾਮਲੇ ਵਿੱਚ, ਇਹ ਰਾਸ਼ਟਰ ਹਮੇਸ਼ਾ ਇੱਕ ਰਿਹਾ ਹੈ। ਬੁੱਧ ਧਰਮ ਨੇ ਜੀਵਨ ਭਰ ਸਿੱਖਣ 'ਤੇ ਖ਼ਾਸ ਜ਼ੋਰ ਦਿੱਤਾ ਅਤੇ ਵੱਡੇ ਪੱਧਰ 'ਤੇ ਵਿਦਿਅਕ ਸੰਸਥਾਵਾਂ ਅਤੇ ਲਾਇਬ੍ਰੇਰੀਆਂ ਸਥਾਪਤ ਕੀਤੀਆਂ। ਪੰਜਵੀਂ ਸਦੀ ਦੇ ਸ਼ੁਰੂ ਵਿੱਚ, ਨਾਲੰਦਾ ਯੂਨੀਵਰਸਿਟੀ ਗਿਆਨ ਦੇ ਇੱਕ ਸ਼ਾਨਦਾਰ ਧੁਰੇ ਵਜੋਂ ਉਭਰੀ, ਜਿੱਥੇ ਲਗਭਗ 10,000 ਵਿਦਿਆਰਥੀ ਅਤੇ 1,500 ਵਿਦਵਾਨ ਸਿੱਖਦੇ ਅਤੇ ਪੜ੍ਹਾਉਂਦੇ ਸਨ। ਨਾਲੰਦਾ ਵਾਂਗ, ਇਤਿਹਾਸਕ ਰਿਕਾਰਡ ਦਰਸਾਉਂਦੇ ਹਨ ਕਿ ਤਾਮਿਲਨਾਡੂ ਦੇ ਕਾਂਚੀਪੁਰਮ ਵਿੱਚ ਇੱਕ ਪ੍ਰਸਿੱਧ ਯੂਨੀਵਰਸਿਟੀ ਵੀ ਮੌਜੂਦ ਸੀ। ਵਿਕਰਮਸ਼ਿਲਾ ਅਤੇ ਓਦਾਂਤਪੁਰੀ ਵਰਗੀਆਂ ਯੂਨੀਵਰਸਿਟੀਆਂ ਨੇ ਕਈ ਸਾਹਿਤਕ ਰਚਨਾਵਾਂ ਦੇ ਨਾਲ ਭਾਰਤ ਦੀ ਬੌਧਿਕ ਸ਼ਕਤੀ ਨੂੰ ਦੁਨੀਆ ਦੇ ਸਾਹਮਣੇ ਪ੍ਰਦਰਸ਼ਿਤ ਕੀਤਾ। ਪੂਰੇ ਏਸ਼ੀਆ ਤੋਂ ਵਿਦਵਾਨ ਭਾਰਤ ਦੀਆਂ ਬੋਧੀ ਵਿੱਦਿਅਕ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਆਏ। ਚੀਨੀ ਭਿੱਖੂ ਫਾਹਿਯਾਨ ਦੀ 15 ਸਾਲ ਲੰਬੀ ਯਾਤਰਾ ਵਿਸ਼ੇਸ਼ ਤੌਰ 'ਤੇ ਬੁੱਧ ਧਰਮ ਦਾ ਅਧਿਐਨ ਕਰਨ ਦੇ ਮੰਤਵ ਨਾਲ ਕੀਤੀ ਗਈ ਸੀ। ਇਸੇ ਤਰ੍ਹਾਂ, ਚੀਨੀ ਵਿਦਵਾਨ ਹਿਊਨਸਾਂਗ 16 ਸਾਲ ਭਾਰਤ ਵਿੱਚ ਰਹੇ, ਨਾਲੰਦਾ ਵਿੱਚ ਪੜ੍ਹਾਈ ਕੀਤੀ, ਕਈ ਹੱਥਲਿਖਤਾਂ ਤਿਆਰ ਕੀਤੀਆਂ ਅਤੇ ਅੰਤ ਵਿੱਚ ਆਪਣੇ ਵਤਨ ਵਾਪਸ ਪਰਤ ਗਏ। ਆਪਣੇ ਵਿਆਪਕ ਯਾਤਰਾ ਬਿਰਤਾਂਤ ਵਿੱਚ, ਹਿਊਨਸਾਂਗ ਜ਼ਿਕਰ ਕਰਦਾ ਹੈ ਕਿ ਉਨ੍ਹਾਂ ਤਾਮਿਲਨਾਡੂ ਦੇ ਕਾਂਚੀਪੁਰਮ ਦਾ ਵੀ ਦੌਰਾ ਕੀਤਾ, ਜਿੱਥੇ ਉਹ ਇੱਕ ਬੋਧੀ ਯੂਨੀਵਰਸਿਟੀ ਵਿੱਚ ਰਿਹਾ, ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਵੱਖ-ਵੱਖ ਹੱਥਲਿਖਤਾਂ ਦੀਆਂ ਕਾਪੀਆਂ ਤਿਆਰ ਕੀਤੀਆਂ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਉੱਥੋਂ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਭਾਸ਼ਣ ਵੀ ਦਿੱਤੇ। ਕਰੜੀ ਤਪੱਸਿਆ ਕਾਰਨ ਬਹੁਤ ਕਮਜ਼ੋਰ ਹੋ ਚੁੱਕੇ ਸਿਧਾਰਥ ਪ੍ਰਤੀ ਹਮਦਰਦੀ ਤੋਂ ਪ੍ਰੇਰਿਤ ਹੋ ਕੇ ਸੁਜਾਤਾ ਨੇ ਪਿਆਰ ਨਾਲ ਉਨ੍ਹਾਂ ਨੂੰ ਖੀਰ ਭੇਟ ਕੀਤੀ। ਸੇਵਾ ਦੇ ਇਸ ਦਿਆਲੂ ਕਾਰਜ ਨੇ ਉਨ੍ਹਾਂ ਦੀ ਜਾਨ ਬਚਾਈ ਅਤੇ ਉਨ੍ਹਾਂ ਨੂੰ ਬੋਧੀ ਰੁੱਖ ਦੇ ਹੇਠਾਂ ਧਿਆਨ ਲਾਉਣ ਦੀ ਤਾਕਤ ਦਿੱਤੀ। ਬੁੱਧ ਪੂਰਨਿਮਾ ਦੇ ਦਿਨ, ਅਸੀਂ ਸੁਜਾਤਾ ਦੇ ਇਸ ਪ੍ਰੇਮ ਅਤੇ ਦਿਆਲਤਾ ਨੂੰ ਖੀਰ ਤਿਆਰ ਕਰਕੇ ਅਤੇ ਭੇਟ ਕਰਕੇ ਯਾਦ ਕਰਦੇ ਹਾਂ। 'ਪ੍ਰੇਮ ਹੀ ਆਨੰਦ ਦਾ ਸਰੋਤ ਹੈ; ਪ੍ਰੇਮ ਦੁਨੀਆ ਦਾ ਚਾਨਣ ਹੈ; ਅਤੇ ਪ੍ਰੇਮ ਸਭ ਤੋਂ ਵੱਡੀ ਸ਼ਕਤੀ ਹੈ' ਬੁੱਧ ਦੀਆਂ ਇਹ ਸਿੱਖਿਆਵਾਂ ਅੱਜ ਵੀ ਓਨੀਆਂ ਹੀ ਪ੍ਰਸੰਗਕ ਹਨ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪ੍ਰੇਮ ਅਤੇ ਸ਼ਾਂਤੀ ਦਾ ਪੂਰੀ ਦੁਨੀਆ ਵਿੱਚ ਪਸਾਰਾ ਹੋਵੇ।



**ਸੀ.ਪੀ. ਰਾਧਾਕ੍ਰਿਸ਼ਨਨ**
**(ਲੇਖਕ ਭਾਰਤ ਦੇ ਉਪ ਰਾਸ਼ਟਰਪਤੀ ਹਨ।)**

# ਐਗਰੀ ਸਟੈਕ: ਭਾਰਤ ਦੀ ਡਿਜੀਟਲ ਖੇਤੀਬਾੜੀ ਕ੍ਰਾਂਤੀ

ਜ਼ਿਕਰ ਪੰਜਾਬ

ਖੇਤੀਬਾੜੀ ਭਾਰਤੀ ਅਰਥ-ਵਿਵਸਥਾ ਦੀ ਰੀੜ੍ਹ ਦੀ ਹੱਡੀ ਬਣੀ ਹੋਈ ਹੈ। ਇਸ ਖੇਤਰ ਵਿੱਚ ਕੁੱਲ ਕਿਰਤ ਸ਼ਕਤੀ ਦਾ ਲਗਭਗ 46% ਹਿੱਸਾ ਜੁੜਿਆ ਹੋਇਆ ਹੈ। ਪਿਛਲੇ ਦਹਾਕੇ ਵਿੱਚ ਸਰਕਾਰ ਵੱਲੋਂ ਉਤਪਾਦਨ/ਉਤਪਾਦਕਤਾ ਵਧਾਉਣ, ਫਸਲਾਂ ਦੀ ਵਿਭਿੰਨਤਾ, ਖੇਤੀ ਦੀ ਲਾਗਤ ਵਿੱਚ ਕਮੀ ਲਿਆਉਣ, ਖੇਤੀਬਾੜੀ ਉਤਪਾਦਾਂ ਦੀ ਬਿਹਤਰ ਕੀਮਤ ਪ੍ਰਾਪਤ ਕਰਨ, ਜਲਵਾਯੂ ਦੇ ਅਨੁਕੂਲ ਢਾਲਣ ਅਤੇ ਜੋਖਮਾਂ ਨੂੰ ਘੱਟ ਕਰਨ ਦੀ ਬਹੁ-ਆਯਾਮੀ ਰਣਨੀਤੀ ਰਾਹੀਂ ਕਿਸਾਨਾਂ ਦੀ ਆਮਦਨ ਵਧਾਉਣ ਦੀਆਂ ਠੋਸ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਕੇਂਦਰ ਸਪਾਂਸਰਡ ਜਾਂ ਕੇਂਦਰੀ ਖੇਤਰ ਦੀਆਂ ਯੋਜਨਾਵਾਂ ਰਾਹੀਂ ਕਿਸਾਨਾਂ ਨੂੰ ਵੱਖ-ਵੱਖ ਸੇਵਾਵਾਂ ਜਾਂ ਲਾਭਾਂ ਦੀ ਨਿਰਵਿਘਨ, ਪਾਰਦਰਸ਼ੀ ਅਤੇ ਕੁਸ਼ਲ ਸਪਲਾਈ ਕੇਂਦਰ ਜਾਂ ਰਾਜ ਪੱਧਰ ਦੀ ਸਰਕਾਰ ਦੀ ਤਰਜੀਹ ਹੈ। ਕੁੱਲ ਖੇਤੀਬਾੜੀ ਜ਼ਮੀਨ ਦੀ ਮਾਲਕੀ -ਅਤੇ ਉਸ ਜ਼ਮੀਨ 'ਤੇ ਬੀਜੀਆਂ ਗਈਆਂ ਫਸਲਾਂ ਦੇ ਇਤਿਹਾਸ - ਕਿਸੇ ਵੀ ਯੋਜਨਾ ਦੇ ਤਹਿਤ ਲਾਭ ਲਈ ਕਿਸੇ ਵੀ ਕਿਸਾਨ (ਭਾਵੇਂ ਉਹ ਮਾਲਕ, ਪਟੇਦਾਰ, ਜਾਂ ਹਿੱਸੇਦਾਰ ਹੋਵੇ) ਦੀ ਯੋਗਤਾ ਦਾ ਮੁਲਾਂਕਣ ਕਰਨ ਲਈ ਇੱਕ ਲਾਜ਼ਮੀ ਸ਼ਰਤ ਹੈ। ਹਾਲਾਂਕਿ, ਦੇਸ਼ ਭਰ ਵਿੱਚ ਭੂਮੀ ਨਾਲ ਸਬੰਧਤ ਪ੍ਰਸ਼ਾਸਨ ਵਿੱਚ ਦੇਖੀਆਂ ਗਈਆਂ ਵਿਆਪਕ ਅਸਮਾਨਤਾ ਇੱਕ ਵੱਡੀ ਚੁਣੌਤੀ ਪੈਦਾ ਕਰਦੀਆਂ ਹਨ। ਮਾਲਕੀ ਅਤੇ ਬਿਜਾਈ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀਆਂ ਨੂੰ ਇਕੱਠਾ ਕਰਨ ਵਾਲੇ ਇੱਕ ਮਿਆਰੀ ਕਿਸਾਨ ਡੇਟਾਬੇਸ ਦੀ ਮਹੱਤਤਾ ਅਤੇ ਜ਼ਰੂਰਤ ਨੂੰ ਪਛਾਣਦੇ ਹੋਏ, ਸਰਕਾਰ ਨੇ 2024 ਵਿੱਚ ਡਿਜੀਟਲ ਖੇਤੀਬਾੜੀ ਮਿਸ਼ਨ ਦੀ ਸ਼ੁਰੂਆਤ ਕੀਤੀ। ਕਿਸਾਨਾਂ ਦੇ ਡੇਟਾਬੇਸ ਨੂੰ ਮਜ਼ਬੂਤ ਸਹਿਮਤੀ ਵਿਧੀ ਨਾਲ ਗਤੀਸ਼ੀਲ ਤੌਰ 'ਤੇ ਅਪਡੇਟ ਕੀਤਾ ਗਿਆ ਹੈ। ਐਗਰੀ ਸਟੈਕ, ਇਸ ਡਿਜੀਟਲ ਖੇਤੀਬਾੜੀ ਮਿਸ਼ਨ ਦੇ ਇੱਕ ਮੁੱਖ ਥੰਮ?ਹ ਵਜੋਂ ਕੰਮ ਕਰਦਾ ਹੈ। ਇਹ ਹੁਣ ਇਸ ਮਿਸ਼ਨ ਦੇ ਇੱਕ ਚੁੱਪ ਪਰ ਸ਼ਕਤੀਸ਼ਾਲੀ ਪਰਿਵਰਤਨਸ਼ੀਲ ਥੰਮ?ਹ ਵਜੋਂ ਉੱਭਰ ਰਿਹਾ ਹੈ। ਇਸ ਵਿੱਚ ਤਿੰਨ ਵੇਰਵੇ (ਰਜਿਸਟਰੀਆਂ) ਸ਼ਾਮਲ ਹਨ: ਜ਼ਮੀਨੀ ਮਾਲਕੀ, ਕਿਸਾਨ ਅਤੇ ਬੀਜੀਆਂ ਗਈਆਂ ਫਸਲਾਂ। ਐਗਰੀ ਸਟੈਕ ਭਾਰਤ ਦੀ ਖੇਤੀਬਾੜੀ ਯਾਤਰਾ ਨਾਲ ਜੁੜੀ ਯਾਤਰਾ ਵਿੱਚ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਦਾ ਸੰਕੇਤ ਦਿੰਦਾ ਹੈ - ਇੱਕ ਅਜਿਹਾ ਅਧਿਆਇ ਜੋ ਮਾਣਯੋਗ ਪ੍ਰਧਾਨ ਮੰਤਰੀ ਦੇ 2047 ਤੱਕ 'ਵਿਕਸਿਤ ਭਾਰਤ' ਦੇ ਸੁਪਨੇ ਨੂੰ ਸਾਕਾਰ ਕਰਨ ਦੇ ਟੀਚੇ ਨਾਲ ਡੂੰਘਾਈ ਨਾਲ ਜੁੜਿਆ ਹੋਇਆ ਹੈ। ਲੈਂਡ ਰਜਿਸਟਰੀ ਵਿੱਚ ਭੂਗੋਲਿਕ ਸੰਦਰਭਾਂ ਦੇ ਅਧਾਰ 'ਤੇ ਖੇਤੀਬਾੜੀ ਪਲਾਂਟਾਂ ਦਾ ਡੇਟਾਬੇਸ ਸ਼ਾਮਲ ਹੁੰਦਾ ਹੈ। ਇਨ੍ਹਾਂ ਵਿੱਚੋਂ ਹਰੇਕ ਪਲਾਟ ਨੂੰ ਇੱਕ ਅਨੋਖੀ ਖੇਤੀਬਾੜੀ ਆਈਡੀ ਪ੍ਰਦਾਨ ਕੀਤੀ ਜਾਂਦੀ ਹੈ। ਦੂਜੀ ਪਰਤ ਵਿੱਚ, ਹਰੇਕ ਜ਼ਮੀਨ ਦੇ ਮਾਲਕ ਕਿਸਾਨ ਨੂੰ ਇੱਕ ਅਨੋਖੀ ਫਾਰਮ ਆਈਡੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਆਈਡੀ ਵਿੱਚ ਮਲਕੀਅਤ ਵਾਲੇ ਹਰੇਕ ਪਲਾਟ ਨਾਲ ਸਬੰਧਤ ਜ਼ਰੂਰੀ ਜਾਣਕਾਰੀਆਂ ਦੇ ਨਾਲ-ਨਾਲ ਸ਼ੇਅਰ-ਹੋਲਡਿੰਗ ਦੇ ਮਾਮਲੇ ਵਿੱਚ ਹਿੱਸੇਦਾਰੀ ਦਾ ਜ਼ਿਕਰ ਵੀ ਸ਼ਾਮਲ ਹੈ। ਇਹ ਡੇਟਾ ਅਧਿਕਾਰਾਂ ਦੇ ਰਿਕਾਰਡ (ਰਿਕਾਰਡ ਆਫ ਰਾਈਟਸ) ਨਾਲ ਗਤੀਸ਼ੀਲ ਤੌਰ 'ਤੇ ਜੁੜਿਆ ਹੁੰਦਾ ਹੈ, ਤਾਂ ਜੋ ਵਿਰਾਸਤ, ਵਿਕਰੀ ਆਦਿ ਦੇ ਕਾਰਨ ਮਾਲਕੀ ਵਿੱਚ ਹੋਈ ਕੋਈ ਵੀ ਤਬਦੀਲੀ ਕਿਸਾਨ ਰਜਿਸਟਰੀ ਅੰਦਰ ਆਪਣੇ ਆਪ ਅਪਡੇਟ ਹੋ ਜਾਵੇ। ਤੀਜੀ ਪਰਤ ਵਿੱਚ ਹਰੇਕ ਖਾਸ ਪਲਾਟ 'ਤੇ ਬੀਜੀਆਂ ਗਈਆਂ ਫਸਲਾਂ ਸਬੰਧੀ ਵੇਰਵੇ ਸ਼ਾਮਲ ਹੁੰਦੇ ਹਨ। ਇਹ ਵੇਰਵੇ ਬਿਜਾਈ ਦਾ ਕੰਮ ਪੂਰਾ ਹੋਣ ਤੋਂ ਬਾਅਦ, ਹਰੇਕ ਫਸਲੀ ਸੀਜ਼ਨ ਦੌਰਾਨ ਕੀਤੇ ਗਏ ਡਿਜੀਟਲ/ ਤਕਨਾਲੋਜੀ-ਅਧਾਰਿਤ ਫਸਲ ਸਰਵੇਖਣਾਂ ਰਾਹੀਂ ਹਾਸਲ ਕੀਤੇ ਜਾਂਦੇ ਹਨ।

**ਕਾਗਜ਼ੀ ਰਿਕਾਰਡ ਤੋਂ ਡਿਜੀਟਲ ਅਧਾਰ ਤੱਕ**

ਦਹਾਕਿਆਂ ਤੱਕ, ਖੇਤੀਬਾੜੀ ਸਬੰਧੀ ਪ੍ਰਸ਼ਾਸਨ ਕਾਗਜ਼-ਅਧਾਰਿਤ ਰਿਕਾਰਡਾਂ ਅਤੇ ਮੈਨੂਅਲ ਸਰਵੇਖਣਾਂ 'ਤੇ ਬਹੁਤ ਜ਼ਿਆਦਾ ਨਿਰਭਰ ਰਿਹਾ ਹੈ। ਇਹ ਅਕਸਰ ਨਾਗਰਿਕਾਂ ਨੂੰ ਪਰੇਸ਼ਾਨੀ ਅਤੇ ਭ੍ਰਿਸ਼ਟਾਚਾਰ ਦਾ ਸਾਹਮਣਾ ਸਬੱਬ ਬਣਦਾ ਸੀ। ਐਗਰੀ ਸਟੈਕ ਇਸ ਪੁਰਾਣੀ ਪਰੰਪਰਾ ਤੋਂ ਹਟ ਕੇ, ਇੱਕ ਇਨਕਲਾਬੀ ਤਬਦੀਲੀ ਪੇਸ਼ ਕਰਦਾ ਹੈ। ਕਿਸਾਨਾਂ ਦੀ ਪਛਾਣ ਨੂੰ ਡਿਜੀਟਾਈਜ਼ ਕਰਕੇ ਅਤੇ ਉਨ੍ਹਾਂ ਨੂੰ ਜ਼ਮੀਨ ਅਤੇ ਫਸਲਾਂ ਦੇ ਡੇਟਾ ਨਾਲ ਜੋੜ ਕੇ, ਇਹ ਭਾਰਤੀ ਖੇਤੀਬਾੜੀ 'ਤੇ ਇੱਕ ਭਰੋਸੇਮੰਦ ਅਤੇ ਨਵੀਂ ਤਸਵੀਰ ਪੇਸ਼ ਕਰਦਾ ਹੈ। ਹੁਣ ਤੱਕ 9 ਕਰੋੜ ਤੋਂ ਵੱਧ ਕਿਸਾਨ ਆਈਡੀ ਦੀ ਸਿਰਜਣਾ ਇਸ ਸਫ਼ਰ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਹ ਡਿਜੀਟਲ ਆਈਡੀ ਇੱਕ ਭਰੋਸੇਯੋਗ ਸਰੋਤ ਵਜੋਂ ਕੰਮ ਕਰਦੇ ਹਨ। ਇਸ ਨਾਲ ਕਿਸਾਨਾਂ ਨੂੰ ਵਾਰ-ਵਾਰ ਤਸਦੀਕ ਕੀਤੇ ਬਗੈਰ ਕਈ ਸੇਵਾਵਾਂ ਦਾ ਲਾਭ ਲੈਣ ਵਿੱਚ ਮਦਦ ਮਿਲਦੀ ਹੈ ਅਤੇ ਲੈਣ-ਦੇਣ ਦੀ ਲਾਗਤ ਘੱਟ ਹੋ ਜਾਂਦੀ ਹੈ। ਸਰਕਾਰੀ ਏਜੰਸੀਆਂ ਦੀ ਦ੍ਰਿਸ਼ਟੀ ਪੱਖੋਂ, ਇਹ ਆਈਡੀ ਲਾਭਪਾਤਰੀਆਂ ਦੀ ਪਛਾਣ ਵਿੱਚ ਹੋਣ ਵਾਲੀਆਂ ਗਲਤੀਆਂ ਨੂੰ ਘਟਾਉਂਦੇ ਹਨ ਅਤੇ ਲਾਭ ਦਾ ਸਹੀ ਲਾਭਪਾਤਰੀ ਤੱਕ ਪਹੁੰਚਣਾ ਯਕੀਨੀ ਬਣਾਉਣ ਵਿੱਚ ਸਹਾਇਕ ਸਾਬਤ ਹੁੰਦੇ ਹਨ।

**ਡਿਜੀਟਲ ਫਸਲ ਸਰਵੇਖਣ : ਫਸਲ ਦੀ ਅਸਲ ਜਾਣਕਾਰੀ**

ਸਾਲ 2025-26 ਵਿੱਚ, 24 ਰਾਜਾਂ ਨੇ 600 ਤੋਂ ਵੱਧ ਜ਼ਿਲ੍ਹਿਆਂ ਵਿੱਚ ਲਗਭਗ 30 ਕਰੋੜ ਜ਼ਮੀਨੀ ਹਿੱਸਿਆਂ 'ਤੇ ਮੋਬਾਈਲ ਉਪਕਰਣਾਂ, ਜੀਓਟੈਗਿੰਗ ਅਤੇ ਸੈਟੇਲਾਈਟਾਂ ਦੀ ਸਹਾਇਤਾ ਨਾਲ ਇੱਕ ਡਿਜੀਟਲ ਫਸਲ ਸਰਵੇਖਣ ਕੀਤਾ। ਇਹ ਸਰਵੇਖਣ ਰਵਾਇਤੀ ਤਰੀਕਿਆਂ ਤੋਂ ਹਟ ਕੇ ਇੱਕ ਮਹੱਤਵਪੂਰਨ ਤਬਦੀਲੀ ਨੂੰ ਦਰਸਾਉਂਦਾ ਹੈ। ਰਵਾਇਤੀ ਤਰੀਕੇ ਅਕਸਰ ਹੌਲੀ ਹੁੰਦੇ ਸਨ ਅਤੇ ਉਨ੍ਹਾਂ ਵਿੱਚ ਅੰਤਰ ਜਾਂ ਗਲਤੀਆਂ ਦੀ ਸੰਭਾਵਨਾ ਵਧੇਰੇ ਹੁੰਦੀ ਸੀ। ਇਹ ਡੇਟਾ ਉਪਜ ਦਾ ਅਨੁਮਾਨ ਲਗਾਉਣ, ਖਰੀਦ ਦੀ ਯੋਜਨਾ ਬਣਾਉਣ ਅਤੇ ਬਜ਼ਾਰ ਨਾਲ ਸਬੰਧਤ ਪੂਰਵ ਅਨੁਮਾ ਲਗਾਉਣ ਦੀ ਪ੍ਰਕਿਰਿਆ ਨੂੰ ਬਿਹਤਰ ਬਣਾਉਂਦਾ ਹੈ। ਇਹ ਸੋਕੇ, ਹੜ੍ਹਾਂ ਜਾ ਕੀੜਿਆਂ ਕਾਰਨ ਫਸਲ 'ਤੇ ਪੈਣ ਵਾਲੇ ਦਬਾਅ ਦੀ ਜਲਦੀ ਪਛਾਣ ਕਰਕੇ ਆਫਤ ਦੀ ਤਿਆਰੀ ਨੂੰ ਵੀ ਠੋਸ ਬਣਾਉਂਦਾ ਹੈ। ਕਿਸਾਨਾਂ ਲਈ, ਬਿਹਤਰ ਡੇਟਾ ਸਮੇਂ ਸਿਰ ਅਤੇ ਫਸਲ-ਵਿਸ਼ੇਸ਼ ਨਾਲ ਜੁੜੀ ਸਲਾਹ ਅਤੇ ਗੜਬੜ ਹੋਣ 'ਤੇ ਤੁਰੰਤ ਸਹਾਇਤਾ ਪ੍ਰਦਾਨ ਕਰਦਾ ਹੈ।

**ਸਹਿਯੋਗ ਅਤੇ ਸਮਾਵੇਸ਼-ਅਧਾਰਿਤ ਈਕੋਸਿਸਟਮ**

ਦੇਸ਼ ਭਰ ਵਿੱਚ ਜ਼ਮੀਨ ਨਾਲ ਜੁੜੇ ਪ੍ਰਸ਼ਾਸਨ ਵਿੱਚ ਮੌਜੂਦ ਵਿਭਿੰਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਢਾਂਚੇ ਵਿੱਚ ਸਥਾਨਕ ਜ਼ਰੂਰਤਾਂ ਦੇ ਅਨੁਸਾਰ ਇਸ ਨੂੰ ਢਾਲਣ ਦੀ ਅੰਤਰ-ਨਿਹਿਤ ਲਚਕਤਾ ਹੈ। ਨਾਲ ਹੀ, ਅੰਤਰ-ਸੰਚਾਲਨਯੋਗਤਾ ਨੂੰ ਯਕੀਨੀ ਬਣਾਉਣ ਲਈ ਸਧਾਰਨ ਮਿਆਰਾਂ ਨੂੰ ਕਾਇਮ ਰੱਖਿਆ ਗਿਆ ਹੈ ਤਾਂ ਜੋ ਰਾਜਾਂ ਅਤੇ ਕੇਂਦਰੀ ਪ੍ਰਣਾਲੀਆਂ ਵਿਚਕਾਰ ਡੇਟਾ ਦਾ ਨਿਰਵਿਘਨ ਅਦਾਨ- ਪ੍ਰਦਾਨ ਸੰਭਵ ਹੋ ਸਕੇ। ਉੱਤਰ-ਪੂਰਬੀ ਰਾਜਾਂ ਵਿੱਚ, ਜਿੱਥੇ ਭਾਈਚਾਰਕ ਮਾਲਕੀ ਪ੍ਰਮੁੱਖ ਹੈ, ਭੂ-ਤਾਲਮੇਲ-ਅਧਾਰਿਤ ਪ੍ਰਮਾਣਿਕਤਾ ਰਵਾਇਤੀ ਅਭਿਆਸਾਂ ਵਿੱਚ ਰੁਕਾਵਟ ਪਾਏ ਬਿਨਾਂ ਸ਼ਾਮਲ ਕਰਨ ਦੀ ਮਨਜ਼ੂਰੀ ਦਿੰਦੀ ਹੈ।

**ਇਸ ਨਾਲ ਕਿਸਾਨਾਂ ਨੂੰ ਕਿਵੇਂ ਲਾਭ ਹੋਵੇਗਾ?**

ਕਿਸਾਨਾਂ ਲਈ, ਡਿਜੀਟਲ ਢਾਂਚੇ ਦਾ ਮਤਲਬ ਹੈ ਘੱਟ ਕਾਗਜ਼ੀ ਕਾਰਵਾਈ, ਸਥਾਨਕ ਦਫਤਰਾਂ ਵਿੱਚ ਘੱਟ ਚੱਕਰ ਲਗਾਉਣਾ ਅਤੇ ਸਰਕਾਰੀ ਯੋਜਨਾਵਾਂ ਅਤੇ ਸੇਵਾਵਾਂ ਤੱਕ ਪਹੁੰਚ ਵਿੱਚ ਵਧੇਰੇ ਪਾਰਦਰਸ਼ਤਾ। ਜ਼ਮੀਨ ਦੀ ਮਾਲਕੀ ਅਤੇ ਫਸਲੀ ਇਤਿਹਾਸ ਸਬੰਧੀ ਅੱਪਡੇਟ ਕੀਤੇ ਵੇਰਵਿਆਂ ਵਾਲੇ ਭਰੋਸੇਯੋਗ ਡਿਜੀਟਲ ਰਿਕਾਰਡ ਬੈਂਕਾਂ ਅਤੇ ਬੀਮਾਕਰਤਾਵਾਂ ਨੂੰ ਜੋਖਮ ਦਾ ਮੁਲਾਂਕਣ ਕਰਨ ਅਤੇ ਕਿਸਾਨਾਂ ਦੀਆਂ ਜ਼ਰੂਰਤਾਂ ਅਨੁਸਾਰ ਉਤਪਾਦ ਤਿਆਰ ਕਰਨ ਦੇ ਯੋਗ ਬਣਾਉਂਦੇ ਹਨ।

**ਪ੍ਰਸ਼ਾਸਨ ਅਤੇ ਯੋਜਨਾਬੱਧ ਪ੍ਰਕਿਰਿਆ 'ਤੇ ਇਸ ਦਾ ਕੀ ਅਸਰ ਪਵੇਗਾ?**

ਐਗਰੀ ਸਟੈਕ ਸ਼ਾਸਨ ਦੀਆਂ ਪ੍ਰਕਿਰਿਆਵਾਂ ਵਿੱਚ ਸੁਧਾਰ ਲਿਆਉਣ ਅਤੇ ਸਬੂਤ-ਅਧਾਰਿਤ ਅਤੇ ਡੇਟਾ-ਅਧਾਰਿਤ ਨੀਤੀ ਨਿਰਮਾਣ ਨੂੰ ਉਤਸ਼ਾਹਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸ ਵਿਵਸਥਾ ਰਾਹੀਂ ਨੀਤੀ ਨਿਰਮਾਤਾਵਾਂ ਕੋਲ ਫਸਲਾਂ ਦੇ ਪੈਟਰਨਾਂ 'ਤੇ ਨਿਗਰਾਨੀ ਕਰਨ, ਸਪਲਾਈ ਅਤੇ ਮੰਗ ਵਿਚਕਾਰ ਪਾੜੇ ਦਾ ਅਨੁਮਾਨ ਲਗਾਉਣ ਅਤੇ ਕੀਮਤਾਂ ਦੀ ਅਸਥਿਰਤਾ ਨੂੰ ਘਟਾਉਣ ਲਈ ਸਮੇਂ ਸਿਰ ਦਖਲਅੰਦਾਜ਼ੀ ਕਰਨ ਲਈ ਸਹੀ ਅਤੇ ਸਮੇਂ ਸਿਰ ਡੇਟਾ ਉਪਲਬਧ ਹੁੰਦਾ ਹੈ। ਇੱਕ ਵਾਰ ਕਿਸਾਨ ਦੀ ਪਛਾਣ, ਜ਼ਮੀਨ ਦੀ ਮਾਲਕੀ ਅਤੇ ਬੀਜੀ ਗਈ ਫਸਲ ਦੀ ਡਿਜੀਟਲ ਤਸਦੀਕ ਹੋ ਜਾਣ ਮਗਰੋਂ, ਨਗਦ ਜਾਂ ਵਸਤੂ ਦੇ ਰੂਪ ਵਿੱਚ ਸਬਸਿਡੀ ਵੰਡ, ਫਸਲ ਬੀਮਾ, ਖਰੀਦ ਜਾਂ ਲੋਨ ਆਦਿ ਨਾਲ ਸਬੰਧਤ ਲੈਣ-ਦੇਣ ਡਿਜੀਟਲ ਤੌਰ 'ਤੇ ਸੁਚਾਰੂ ਢੰਗ ਨਾਲ ਕੀਤੇ ਜਾ ਸਕਦੇ ਹਨ। ਆਧਾਰ-ਅਧਾਰਿਤ ਭੁਗਤਾਨ ਗੇਟਵੇ ਲਾਭ ਨੂੰ ਸਹੀ ਲਾਭਪਾਤਰੀ ਤੱਕ ਪਹੁੰਚਣਾ ਯਕੀਨੀ ਬਣਾਉਂਦੇ ਹਨ। ਇਹ ਸੋਧ ਪ੍ਰਣਾਲੀ ਜਨਤਕ ਖਰਚ ਦਾ ਸਪਸ਼ਟ ਡਿਜੀਟਲ ਰਿਕਾਰਡ ਬਣਾ ਕੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਵਧਾਉਂਦੀ ਹੈ। ਇਹ ਦੇਖਿਆ ਗਿਆ ਹੈ ਕਿ, ਕੇਂਦਰ ਅਤੇ ਰਾਜ ਪੱਧਰ 'ਤੇ - ਵੱਖ-ਵੱਖ ਮਾਮਲਿਆਂ ਅਤੇ ਕੁਝ ਮਾਮਲਿਆਂ ਵਿੱਚ ਤਾਂ ਇੱਕੋ ਮੰਤਰਾਲੇ ਦੇ ਵੱਖ-ਵੱਖ ਵਿਭਾਗਾਂ ਨੇ ਵੀ ਯੋਜਨਾਵਾਂ ਨੂੰ ਲਾਗੂ ਕਰਨ ਲਈ ਆਪਣੇ-ਆਪਣੇ ਕਿਸਾਨ ਡੇਟਾਬੇਸ ਵਿਕਸਿਤ ਕੀਤੇ ਹਨ। ਐਗਰੀਸਟੈਕ ਇੱਕ ਸਾਂਝਾ ਪਰ ਸਰਬ-ਵਿਆਪਕ ਡਿਜੀਟਲ ਪਲੈਟਫਾਰਮ ਵਿਕਸਿਤ ਕਰਕੇ ਇਸ ਤਰ੍ਹਾਂ ਦੇ ਸਵੈ-ਤਿਆਰ ਡੇਟਾਬੇਸ ਦੀਆਂ ਸੀਮਾਵਾਂ ਨੂੰ ਪਾਰ ਕਰਦਾ ਹੈ, ਤਾਂ ਜੋ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ, ਸਹਿਕਾਰੀ ਸਭਾਵਾਂ, ਮਾਲੀਆ, ਭੋਜਨ, ਖਾਦ, ਲੋਨ ਅਤੇ ਬੀਮਾ ਪ੍ਰਣਾਲੀਆਂ ਇੱਕੋ ਹੀ ਪ੍ਰਮਾਣਿਤ ਡੇਟਾਬੇਸ ਦੀ ਵਰਤੋਂ ਕਰਕੇ ਕੰਮ ਕਰਨ ਸਕਣ। ਇਸ ਨਾਲ ਨਾਲ ਸਿਰਫ਼ ਸੰਚਾਲਨ ਕੁਸ਼ਲਤਾ ਬਿਹਤਰ ਹੁੰਦੀ ਹੈ, ਸਗੋਂ ਕਿਸਾਨਾਂ 'ਤੇ ਵੀ ਵੱਖ-ਵੱਖ ਯੋਜਨਾਵਾਂ ਦੇ ਲਾਭ ਪ੍ਰਾਪਤ ਕਰਨ ਲਈ ਕਈ ਪੋਰਟਲਾਂ 'ਤੇ ਰਜਿਸਟ?ਰੇਸ਼ਨ ਕਰਨ ਦਾ ਭਾਰ ਘੱਟ ਹੁੰਦਾ ਹੈ।

**ਨਵੀਨਤਾ ਨੂੰ ਉਤਸ਼ਾਹਿਤ ਕਰਨਾ**

ਐਗਰੀ ਸਟੈਕ ਦੀ ਖੁੱਲ੍ਹਾ ਅਤੇ ਮਿਆਰੀ ਢਾਂਚਾ ਨਵੀਨਤਾ ਲਈ ਇੱਕ ਈਕੋਸਿਸਟਮ ਪ੍ਰਦਾਨ ਕਰਦਾ ਹੈ। ਖਾਸ ਕਰਕੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਲਈ। ਜਿਵੇਂ-ਜਿਵੇਂ ਇਹ ਸਟੈਕ ਪਰਿਪੱਕ ਹੁੰਦਾ ਜਾਂਦਾ ਹੈ, ਸਟਾਰਟਅੱਪ ਲਈ ਫਸਲਾਂ ਨਾਲ ਜੁੜੇ ਡੇਟਾ, ਮੌਸਮ ਸਬੰਧੀ ਪੂਰਵ ਅਨੁਮਾਨ ਅਤੇ ਬਜ਼ਾਰ ਦੀਆਂ ਕੀਮਤਾਂ ਨੂੰ ਖਪਤਕਾਰਾਂ ਦੇ ਅਨੁਕੂਲ ਟੂਲ ਵਿੱਚ ਸ਼ਾਮਲ ਕਰਨ ਵਾਲੀ ਐਪਲੀਕੇਸ਼ਨ ਬਣਾਉਣ ਦੇ ਮੌਕੇ ਖੁੱਲ੍ਹਦੇ ਜਾਂਦੇ ਹਨ।

ਮਾਣਯੋਗ ਵਿੱਤ ਮੰਤਰੀ ਨੇ ਆਪਣੇ ਹਾਲੀਆ ਜਨਤਕ ਭਾਸ਼ਣਾਂ ਵਿੱਚ ਐਗਰੀ ਸਟੈਕ ਨੂੰ 'ਭਾਰਤ ਦੀ ਅਗਲੀ ਵੱਡੀ ਪ੍ਰਾਪਤੀ' ਅਤੇ ਯੂਪੀਆਈ ਵਰਗੀ ਅਗਲੀ ਕ੍ਰਾਂਤੀ ਵਜੋਂ ਪੇਸ਼ ਕੀਤਾ ਹੈ। ਭਾਰਤ ਆਤਮ-ਨਿਰਭਰਤਾ ਅਤੇ ਦੁਨੀਆ ਦਾ ਖੁਰਾਕ ਭੰਡਾਰ ਬਣਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਅਜਿਹੇ ਵਿੱਚ ਐਗਰੀ ਸਟੈਕ ਇੱਕ ਦੂਰ-ਦਰਸ਼ੀ ਸੁਧਾਰ ਹੈ। ਇਸ ਸੁਧਾਰ ਅਧੀਨ ਡੇਟਾ ਕਿਸਾਨਾਂ ਨੂੰ ਮਜ਼ਬੂਤ ਬਣਾਉਂਦਾ ਹੈ, ਤਕਨੀਕ ਸ਼ਾਸਨ ਨੂੰ ਮਜ਼ਬੂਤੀ ਦਿੰਦਾ ਹੈ ਅਤੇ ਸਹਿਯੋਗ ਤਰੱਕੀ ਨੂੰ ਰਫ਼ਤਾਰ ਦਿੰਦਾ ਹੈ।

**ਡਾ. ਦੇਵੇਸ਼ ਚਤੁਰਵੇਦੀ**
**(ਲੇਖਕ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਸਾਬਕਾ ਸਕੱਤਰ ਹਨ)**

# ਖੁਰਾਕ ਸੁਰੱਖਿਆ ਤੋਂ ਅਨਾਜਾਂ ਦੇ ਮਾਮਲੇ ਵਿੱਚ ਲੀਡਰਸ਼ਿਪ ਵੱਲ: ਫੂਡ ਪ੍ਰੋਸੈੱਸਿੰਗ ਦੇ ਖੇਤਰ ਵਿੱਚ ਪੀਐੱਲਆਈ ਸਕੀਮ ਦਾ ਪਰਿਵਰਤਨਕਾਰੀ ਪ੍ਰਭਾਵ

ਅਨਾਜਾਂ ਨਾਲ ਜੁੜੀ ਭਾਰਤ ਦੀ ਕਹਾਣੀ ਵਿੱਚ ਇੱਕ ਨਿਰਣਾਇਕ ਮੋੜ ਭਾਰਤ ਅੱਜ ਆਪਣੇ ਆਰਥਿਕ ਸਫ਼ਰ ਦੇ ਇੱਕ ਨਿਰਣਾਇਕ ਮੋੜ 'ਤੇ ਖੜ੍ਹਾ ਹੈ। ਹੁਣ ਜਦੋਂ ਕਿ ਸਾਡਾ ਦੇਸ਼ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਬਣਨ ਦੀ ਦਿਸ਼ਾ ਵਿੱਚ ਅੱਗੇ ਵੱਧ ਰਿਹਾ ਹੈ, ਤਾਂ ਵਿਕਾਸ ਨੂੰ ਸਿਰਫ਼ ਉਤਪਾਦਨ ਦੀ ਮਾਤਰਾ ਨਾਲ ਹੀ ਨਹੀਂ, ਸਗੋਂ ਸਾਡੇ ਦੁਆਰਾ ਸਿਰਜੇ ਗਏ ਮੁੱਲ ਦੇ ਅਧਾਰ 'ਤੇ ਵੀ ਮਾਪਣਾ ਹੋਵੇਗਾ। ਫੂਡ ਪ੍ਰੋਸੈੱਸਿੰਗ ਖੇਤਰ ਦੀ ਤੁਲਨਾ ਵਿੱਚ ਬਹੁਤ ਘੱਟ ਖੇਤਰ ਹੀ ਅਜਿਹੇ ਹਨ, ਜਿੱਥੇ ਇਸ ਤਰ੍ਹਾਂ ਦੀ ਤਬਦੀਲੀ ਬਿਲਕੁਲ ਸਾਫ਼ ਨਜ਼ਰ ਆਉਂਦੀ ਹੈ। ਭਾਰਤ ਅਨਾਜ, ਫਲਾਂ, ਸਬਜ਼ੀਆਂ, ਦੁੱਧ ਅਤੇ ਸਮੁੰਦਰੀ ਉਤਪਾਦਾਂ ਦੇ ਸਭ ਤੋਂ ਵੱਡੇ ਉਤਪਾਦਕ ਦੇਸ਼ਾਂ ਵਿੱਚੋਂ ਇੱਕ ਹੈ। ਦਹਾਕਿਆਂ ਤੱਕ, ਸਾਡੀ ਖੇਤੀਬਾੜੀ ਸਬੰਧੀ ਸਮਰੱਥਾ ਨੇ ਦੇਸ਼ ਵਿੱਚ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਇਆ। ਫਿਰ ਵੀ, ਇਸ ਉਪਜ ਦਾ ਇੱਕ ਵੱਡਾ ਹਿੱਸਾ ਰਵਾਇਤੀ ਤੌਰ 'ਤੇ ਬਹੁਤ ਹੀ ਸੀਮਤ ਵੈਲਿਊ ਐਡੀਸ਼ਨ ਦੇ ਨਾਲ ਸਿੱਧਾ ਖੇਤ ਤੋਂ ਮੰਡੀ ਤੱਕ ਪਹੁੰਚਦਾ ਰਿਹਾ ਹੈ। ਅੱਜ ਭਾਰਤ ਦੇ ਖੇਤੀਬਾੜੀ ਉਤਪਾਦਨ ਦਾ ਸਿਰਫ 12-13 ਫ਼ੀਸਦੀ ਹਿੱਸਾ ਹੀ ਪ੍ਰੋਸੈੱਸਿੰਗ ਵਿੱਚੋਂ ਗੁਜ਼ਰਦਾ ਹੈ। ਉਤਪਾਦਨ ਅਤੇ ਪ੍ਰੋਸੈੱਸਿੰਗ ਦੇ ਵਿਚਕਾਰ ਦਾ ਇਹੀ ਪਾੜਾ ਭਾਰਤੀ ਅਰਥਵਿਵਸਥਾ ਵਿੱਚ ਉਪਲਬਧ ਸਭ ਤੋਂ ਵੱਡੇ ਮੌਕਿਆਂ ਵਿੱਚੋਂ ਇੱਕ ਹੈ। ਇਸ ਲਈ ਅਨਾਜਾਂ ਨਾਲ ਜੁੜੀ ਭਾਰਤ ਦੀ ਯਾਤਰਾ ਦਾ ਅਗਲਾ ਪੜਾਅ ਬਿਲਕੁਲ ਸਪਸ਼ਟ ਹੈ: ਖੇਤੀਬਾੜੀ ਦੀ ਭਰਪੂਰ ਸੰਪਦਾ ਨੂੰ ਉੱਚ ਮੁੱਲ ਵਾਲੇ ਅਤੇ ਵਿਸ਼ਵਵਿਆਪੀ ਪੱਧਰ 'ਤੇ ਮੁਕਾਬਲੇਬਾਜ਼ ਖੁਰਾਕ ਉਤਪਾਦਾਂ ਵਿੱਚ ਤਬਦੀਲ ਕਰਨਾ। ਪੀਐੱਲਆਈ ਯੋਜਨਾ ਦੇ ਪਿੱਛੇ ਦੀ ਕਲਪਨਾ ਇਸ ਮੌਕੇ ਨੂੰ ਪਛਾਣਦੇ ਹੋਏ, ਭਾਰਤ ਸਰਕਾਰ ਨੇ ਮਾਰਚ 2021 ਵਿੱਚ ਕੁੱਲ 10,900 ਕਰੋੜ ਰੁਪਏ ਦੇ ਵਿੱਤੀ ਖਰਚੇ ਦੇ ਨਾਲ ਫੂਡ ਪ੍ਰੋਸੈੱਸਿੰਗ ਉਦਯੋਗ ਲਈ ਉਤਪਾਦਨ 'ਤੇ ਅਧਾਰਿਤ ਪ੍ਰੋਤਸਾਹਨ ਯੋਜਨਾ (ਪੀਐੱਲਆਈਐੱਸਐੱਫਆਈ) ਦੀ ਸ਼ੁਰੂਆਤ ਕੀਤੀ। ਫੂਡ ਪ੍ਰੋਸੈੱਸਿੰਗ ਉਦਯੋਗ ਮੰਤਰਾਲੇ (ਐੱਮ ਓ ਐੱਫ ਪੀ ਆਈ) ਦੁਆਰਾ ਇਸ ਯੋਜਨਾ ਨੂੰ 2021-22 ਤੋਂ 2026-27 ਤੱਕ ਦੀ 6 ਵਰ੍ਹ?ਆਂ ਦੀ ਮਿਆਦ ਲਈ ਲਾਗੂ ਕੀਤਾ ਜਾ ਰਿਹਾ ਹੈ। ਇਸ ਯੋਜਨਾ ਦੇ ਪਿੱਛੇ ਦਾ ਮੂਲ ਵਿਚਾਰ ਸਰਲ ਲੇਕਿਨ ਠੋਸ ਹੈ: ਫੂਡ ਪ੍ਰੋਸੈੱਸਿੰਗ ਸਮਰੱਥਾ, ਨਵੀਨਤਾ ਅਤੇ ਗਲੋਬਲ ਬ੍ਰਾਂਡਿੰਗ ਦੇ ਵਿਸਤਾਰ ਵਿੱਚ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਨੂੰ ਪੁਰਸਕ੍ਰਿਤ ਕਰਨਾ। ਕੁੱਲ ਮਿਲਾ ਕੇ, ਇਹ ਯੋਜਨਾ ਇਨ-ਸਟੋਰ ਬ੍ਰਾਂਡਿੰਗ, ਇੰਟਰਨੈਸ਼ਨਲ ਰਿਟੇਲ ਚੇਨਸ ਵਿੱਚ ਸ਼ੈਲਫ ਸਪੇਸ ਅਤੇ ਗਲੋਬਲ ਮਾਰਕੀਟਿੰਗ ਅਭਿਆਨਾਂ ਵਿੱਚ ਨਿਵੇਸ਼ ਕਰਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਕੇ ਭਾਰਤ ਵਿੱਚ ਖੁਰਾਕ ਉਤਪਾਦਨ ਨਾਲ ਜੁੜੀ ਗਲੋਬਲ ਪੱਧਰ ਦੀਆਂ ਕਈ ਚੈਂਪੀਅਨ ਕੰਪਨੀਆਂ ਤਿਆਰ ਕਰਦੀ ਹੈ। ਰਣਨੀਤਕ ਡਿਜ਼ਾਈਨ: ਇੱਕ ਆਧੁਨਿਕ ਖੁਰਾਕ ਈਕੋਸਿਸਟਮ ਦਾ ਨਿਰਮਾਣ ਪੀ ਐੱਲ ਆਈ ਐੱਸ ਐੱਫ ਪੀ ਆਈ ਯੋਜਨਾ ਦੇ ਬੁਨਿਆਦੀ ਢਾਂਚੇ ਨੂੰ ਸਾਵਧਾਨੀਪੂਰਵਕ ਤਿੰਨ ਪ੍ਰਮੁੱਖ ਥੰਮ੍ਹਾਂ 'ਤੇ ਅਧਾਰਿਤ ਰੱਖਿਆ ਗਿਆ ਹੈ। ਉੱਚ ਸਮਰੱਥਾ ਵਾਲੇ ਖੁਰਾਕ ਖੇਤਰਾਂ ਨੂੰ ਪ੍ਰੋਤਸਾਹਨ ਦੇਣਾ ਪਹਿਲਾ ਕੰਪੋਨੈਂਟ ਪਕਾਉਣ ਲਈ ਤਿਆਰ (ਰੈਡੀ-ਟੂ-ਕੁਕ) ਅਤੇ ਖਾਣ ਲਈ ਤਿਆਰ (ਰੈਡੀ-ਟੂ-ਈਟ) ਖੁਰਾਕ ਪਦਾਰਥ, ਪ੍ਰੋਸੈੱਸਡ ਫਲ ਅਤੇ ਸਬਜ਼ੀਆਂ, ਸਮੁੰਦਰੀ ਉਤਪਾਦ ਜਿਹੀਆਂ ਪ੍ਰਮੁੱਖ ਖੁਰਾਕ ਸ਼?ਰੇਣੀਆਂ ਵਿੱਚ ਉਤਪਾਦਨ ਵਧਾਉਣ 'ਤੇ ਕੇਂਦ੍ਰਿਤ ਹੈ। ਇਹ ਸ਼੍ਰੇਣੀਆਂ ਉਸ ਤਰ੍ਹਾਂ ਦੇ ਖੇਤਰ ਹਨ ਜਿਨ੍ਹਾਂ ਵਿੱਚ ਭਾਰਤ ਘਰੇਲੂ ਖਪਤ ਅਤੇ ਨਿਰਯਾਤ ਸਮਰੱਥਾ, ਦੋਹਾਂ ਵਿੱਚ ਤੇਜ਼ੀ ਨਾਲ ਵਿਸਤਾਰ ਕਰ ਸਕਦਾ ਹੈ। ਨਵੀਨਤਾ ਅਤੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ) ਦੀ ਭਾਗੀਦਾਰੀ ਨੂੰ ਪ੍ਰੋਤਸਾਹਨ ਦੇਣਾ ਦੂਜਾ ਕੰਪੋਨੈਂਟ ਐੱਮਐੱਸਐੱਮਈ ਦੁਆਰਾ ਵਿਕਸਿਤ ਨਵੀਨਤਾਕਾਰੀ ਅਤੇ ਜੈਵਿਕ ਖੁਰਾਕ ਉਤਪਾਦਾਂ ਨੂੰ ਸਮਰਥਨ ਪ੍ਰਦਾਨ ਕਰਦਾ ਹੈ। ਛੋਟੇ ਅਤੇ ਦਰਮਿਆਨੇ ਉੱਦਮ ਭਾਰਤ ਦੇ ਖੁਰਾਕ ਖੇਤਰ ਦੀ ਰੀੜ੍ਹ ਦੀ ਹੱਡੀ ਹਨ ਅਤੇ



ਸਮਾਵੇਸ਼ੀ ਵਿਕਾਸ ਲਈ ਆਧੁਨਿਕ ਸਪਲਾਈ ਚੇਨਸ ਦੇ ਨਾਲ ਉਨ੍ਹਾਂ ਦਾ ਜੁੜਾਅ ਬਹੁਤ ਹੀ ਜ਼ਰੂਰੀ ਹੈ। ਪੋਸ਼ਕ ਅਨਾਜ (ਮਿਲੇਟ) ਨਾਲ ਸਬੰਧਿਤ ਨਵੀਨਤਾ: ਪਰੰਪਰਾ ਨੂੰ ਆਧੁਨਿਕ ਬਜ਼ਾਰਾਂ ਨਾਲ ਜੋੜਨਾ ਵਰ੍ਹੇ 2023 ਵਿੱਚ, ਅੰਤਰਰਾਸ਼ਟਰੀ ਪੋਸ਼ਕ ਅਨਾਜ (ਮਿਲੇਟਸ) ਵਰ੍ਹੇ ਦੇ ਮੌਕੇ ਵਿੱਚ, ਮੰਤਰਾਲੇ ਨੇ ਪੀਐੱਲਆਈ ਯੋਜਨਾ ਦੇ ਤਹਿਤ ਇੱਕ ਵਿਸ਼ੇਸ਼ ਪਹਿਲ ਦੀ ਸ਼ੁਰੂਆਤ ਕੀਤੀ। ਇਸ ਪਹਿਲ ਦਾ ਉਦੇਸ਼ ਪਕਾਉਣ ਲਈ ਤਿਆਰ (ਰੈਡੀ-ਟੂ-ਕੁਕ) ਅਤੇ ਖਾਣ ਲਈ ਤਿਆਰ (ਰੈਡੀ-ਟੂ-ਈਟ) ਉਤਪਾਦਾਂ ਵਿੱਚ ਮਿਲੇਟਸ ਦੇ ਉਪਯੋਗ ਨੂੰ ਪ੍ਰੋਤਸਾਹਿਤ ਕਰਨਾ ਸੀ। ਮਿਲੇਟਸ ਜਲਵਾਯੂ ਪਰਿਵਰਤਨ ਦੇ ਪ੍ਰਤੀ ਪ੍ਰਤੀਰੋਧੀ, ਵਧੇਰੇ ਪੌਸ਼ਟਿਕ ਅਤੇ ਭਾਰਤ ਦੀ ਖੇਤੀਬਾੜੀ ਪਰੰਪਰਾਵਾਂ ਵਿੱਚ ਡੂੰਘਾਈ ਨਾਲ ਜੁੜੇ ਹੋਏ ਹਨ। ਆਧੁਨਿਕ ਪ੍ਰੋਸੈੱਸਡ ਖੁਰਾਕ ਪਦਾਰਥਾਂ ਵਿੱਚ ਮਿਲੇਟਸ ਦਾ ਸਮਾਵੇਸ਼ ਕਰਕੇ, ਇਹ ਯੋਜਨਾ ਪੋਸ਼ਣ ਸਬੰਧੀ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਦੇ ਪ੍ਰਤੀ ਪ੍ਰਤੀਰੋਧੀ ਖੇਤੀਬਾੜੀ ਨੂੰ ਇਕੱਠੇ ਹੁਲਾਰਾ ਦਿੰਦੀ ਹੈ। ਪੀਐੱਲਆਈ ਯੋਜਨਾ ਦੇ ਤਹਿਤ ਬਹੁਤ ਹੀ ਘੱਟ ਸਮੇਂ ਵਿੱਚ ਹਾਸਲ ਕੀਤੀ ਗਈ ਤਰੱਕੀ ਉਦਯੋਗ ਜਗਤ ਵੱਲ ਮਿਲੀ ਸਕਾਰਾਤਮਕ ਪ੍ਰਤੀਕਿਰਿਆ ਅਤੇ ਇਸ ਨੀਤੀ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੀ ਹੈ।

**ਹੁਣ ਤੱਕ:** ਇਸ ਯੋਜਨਾ ਦੇ ਤਹਿਤ 165 ਕੰਪਨੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 68 ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐੱਮਐੱਸਐੱਮਈ) ਹਨ, ਨਾਲ ਹੀ ਵੱਡੀਆਂ ਕੰਪਨੀਆਂ ਦੇ 40 ਕੰਟਰੈਕਟ ਨਿਰਮਾਤਾ ਵੀ ਸ਼ਾਮਲ ਹਨ। ਕੁੱਲ ਮਿਲਾ ਕੇ 9,207 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਚੁੱਕਿਆ ਹੈ। ਪ੍ਰਤੀ ਵਰ੍ਹੇ ਲਗਭਗ 35 ਲੱਖ ਮੀਟ੍ਰਿਕ ਟਨ ਦੀ ਨਵੀਂ ਪ੍ਰੋਸੈੱਸਿੰਗ ਅਤੇ ਸੰਭਾਲ ਸਬੰਧੀ ਸਮਰੱਥਾ ਪੈਦਾ ਕੀਤੀ ਗਈ ਹੈ। ਇਸ ਯੋਜਨਾ ਨਾਲ ਪ੍ਰਤੱਖ ਅਤੇ ਅਪ੍ਰਤੱਖ ਤੌਰ 'ਤੇ 3.29 ਲੱਖ ਰੁਜ਼ਗਾਰ ਪੈਦਾ ਹੋਏ ਹਨ। ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਇਸ ਯੋਜਨਾ ਦਾ ਮੁੱਖ ਟੀਚਾ 25 ਲੱਖ ਰੁਜ਼ਗਾਰ ਪੈਦਾ ਕਰਨਾ ਸੀ। ਇਸ ਖੇਤਰ ਨੇ ਪਹਿਲਾਂ ਹੀ ਇਸ ਟੀਚੇ ਦਾ 131 ਪ੍ਰਤੀਸ਼ਤ ਹਿੱਸਾ ਹਾਸਲ ਕਰ ਲਿਆ ਹੈ। ਪੀਐੱਲਆਈ ਸਮਰਥਿਤ ਕਪੰਨੀਆਂ ਦੁਆਰਾ ਪ੍ਰੋਸੈੱਸਡ ਖੇਤੀਬਾੜੀ ਉਤਪਾਦਾਂ ਦੀ ਵਿਕਰੀ ਵਿੱਚ ਵੀ 2019-20 ਤੋਂ 13.23 ਪ੍ਰਤੀਸ਼ਤ ਦਾ ਮਿਸ਼ਰਿਤ ਸਲਾਨਾ ਵਾਧਾ ਦਰਜ ਕੀਤਾ ਗਿਆ ਹੈ। (ਨਿਰਯਾਤ ਵਿੱਚ ਵਾਧਾ ਦਰ 2019-20 ਤੋਂ 7.41 ਪ੍ਰਤੀਸ਼ਤ ਦਾ ਹੈ) ਵੱਖ-ਵੱਖ ਪੀਐੱਲਆਈ ਯੋਜਨਾਵਾਂ ਦਰਮਿਆਨ ਇੱਕ ਚਮਕਦਾ ਸਿਤਾਰਾ ਉਤਪਾਦਨ 'ਤੇ ਅਧਾਰਿਤ ਪ੍ਰੋਤਸਾਹਨ (ਪੀਐੱਲਆਈ) ਯੋਜਨਾ ਭਾਰਤੀ ਅਰਥਵਿਵਸਥਾ ਦੇ 14 ਖੇਤਰਾਂ ਨੂੰ ਕਵਰ ਕਰਦੀ ਹੈ। ਇਨ੍ਹਾਂ ਵਿੱਚੋਂ, ਫੂਡ ਪ੍ਰੋਸੈੱਸਿੰਗ ਨਾਲ ਸਬੰਧਿਤ ਪੀਐੱਲਆਈ ਸਭ ਤੋਂ ਪ੍ਰਭਾਵਸ਼ਾਲੀ ਯੋਜਨਾਵਾਂ ਵਿੱਚੋਂ ਇੱਕ ਬਣ ਕੇ ਉਭਰੀ ਹੈ। ਕੁੱਲ ਪੀਐੱਲਆਈ ਸਬਸਿਡੀ ਵੰਡ ਵਿੱਚ ਫੂਡ ਪ੍ਰੋਸੈੱਸਿੰਗ ਖੇਤਰ ਦਾ ਹਿੱਸਾ ਸਿਰਫ਼ 8 ਤੋਂ 9 ਪ੍ਰਤੀਸ਼ਤ ਹੀ ਹੋਣ ਦੇ ਬਾਵਜੂਦ, ਇਸ ਨੇ ਤਮਾਮ ਪੀਐੱਲਆਈ ਯੋਜਨਾਵਾਂ ਦੇ ਤਹਿਤ ਸਿਰਜਿਤ ਕੀਤੇ ਗਏ ਕੁੱਲ ਰੁਜ਼ਗਾਰਾਂ ਵਿੱਚੋਂ ਲਗਭਗ 42 ਪ੍ਰਤੀਸ਼ਤ ਰੁਜ਼ਗਾਰ ਪੈਦਾ ਕੀਤੇ ਹਨ। ਹੁਣ ਤੱਕ, ਇਸ ਯੋਜਨਾ ਦੇ ਤਹਿਤ ਕੁੱਲ 2715 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਇਹ ਕੁੱਲ ਖਰਚੇ ਦਾ ਲਗਭਗ 25 ਪ੍ਰਤੀਸ਼ਤ ਹਿੱਸਾ ਹੈ। ਇਹ ਸਾਬਤ ਕਰਦਾ ਹੈ ਕਿ ਫੂਡ ਪ੍ਰੋਸੈੱਸਿੰਗ ਭਾਰਤ ਦੇ ਮੈਨੂਫੈਕਚਰਿੰਗ ਈਕੋਸਿਸਟਮ ਵਿੱਚ ਸਭ ਤੋਂ ਵੱਧ ਰੁਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਵਿੱਚੋਂ ਇੱਕ ਹੈ। ਖਪਤਕਾਰਾਂ ਦੀ ਬਦਲਦੀ ਜੀਵਨ ਸ਼ੈਲੀ ਦੇ ਅਨੁਰੂਪ ਬਦਲਾਅ

ਭਾਰਤ ਦੇ ਜਨਸੰਖਿਆ ਪਰਿਵਰਤਨ ਦਾ ਪ੍ਰਭਾਵ ਖੁਰਾਕ ਉਦਯੋਗ 'ਤੇ ਵੀ ਪੈ ਰਿਹਾ ਹੈ।

ਨੌਜਵਾਨ ਅਤੇ ਸ਼ਹਿਰੀਕਰਣ ਵੱਲ ਵਧ ਰਹੀ ਆਬਾਦੀ ਦੀਆਂ ਵਧਦੀਆਂ ਮੰਗਾਂ ਇਸ ਪ੍ਰਕਾਰ ਹਨ:

ਖੁਰਾਕ ਸਬੰਧੀ ਸੁਵਿਧਾਜਨਕ ਉਪਾਅ ਸਵੱਛ ਪੈਕੇਜਿੰਗ ਸੁਰੱਖਿਅਤ ਅਤੇ ਪੌਸ਼ਟਿਕ ਖਾਣ ਲਈ ਤਿਆਰ (ਰੈਡੀ-ਟੂ-ਈਟ) ਉਤਪਾਦ ਬੰਗਲੁਰੂ, ਮੁੰਬਈ ਜਾਂ ਦਿੱਲੀ ਵਰਗੇ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ ਪੇਸ਼ੇਵਰ ਅਕਸਰ ਪਕਾਉਣ ਲਈ ਤਿਆਰ (ਰੈਡੀ-ਟੂ-ਕੁਕ) ਜਾਂ ਖਾਣ ਲਈ ਤਿਆਰ (ਰੈਡੀ-ਟੂ-ਈਟ) ਜਿਹੇ ਗੁਣਵੱਤਾਪੂਰਨ ਭੋਜਨ ਦੀ ਭਾਲ ਵਿੱਚ ਰਹਿੰਦੇ ਹਨ ਜੋ ਉਨ੍ਹਾਂ ਦੀ ਤੇਜ਼-ਰਫ਼ਤਾਰ ਜੀਵਨ ਸ਼ੈਲੀ ਦੇ ਅਨੁਕੂਲ ਹੋਣ। ਖੁਰਾਕ ਸੁਰੱਖਿਆ ਤੋਂ ਖੁਰਾਕ ਅਗਵਾਈ ਵੱਲ ਭਾਰਤ ਦੀ ਭਰਪੂਰ ਖੇਤੀਬਾੜੀ ਸੰਪਦਾ ਇਸ ਦੀ ਸਭ ਤੋਂ ਵੱਡੀ ਤਾਕਤ ਹੈ। ਸਾਡੇ ਸਾਹਮਣੇ ਇਸ ਭਰਪੂਰ ਸੰਪਦਾ ਨੂੰ ਟਿਕਾਊ ਆਰਥਿਕ ਮੁੱਲ ਵਿੱਚ ਬਦਲਣ ਦੀ ਚੁਣੌਤੀ ਹੈ। ਫੂਡ ਪ੍ਰੋਸੈੱਸਿੰਗ ਉਦਯੋਗ ਨਾਲ ਸਬੰਧਿਤ ਉਤਪਾਦਨ-ਅਧਾਰਿਤ ਪ੍ਰੋਤਸਾਹਨ ਯੋਜਨਾ ਇਸ ਤਬਦੀਲੀ ਨੂੰ ਗਤੀ ਦੇਣ ਵਿੱਚ ਸਹਾਇਕ ਸਾਬਿਤ ਹੋ ਰਹੀ ਹੈ ਅਤੇ ਖੁਰਾਕ ਸੁਰੱਖਿਆ ਤੋਂ ਅੱਗੇ ਵਧ ਕੇ ਵਿਸ਼ਵਵਿਆਪੀ ਪੱਧਰ 'ਤੇ ਅਨਾਜ ਦੇ ਮਾਮਲੇ ਵਿੱਚ ਅਗਵਾਈ ਦਾ ਸੁਪਨਾ ਜਲਦੀ ਹੀ ਸਾਕਾਰ ਹੋਣ ਵਾਲਾ ਹੈ।

ਅਵਿਨਾਸ਼ ਜੋਸ਼ੀ

**(ਲੇਖਕ ਆਈਏਐੱਸ ਅਧਿਕਾਰੀ ਅਤੇ ਫੂਡ ਪ੍ਰੋਸੈੱਸਿੰਗ ਉਦਯੋਗ ਮੰਤਰਾਲੇ ਦੇ ਸਕੱਤਰ ਹਨ)**

# ਨਾਰੰਗੀ ਅਰਥਚਾਰਾ: ਕਬਾਇਲੀ ਕਲਾ, ਦਸਤਕਾਰੀ ਅਤੇ ਰੋਜ਼ੀ-ਰੋਟੀ

ਵਰਸ਼ਾਂਗ ਖੈਯਰ ਮਨੀਪੁਰ ਦੇ ਉਖਰੂਲ ਜ਼ਿਲ੍ਹੇ ਦੇ ਲੋਂਗਪੀ ਪਿੰਡ ਦਾ ਵਸਨੀਕ ਹੈ; ਉਹ ਪਿੰਡ ਵਿੱਚ ਉਪਲਬਧ ਮਿੱਟੀ ਅਤੇ ਸਰਪਨਾਈਟ ਦੀ ਵਰਤੋਂ ਕਰਕੇ ਮਿੱਟੀ ਦੇ ਭਾਂਡੇ ਬਣਾ ਕੇ ਆਪਣੇ ਅਤੇ ਆਪਣੇ ਪਰਿਵਾਰ ਲਈ ਰੋਜ਼ੀ-ਰੋਟੀ ਕਮਾਉਂਦਾ ਹੈ। ਸਥਾਨਕ ਤਾਂਗਖੁਲ ਨਾਗਾ ਕਬੀਲਿਆਂ ਦੇ ਅਨੁਸਾਰ, ਇਹ ਪਰੰਪਰਾਗਤ ਦਸਤਕਾਰੀ ਦੇਵੀ ਪੰਥੋਈਬੀ ਦੀ ਕਿਰਪਾ ਹੈ; ਅੱਜ, ਇਹ ਉਨ੍ਹਾਂ ਦੀ ਆਮਦਨ ਦੇ ਮੁੱਖ ਸਰੋਤ ਵਜੋਂ ਕੰਮ ਕਰ ਰਹੀ ਹੈ ਅਤੇ ਇਸ ਨੇ ਛੋਟੇ ਜਿਹੇ ਪਿੰਡ ਨੂੰ ਦੁਨੀਆ ਨਕਸ਼ੇ 'ਤੇ ਜਗ?ਹਾ ਦਿੱਤੀ ਹੈ। ਇਸੇ ਤਰ੍ਹਾਂ, ਤਾਮਿਲਨਾਡੂ ਦੇ ਉਧਗਮੰਡਲਮ ਜ਼ਿਲ੍ਹੇ ਦੇ ਪਗਲਕੋਡ ਮੰਡ ਪਿੰਡ ਵਿੱਚ ਰਹਿਣ ਵਾਲੀ ਨੌਰਥੀ ਕੁੱਟਨ, ਕਢਾਈ ਦੀ ਰਵਾਇਤੀ ਕਲਾ ਰਾਹੀਂ ਆਪਣੀ ਰੋਜ਼ੀ-ਰੋਟੀ ਕਮਾਉਂਦੀ ਹੈ। ਇਹ ਕਢਾਈ ਸ਼ੈਲੀ ਟੋਡਾ ਕਬਾਇਲੀ ਭਾਈਚਾਰੇ ਵਲੋਂ ਕੀਤੀ ਜਾਂਦੀ ਹੈ, ਜੋ ਨੀਲਗਿਰੀ ਦੇ ਹਰੇ-ਭਰੇ ਜੰਗਲਾਂ ਵਿੱਚ ਰਹਿੰਦੇ ਹਨ। ਇਹ ਦਸਤਕਾਰੀ ਕੁਦਰਤ ਅਤੇ ਭਾਈਚਾਰਕ ਬੰਧਨਾਂ ਦਾ ਜਸ਼ਨ ਮਨਾਉਂਦੀ ਹੈ, ਜਿਸ ਕੋਲ ਜੀਆਈ (ਭੂਗੋਲਿਕ ਸੰਕੇਤ) ਟੈਗ ਹੈ; ਇਹ ਮੇਜ਼ਾਂ ਲਈ ਗਲੀਚਿਆਂ, ਦੌੜਾਕ ਜੈਕਟਾਂ ਅਤੇ ਹੋਰ ਚੀਜ਼ਾਂ 'ਤੇ ਸ਼ਾਨਦਾਰ ਢੰਗ ਨਾਲ ਕਢਾਈ ਕੀਤੀ ਗਈ ਹੈ ਅਤੇ ਸਮਕਾਲੀ ਵਰਤੋਂ ਵਿੱਚ ਇਸਨੇ ਮਹੱਤਵਪੂਰਨ ਪ੍ਰਸਿੱਧੀ ਹਾਸਲ ਕੀਤੀ ਹੈ। ਖੈਯਰ ਅਤੇ ਕੁੱਟਨ ਦੋਵੇਂ ਆਪਣੇ ਰਵਾਇਤੀ ਕਬਾਇਲੀ ਕਲਾ ਰੂਪਾਂ ਦੇ ਵਿਕਸਤ ਰੂਪ ਦਾ ਅਭਿਆਸ ਕਰਕੇ ਲਗਭਗ ?6-8 ਲੱਖ ਸਾਲਾਨਾ ਕਮਾਉਂਦੇ ਹਨ।

ਕਬਾਇਲੀ ਰੋਜ਼ੀ-ਰੋਟੀ ਲੰਬੇ ਸਮੇਂ ਤੋਂ ਸਵਦੇਸ਼ੀ ਗਿਆਨ ਅਤੇ ਪਰੰਪਰਾਗਤ ਅਭਿਆਸਾਂ ਨਾਲ ਜੁੜੀ ਹੋਈ ਹੈ, ਜਿੱਥੇ ਰਚਨਾਤਮਕਤਾ ਦਸਤਕਾਰੀ, ਪਰੰਪਰਾਵਾਂ, ਕੱਪੜਾ, ਸੰਗੀਤ, ਨਾਚ, ਕਹਾਣੀ ਸੁਣਾਉਣ ਅਤੇ ਭਾਸ਼ਾਵਾਂ ਵਿੱਚ ਸ਼ਾਮਲ ਹੈ। ਇਹ ਸਿਰਫ਼ ਉਤਪਾਦ ਜਾਂ ਸੇਵਾਵਾਂ ਨਹੀਂ ਹਨ, ਸਗੋਂ ਗਿਆਨ ਦੀਆਂ ਜੀਵਤ ਵਿਰਾਸਤਾਂ ਹਨ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਚੱਲਦੀਆਂ ਹਨ। ਕਬਾਇਲੀ ਭਾਈਚਾਰਿਆਂ ਕੋਲ ਮੌਜੂਦ ਰਚਨਾਤਮਕ ਅਸਾਸੇ ਮਹੱਤਵਪੂਰਨ ਆਰਥਿਕ ਮੁੱਲ ਰੱਖਦੇ ਹਨ; ਰਵਾਇਤੀ ਲੋਕਾਚਾਰ ਪ੍ਰਤੀ ਸੰਵੇਦਨਸ਼ੀਲ ਰਹਿੰਦੇ ਹੋਏ ਜੇਕਰ ਸਥਾਈ ਤੌਰ 'ਤੇ ਵਰਤੋਂ ਕੀਤੀ ਜਾਵੇ ਤਾਂ ਇਹ ਅਸਾਸੇ 'ਨਾਰੰਗੀ ਅਰਥਚਾਰੇ' ਨੂੰ ਉਤਪ੍ਰੇਰਕ ਕਰ ਸਕਦੇ ਹਨ ਅਤੇ ਇਸ ਈਕੋਸਿਸਟਮ ਦੇ ਅੰਦਰ ਆਮਦਨ ਪੈਦਾ ਕਰਨ ਵਾਲੇ ਮੌਕੇ ਸਿਰਜ ਸਕਦੇ ਹਨ। ਨਾਰੰਗੀ ਅਰਥਚਾਰਾ - ਇੱਕ ਸ਼ਬਦ ਹੈ ਜੋ ਰਚਨਾਤਮਕ ਅਰਥਵਿਵਸਥਾ ਨੂੰ ਦਰਸਾਉਣ ਲਈ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ - ਜਿਸਦਾ ਅਨੁਮਾਨ ਯੂਐੱਨਸੀਟੀਏਡੀ (ਸੰਯੁਕਤ ਰਾਸ਼ਟਰ ਵਪਾਰ ਅਤੇ ਵਿਕਾਸ ਕਾਨਫਰੰਸ) ਵਲੋਂ £2 ਟ੍ਰਿਲੀਅਨ ਅਤੇ £2.25 ਟ੍ਰਿਲੀਅਨ ਵਿਚਾਲੇ ਲਾਇਆ ਗਿਆ ਹੈ, ਜੋ ਕਿ ਆਲਮੀ ਜੀਡੀਪੀ ਦਾ ਲਗਭਗ 3.1% ਬਣਦਾ ਹੈ। ਭਾਰਤ ਵਿੱਚ, ਜਦੋਂ ਕਿ ਹੱਥ-ਖੱਡੀ ਅਤੇ ਦਸਤਕਾਰੀ ਖੇਤਰਾਂ ਲਈ ਮਜ਼ਬੂਤ ਅੰਕੜੇ ਮੌਜੂਦ ਹਨ, ਕਬਾਇਲੀ ਦਸਤਕਾਰੀ ਅਤੇ ਰੋਜ਼ੀ-ਰੋਟੀ ਸਬੰਧੀ ਅੰਕੜਿਆਂ ਦੀ ਘਾਟ ਹੈ। ਫਿਰ ਵੀ, ਇਸਦਾ ਰਣਨੀਤਕ ਅਸਰ ਸਪੱਸ਼ਟ ਹੈ: ਕਬਾਇਲੀ ਕਲਾ ਅਤੇ ਦਸਤਕਾਰੀ ਪੇਂਡੂ ਰੋਜ਼ੀ-ਰੋਟੀ ਦੀ ਇੱਕ ਸ਼੍ਰੇਣੀ ਨੂੰ ਦਰਸਾਉਂਦੇ ਹਨ ਜੋ ਸਿਰਜਣਾਤਮਕ ਵਸਤੂਆਂ ਦੀ ਆਲਮੀ ਮੰਗ ਨੂੰ ਸਿੱਧੇ ਤੌਰ 'ਤੇ ਪੂਰਾ ਕਰ ਸਕਦੇ ਹਨ, ਬਸ਼ਰਤੇ ਪ੍ਰਮਾਣਿਕਤਾ, ਕੁਸ਼ਲ ਲੌਜਿਸਟਿਕਸ ਅਤੇ ਗੁਣਵੱਤਾ ਨਿਯੰਤਰਣ ਨੂੰ ਯਕੀਨੀ ਬਣਾਉਣ ਲਈ ਪ੍ਰਣਾਲੀਆਂ ਮੌਜੂਦ ਹੋਣ।

ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤ ਦੀ ਅਨੁਸੂਚਿਤ ਕਬੀਲਿਆਂ ਦੀ ਆਬਾਦੀ 104 ਮਿਲੀਅਨ ਹੈ, ਜੋ ਕਿ ਦੇਸ਼ ਦੀ ਕੁੱਲ ਆਬਾਦੀ ਦਾ ਲਗਭਗ 8.6% ਬਣਦੀ ਹੈ। ਲਗਭਗ 700 ਵੱਖਰੇ ਕਬਾਇਲੀ ਭਾਈਚਾਰੇ ਵਿਭਿੰਨ ਖੇਤਰਾਂ ਜੰਗਲ, ਪਹਾੜ, ਮੈਦਾਨ ਅਤੇ ਸਰਹੱਦੀ ਖੇਤਰ ਵਿੱਚ ਵਸਦੇ ਹਨ। ਇਹ ਵਿਭਿੰਨਤਾ ਇੱਕ ਸਿੱਧਾ ਆਰਥਿਕ ਸਬੰਧ ਹੈ। ਇਹ ਖਾਸ ਈਕੋਸਿਸਟਮ ਵਾਤਾਵਰਣ ਦੇ ਅਨੁਸਾਰ ਤਿਆਰ ਦਸਤਕਾਰੀ ਵਿੱਚ ਇੱਕ ਮੁਹਾਰਤ ਨੂੰ ਦਰਸਾਉਂਦੀ ਹੈ— ਜਿਵੇਂ ਕਿ ਜੰਗਲੀ ਖੇਤਰਾਂ ਵਿੱਚ ਬਾਂਸ ਅਤੇ ਸੋਟੀਆਂ ਦਾ ਕੰਮ, ਖਣਿਜਾਂ ਨਾਲ ਭਰਪੂਰ ਖੇਤਰਾਂ ਵਿੱਚ ਧਾਤ ਅਤੇ ਮਿੱਟੀ ਦੇ ਭਾਂਡੇ ਦੀ ਦਸਤਕਾਰੀ ਅਤੇ ਬੁਣਤੀ ਗਲਿਆਰਿਆਂ ਦੇ ਅੰਦਰ ਕੱਪੜਾ ਪਰੰਪਰਾਵਾਂ। ਸਿੱਟੇ ਵਜੋਂ, ਭਾਰਤ ਦੇ ਕਬਾਇਲੀ ਖੇਤਰ ਸਿਰਫ਼ ਇੱਕ-ਅਨੁਕੂਲ ਕਬਾਇਲੀ ਸ਼ਿਲਪ ਖੇਤਰ ਹੋਣ ਦੀ ਬਜਾਏ ਵਿਭਿੰਨ ਅਰਥਵਿਵਸਥਾਵਾਂ ਨਾਲ ਦਰਸਾਏ ਗਏ ਹਨ। ਇਸ ਲਈ, ਨੀਤੀ ਨਿਰਮਾਣ ਖੇਤਰੀ ਤੌਰ 'ਤੇ ਵੱਖਰਾ ਹੋਣਾ ਚਾਹੀਦਾ ਹੈ ਅਤੇ ਸਾਰਿਆਂ ਨੂੰ ਢੁਕਵੀਂ ਸ਼ਿਲਪ ਯੋਜਨਾ ਦੀ ਪਹੁੰਚ ਦੀ ਪਾਲਣਾ ਨਹੀਂ ਕਰਨੀ ਚਾਹੀਦੀ। ਨੀਤੀਆਂ ਨੂੰ ਕੱਚੇ ਮਾਲ, ਡਿਜ਼ਾਈਨ ਅਤੇ ਗੁਣਵੱਤਾ ਨਾਲ ਸਬੰਧਤ ਮੁੱਦਿਆਂ, ਅਤੇ ਬਜ਼ਾਰ ਸਬੰਧਾਂ ਦੀਆਂ ਹੱਦਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਵਰਤਮਾਨ ਵਿੱਚ, ਕਬਾਇਲੀ ਕਲਾਵਾਂ ਅਤੇ ਸ਼ਿਲਪਕਾਰੀ ਨਾਲ ਜੁੜੀ ਰੋਜ਼ੀ-ਰੋਟੀ ਪ੍ਰਣਾਲੀ ਵੱਖ-ਵੱਖ ਮੰਤਰਾਲਿਆਂ ਅਤੇ ਸੰਸਥਾਵਾਂ ਦੀਆਂ ਪਰਸਪਰ ਜ਼ਿੰਮੇਵਾਰੀਆਂ ਨਾਲ ਸਰੂਪ ਹਾਸਲ ਕਰਦੀ ਹੈ। ਕਬਾਇਲੀ ਮਾਮਲਿਆਂ ਬਾਰੇ ਮੰਤਰਾਲਾ ਇਸਦਾ ਧੁਰਾ ਹੈ ਅਤੇ ਵਿਕਾਸ ਲਈ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ 'ਤੇ ਕੰਮ ਕਰਦਾ ਹੈ ਅਤੇ ਟ?ਰਾਈਫੈਡ (ਕਬਾਇਲੀ ਸਹਿਕਾਰੀ ਮਾਰਕੀਟਿੰਗ ਵਿਕਾਸ ਫੈਡਰੇਸ਼ਨ ਆਫ਼ ਇੰਡੀਆ ਲਿਮਟਿਡ) ਰਾਹੀਂ ਬਜ਼ਾਰ ਸੰਪਰਕ ਪ੍ਰਦਾਨ ਕਰਦਾ ਹੈ ਜੋ ਇੱਕ ਮੁੱਖ ਮਾਰਕੀਟ ਆਪਰੇਟਰ ਵਜੋਂ ਕੰਮ ਕਰਦਾ ਹੈ। ਟ?ਰਾਈਫੈਡ ਵਣ ਧਨ ਵਿਕਾਸ ਕੇਂਦਰਾਂ (ਵੀਡੀਵੀਕੇ) ਦਾ ਸਮਰਥਨ ਕਰਦਾ ਹੈ ਜੋ ਖਰੀਦਦਾਰੀ ਅਤੇ ਮੁੱਲ ਜੋੜ ਲਈ ਜ਼ਮੀਨੀ ਪੱਧਰ ਦੀਆਂ ਇਕਾਈਆਂ ਹਨ ਅਤੇ ਉਤਪਾਦਕਾਂ ਨੂੰ ਖਰੀਦਦਾਰਾਂ ਅਤੇ ਸੰਸਥਾਗਤ ਭਾਈਵਾਲਾਂ ਨਾਲ ਜੋੜਨ ਲਈ ਟ?ਰਾਈਬਜ਼ ਇੰਡੀਆ ਆਊਟਲੈਟਾਂ ਅਤੇ ਆਦਿ ਮਹੋਤਸਵ/ਹਾਟਾਂ ਰਾਹੀਂ ਪ੍ਰਚੂਨ ਮੰਡੀਕਰਨ ਕਰਦਾ ਹੈ। ਕੱਪੜਾ ਮੰਤਰਾਲਾ ਰਾਸ਼ਟਰੀ ਹੈਂਡਲੂਮ ਵਿਕਾਸ ਪ੍ਰੋਗਰਾਮ (ਐੱਨਐੱਚਡੀਪੀ) ਰਾਹੀਂ ਸ਼ਿਲਪਕਾਰੀ ਅਤੇ ਵਿਆਪਕ ਹੈਂਡਲੂਮ/ਹਸਤਕਾਰੀ ਕਲੱਸਟਰ ਵਿਕਾਸ ਯੋਜਨਾਵਾਂ (ਸੀਐੱਚਸੀਡੀਐੱਸ) ਰਾਹੀਂ ਕਲੱਸਟਰ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਕਾਰੀਗਰਾਂ ਦੇ ਡੇਟਾਬੇਸ ਨੂੰ ਬਣਾਈ ਰੱਖਦਾ ਹੈ। ਐੱਮ ਐੱਸ ਐੱਮ ਈ ਮੰਤਰਾਲਾ ਰਵਾਇਤੀ ਉਦਯੋਗਾਂ ਦੀ ਮੁੜ ਸੁਰਜੀਤੀ ਲਈ ਫੰਡ ਸਕੀਮ (ਸਫੁਰਤੀ) ਰਾਹੀਂ ਕਲੱਸਟਰ ਮੁੜ ਸੁਰਜੀਤੀ ਅਤੇ ਵਿਕਰੀ ਯੋਗਤਾ ਦਾ ਸਮਰਥਨ ਕਰਦਾ ਹੈ, ਸਪੱਸ਼ਟ ਤੌਰ 'ਤੇ ਸਪਲਾਈ-ਸੰਚਾਲਤ ਤੋਂ ਮੰਡੀ-ਸੰਚਾਲਤ ਮਾਡਲਾਂ ਵੱਲ ਬਦਲਦਾ ਹੈ ਅਤੇ ਇੱਕ ਚੈਨਲ ਵਜੋਂ ਈ-ਕਾਮਰਸ 'ਤੇ ਜ਼ੋਰ ਦਿੰਦਾ ਹੈ।



ਰੰਜਨਾ ਚੋਪੜਾ

ਇਹ ਤਜਰਬਾ ਦਰਸਾਉਂਦਾ ਹੈ ਕਿ ਪੇਂਡੂ ਰੋਜ਼ੀ-ਰੋਟੀ ਮੁੱਲ-ਲੜੀ ਨੂੰ ਚੁਣੌਤੀ ਦਿੱਤੀ ਜਾਂਦੀ ਹੈ ਕਿਉਂਕਿ ਇਹ ਕਮਜ਼ੋਰ ਹਨ, ਕਾਰੀਗਰ ਸਿੱਧੇ ਤੌਰ 'ਤੇ ਬਾਜ਼ਾਰਾਂ ਨਾਲ ਜੁੜੇ ਨਹੀਂ ਹਨ ਅਤੇ ਵਿਚੋਲਿਆਂ 'ਤੇ ਭਾਰੀ ਨਿਰਭਰਤਾ ਹੈ। ਇਹ ਕਾਰਕ ਹਾਸ਼ੀਏ ਨੂੰ ਘਟਾਉਂਦੇ ਹਨ ਅਤੇ ਮਾੜੀ ਵੇਅਰਹਾਊਸਿੰਗ ਅਤੇ ਏਕੀਕਰਨ ਪੈਮਾਨੇ ਦੀਆਂ ਆਰਥਿਕਤਾਵਾਂ ਨੂੰ ਰੋਕਦਾ ਹੈ। ਜੇਕਰ ਅਸੀਂ ਕਾਰੀਗਰ ਪਰਿਵਾਰਾਂ ਦੇ ਪੱਧਰ ਤੱਕ ਵਿਸ਼ਲੇਸ਼ਣ ਨੂੰ ਹੋਰ ਡੂੰਘਾਈ ਨਾਲ ਦੇਖੀਏ, ਤਾਂ ਜੋ ਪੈਟਰਨ ਦਿਖਾਈ ਦਿੰਦਾ ਹੈ ਉਹ ਮਿਸ਼ਰਤ ਅਰਥਵਿਵਸਥਾ ਦਾ ਹੈ। ਕਾਰੀਗਰ ਸ਼ਿਲਪਕਾਰੀ ਦੇ ਕੰਮ ਨੂੰ ਪੂਰਕ ਜਾਂ ਅੰਸ਼ਕ-ਸਮੇਂ ਦੇ ਰੁਜ਼ਗਾਰ ਵਜੋਂ ਮੰਨਦੇ ਹਨ, ਖ਼ਾਸ ਕਰਕੇ ਜਿੱਥੇ ਖੇਤੀਬਾੜੀ ਮੌਸਮੀ ਹੈ ਜਾਂ ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਯੋਗ ਹੈ। ਇਸ ਸਥਿਤੀ ਵਿੱਚ, ਮਾੜੀ ਕਰਜ਼ਾ ਯੋਗਤਾ ਅਤੇ ਉੱਦਮ ਵਿਕਾਸ, ਬਾਜ਼ਾਰ ਸੰਪਰਕ ਦੀ ਘਾਟ ਅਤੇ ਵਪਾਰੀਆਂ 'ਤੇ ਨਿਰਭਰਤਾ ਅਸੰਗਤ ਆਮਦਨੀ ਧਾਰਾ ਪੈਦਾ ਕਰਦੀ ਹੈ।ਹਾਲਾਂਕਿ, ਦਸਤਕਾਰੀ ਘੱਟ ਪੂੰਜੀ ਨਾਲ ਘਰ ਵਿੱਚ ਉੱਚ ਰਿਟਰਨ ਦੀ ਸੰਭਾਵਨਾ ਦੇ ਨਾਲ ਤਿਆਰ ਕੀਤੀ ਜਾ ਸਕਦੀ ਹੈ। ਦਸਤਕਾਰੀ ਦਖਲ ਅਕਸਰ ਔਰਤਾਂ ਦੇ ਰੁਜ਼ਗਾਰ, ਆਮਦਨ ਅਤੇ ਸੌਦੇਬਾਜ਼ੀ ਦੀ ਸ਼ਕਤੀ ਵਿੱਚ ਕੀਤੇ ਜਾਣ ਵਾਲੇ ਦਖਲ ਹੁੰਦੇ ਹਨ। ਅੰਦਾਜ਼ੇ ਦੱਸਦੇ ਹਨ ਕਿ ਹੱਥਖੱਡੀ ਸੈਕਟਰ ਦੇ ਅਧੀਨ 70 ਲੱਖ ਤੋਂ ਵੱਧ ਕਾਰੀਗਰਾਂ ਵਿੱਚੋਂ 56% ਤੋਂ 70% ਅਤੇ ਬੁਣਕਰਾਂ ਵਿੱਚੋਂ 72.29% ਔਰਤਾਂ ਹਨ। ਹੁਨਰ ਸੰਚਾਰ ਗੈਰ-ਰਸਮੀ ਹੈ ਅਤੇ ਆਮ ਤੌਰ 'ਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦਾ ਹੈ ਅਤੇ ਕਬਾਇਲੀ ਕਲਾ ਰੂਪਾਂ ਲਈ, ਜਿੱਥੇ ਸੱਭਿਆਚਾਰਕ ਅਰਥ ਤਕਨੀਕ ਅਤੇ ਬਿਰਤਾਂਤ ਵਿੱਚ ਸ਼ਾਮਲ ਹੁੰਦੇ ਹਨ, ਸੰਚਾਰ ਆਰਥਿਕ (ਹੁਨਰ) ਅਤੇ ਸੱਭਿਆਚਾਰਕ (ਪ੍ਰਮਾਣਿਕਤਾ) ਦੋਵੇਂ ਹੁੰਦਾ ਹੈ। ਕਬਾਇਲੀ ਮਾਮਲੇ ਮੰਤਰਾਲੇ ਅਧੀਨ ਤਿੰਨ ਮੌਜੂਦਾ ਮਾਡਲ ਮਜ਼ਬੂਤ ਸਬੰਧਾਂ ਲਈ ਮਾਰਗ ਪ੍ਰਦਾਨ ਕਰਦੇ ਹਨ: ਵੀਡੀਵੀਕੇ ਵਰਗੇ ਉਤਪਾਦਕ ਸਮੂਹ ਜੋ ਸਾਂਝਾ ਬੁਨਿਆਦੀ ਢਾਂਚਾ ਅਤੇ ਏਕੀਕਰਨ ਪ੍ਰਦਾਨ ਕਰਦੇ ਹਨ; ਟ੍ਰਾਈਬਜ਼ ਇੰਡੀਆ ਕਲੱਸਟਰਾਂ ਦੇ ਵਿਕਾਸ ਅਤੇ ਹੁਨਰ ਅੱਪਗ੍ਰੇਡੇਸ਼ਨ ਲਈ ਰਾਜ ਪੱਧਰ 'ਤੇ ਖਰੀਦਦਾਰ ਅਤੇ ਸਹਿਕਾਰੀ ਸੰਸਥਾਵਾਂ ਨਾਲ ਜੁੜਨ ਲਈ ਸਟੋਰ ਕਰਦਾ ਹੈ। ਉਦਾਹਰਣ ਵਜੋਂ, ਓਡੀਸ਼ਾ ਵਿੱਚ 150 ਵੀਡੀਵੀਕੇ ਕਾਰਜਸ਼ੀਲ ਹਨ ਜਿਨ੍ਹਾਂ ਦੀ ਸੰਚਤ ਵਿਕਰੀ 2,459.91 ਲੱਖ ਹੈ ਅਤੇ ਲਗਭਗ 40,000 ਕਬਾਇਲੀ ਉਤਪਾਦਕਾਂ ਨੂੰ ਏਕੀਕ੍ਰਿਤ ਕੀਤਾ ਗਿਆ ਹੈ। ਕਬਾਇਲੀ ਵਿਕਾਸ ਸਹਿਕਾਰੀ ਨਿਗਮ, ਇੱਕ ਸਿਖਰ ਪੱਧਰ ਦੀ ਸਹਿਕਾਰੀ ਸੰਸਥਾ ਹੈ, ਜੋ ਕਬਾਇਲੀ ਉਤਪਾਦਕਾਂ ਵਲੋਂ ਤਿਆਰ ਜੰਗਲ ਅਤੇ ਗੈਰ-ਜੰਗਲਾਤ ਅਧਾਰਤ ਵਸਤੂਆਂ ਦੀ ਮਾਰਕੀਟਿੰਗ ਅਤੇ ਬ੍ਰਾਂਡਿੰਗ ਦਾ ਕੰਮ ਕਰਦੀ ਹੈ। ਇਹ ਭਾਰਤ ਲਈ ਇੱਕ ਮੁੱਖ ਰਣਨੀਤਕ ਸਿਫ਼ਾਰਸ਼ਾਂ ਜਿਵੇਂ ਨਾਰੰਗੀ ਅਰਥਚਾਰੇ ਦੇ ਅੰਦਰ ਕਬਾਇਲੀ ਕਲਾਵਾਂ ਅਤੇ ਸ਼ਿਲਪਕਾਰੀ ਦੇ ਖੇਤਰੀ ਲੇਖੇ-ਜੋਖੇ ਵਿੱਚ ਸੁਧਾਰ, ਪ੍ਰਮਾਣਿਕਤਾ ਅਤੇ ਨੈਤਿਕ ਵਪਾਰ ਲਈ ਇੱਕ ਅਮਲ ਯੋਗ ਬੁਨਿਆਦੀ ਢਾਂਚਾ ਅਤੇ ਵਿਚੋਲਿਆਂ ਦੇ ਦਖਲ ਨੂੰ ਘੱਟ ਤੋਂ ਘੱਟ ਕਰਨ ਲਈ ਮਜ਼ਬੂਤ ਉਤਪਾਦਕ-ਮਾਲਕੀਅਤ ਵੰਡ ਚੈਨਲਾਂ ਦੀ ਲੋੜ ਨੂੰ ਉਜਾਗਰ ਕਰਦਾ ਹੈ। ਥੋੜ੍ਹੇ ਸਮੇਂ ਵਿੱਚ, ਭਾਰਤ ਟ?ਰਾਈਬਜ਼ ਫੈਸਟ ਵਰਗੇ ਉਤਸਵਾਂ ਨੂੰ ਖਰੀਦ ਪ੍ਰਕਿਰਿਆਵਾਂ, ਉਤਪਾਦ ਕੈਟਾਲਾਗ ਦੇ ਮਾਨਕੀਕਰਨ ਅਤੇ ਡਿਜੀਟਲਾਈਜ਼ੇਸ਼ਨ ਅਤੇ ਰਾਸ਼ਟਰੀ ਐੱਸਟੀ ਵਿੱਤ ਵਿਕਾਸ ਨਿਗਮ ਅਤੇ ਪੀਐੱਮ ਵਿਸ਼ਵਕਰਮਾ ਵਰਗੀਆਂ ਯੋਜਨਾਵਾਂ ਨਾਲ ਖਰੀਦਦਾਰ ਆਰਡਰਾਂ ਦੇ ਨਾਲ ਕ੍ਰੈਡਿਟ ਸਹਾਇਤਾ ਦੇ ਏਕੀਕਰਨ ਵਜੋਂ ਮੰਨਿਆ ਜਾਣਾ ਚਾਹੀਦਾ ਹੈ। ਹਾਲਾਂਕਿ, ਲੰਬੇ ਸਮੇਂ ਵਿੱਚ ਸਰਕਾਰ ਨੂੰ ਇੱਕ ਕਬਾਇਲੀ ਰਚਨਾਤਮਕ ਅਰਥਚਾਰਾ ਸੈਟੇਲਾਈਟ ਖਾਤਾ ਬਣਾਉਣ, ਨਿਰਯਾਤ ਗ੍ਰੇਡ ਪਾਲਣਾ ਅਤੇ ਬ੍ਰਾਂਡ ਢਾਂਚਾ ਬਣਾਉਣ ਅਤੇ ਕਬਾਇਲੀ ਕਲਾ ਲਈ ਇੱਕ ਭਾਰਤ ਲਈ ਢੁਕਵਾਂ ਨੈਤਿਕ ਵਪਾਰ ਕੋਡ ਬਣਾਉਣ 'ਤੇ ਵਿਚਾਰ ਕਰਨਾ ਹੋਵੇਗਾ। ਇਨ੍ਹਾਂ ਉਪਰਾਲਿਆਂ ਰਾਹੀਂ, ਕਬਾਇਲੀ ਨਾਰੰਗੀ ਅਰਥਚਾਰਾ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਉੱਠੇਗਾ ਅਤੇ ਵਿਕਸਿਤ ਭਾਰਤ 02047 ਦੀ ਯਾਤਰਾ ਵਿੱਚ ਸ਼ਾਮਲ ਹੋਵੇਗਾ।

**(ਲੇਖਕ ਕਬਾਇਲੀ ਮਾਮਲਿਆਂ ਬਾਰੇ ਮੰਤਰਾਲੇ ਦੇ ਸਕੱਤਰ ਹਨ)**

# ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ

ਜਦੋਂ ਅਸੀਂ ਛੋਟੇ ਸੀ ਉਸ ਵਕਤ 31 ਮਾਰਚ ਦੀ ਬਹੁਤ ਮਹੱਤਤਾ ਹੁੰਦੀ ਸੀ।ਸਲਾਨਾ ਰਿਜਲੱਟ ਬੱਚਿਆਂ ਦਾ ਸੁਣਾਇਆ ਜਾਂਦਾ ਸੀ।ਬੱਚਿਆਂ ਵਿੱਚ ਬੜ੍ਹਾ ਜੋਸ਼ ਤੇ ਉਤਸਾਹ ਹੁੰਦਾ ਸੀ। ਬੱਚੇ ਨਵੇਂ ਨਵੇਂ ਕੱਪੜੇ ਪਾਕੇ ਗੁਰਦੁਆਰੇ ਮੱਥਾ ਟੇਕ ਜਾਂਦੇ ਸਨ।ਪਹਿਲਾ ਵੱਡੀਆਂ ਕਲਾਸਾਂ ਤੇ ਫਿਰ ਛੋਟੀਆਂ ਕਲਾਸਾਂ ਦਾ ਰਿਜੱਲਟ ਸੁਣਾਇਆ ਜਾਂਦਾ ਸੀ।ਪਹਿਲਾ ਕਲਾਸ ਵਿੱਚ ਆਏ ਫ਼ਸਟ,ਸੈਕਿੰਡ ਤੇ ਥਰਡ ਫਿਰ ਪਾਸ ਤੇ ਫੇਲ ਮਾਸਟਰ ਜੀ ਬੋਲ ਕੇ ਦੱਸਦੇ ਸੀ।ਪਾਸ ਹੋਏ ਬੱਚੇ ਬੜ੍ਹੀ ਖ਼ੁਸ਼ੀ ਨਾਲ ਆਪਣੇ ਮਾਂ ਪਿਉ,ਦੋਸਤਾਂ ਮਿੱਤਰਾਂ ਤੇ ਸਾਕ ਸੰਬੰਧੀਆਂ ਨੂੰ ਦੱਸਦੇ ਸੀ।ਹੁਣ ਸੱਭ ਕੁੱਛ ਆਨ ਲਾਈਨ ਹੋਣ ਤੇ 31 ਮਾਰਚ ਵਾਲੇ ਦਿਨ ਦੀ ਖੁਸੀ ਨਹੀ ਮਿਲਦੀ ।



**ਅਧਿਆਪਕ ਵਿਦਆਰਥੀ ਦਾ ਰਿਸਤਾ** :- ਅਧਿਆਪਕ ਬੱਚੇ ਦੀ ਪੜ੍ਹਾਈ ਉੱਤੇ ਬਹੁਤ ਅਸਰ ਪਾਉਂਦੇ ਹਨ।ਅਸਰਦਾਰ ਸਿੱਖਿਆ ਦੇਣ ਲਈ ਸਮਝਦਾਰ,ਕਦਰਦਾਨ ਤੇ ਮਿਹਨਤੀ ਟੀਚਰ ਦੀ ਲੋੜ੍ਹ ਹੁੰਦੀ ਹੈ।ਚੰਗੀ ਸਿੱਖਿਆ ਦੇਣ ਲਈ ਖ਼ਾਸ ਤਕਨੀਕਾਂ ,ਸਟਾਈਲ ਜਾਂ ਪਲੈਨ ਜ਼ਿਆਦਾ ਜ਼ਰੂਰੀ ਨਹੀ ਹਨ।ਵਿਦਆਰਥੀ ਤੇ ਅਧਿਆਪਕ ਦੀ ਸਾਂਝ ਸਿਰਫ ਸਿੱਖਿਆ ਤੱਕ ਹੀ ਨਹੀਂ ਸਗੋਂ ਅਧਿਆਪਕ ਵਿਦਿਆਰਥੀਆਂ ਨੂੰ ਜ਼ਿੰਦਗੀ ਦੀਆਂ ਪੌੜੀਆ ਚੜਾਉਣ ਵਿੱਚ ਅਹਿਮ ਰੋਲ ਅਦਾ ਕਰਦਾ ਹੈ।ਅਧਿਆਪਕ ਬਚਿਆ ਦਾ ਵਿਸ਼ਵਾਸ ਪਾਤਰ ਹੁੰਦਾ ਹੈ।ਚੰਗੀ ਸੋਚ ਦਾ ਮਾਲਕ ਤੇ ਅੱਛੀ ਸੇਦ ਦੇਣ ਵਾਲਾ ਹੋਣਾ ਚਾਹੀਦਾ ਹੈ।ਜੋ ਸਮਾਜ ਦੀ ਸਹੀ ਸਿਰਜਨਾ ਕਰ ਸਕੇ।ਅਧਿਆਪਕ ਦੀ ਪਹਿਲੀ ਤਰਜੀਹ ਅਦੱਰਸ਼ ਤੇ ਆਚਰਨ ਨਿਰਮਾਨਕਾਰੀ ਹੁੰਦੀ ਹੈ।ਬਾਹਰਲੇ ਕਈ ਮੁਲਕਾਂ ਵਿੱਚ ਕੋਰਟ ਦੇ ਵਿੱਚ ਅਧਿਆਪਕ ਨੂੰ ਕੁਰਸੀ ਦਿੱਤੀ ਜਾਂਦੀ ਹੈ। ਅਧਿਆਪਕ ਬੱਚਿਆ ਨਾਲ ਪੜ੍ਹਾਈ ਵਿੱਚ ਉਨ੍ਹੀਂ ਸਖ਼ਤੀ ਕਰਣ ਜਿਸ ਨਾਲ ਉਨ੍ਹਾਂ ਦੇ ਦਿੱਲ ਵਿੱਚ ਡਰ ਤੇ ਸਹਿਮ ਪੈਦਾ ਨਾਂ ਹੋਵੇ।ਆਮ ਕਿਹਾ ਜਾਂਦਾ ਹੈ ਕੇ ਅਧਿਆਪਕ ਬੱਚੇ ਦੀ ਭਲਾਈ ਲਈ ਉਸ ਨੂੰ ਕੁੱਟਦੇ ਮਾਰਦੇ ਹਨ।ਪਰ ਮੇਰਾ ਇਸ ਸੰਬੰਧ ਵਿੱਚ ਉਲਟਾ ਤਜੱਰਬਾ ਹੋਇਆ ਹੈ।ਸਾਡੇ ਸਕੂਲ ਦੇ ਹਿਸਾਬ ਦੇ ਟੀਚਰ ਬਹੁਤ ਸਖ਼ਤ ਸਨ।ਡੰਡਿਆਂ ਨਾਲ ਕੁੱਟਦੇ ਸਨ।ਜਦੋਂ ਉਨ੍ਹਾਂ ਦਾ ਪੀਰੀਅਡ ਆਉਦਾ ਸੀ ਬੱਚੇ ਡਰ ਨਾਲ ਸਹਿਮ ਜਾਂਦੇ ਸਨ ਤੇ ਜਿਹੜਾ ਮਾੜ੍ਹਾ ਮੋਟਾ ਉਨ੍ਹਾਂ ਨੂੰ ਆਉਦਾ ਸੀ ਭੁੱਲ ਜਾਂਦੇ ਸਨ।ਸਾਡੇ ਮਾਸਟਰ ਜੀ ਦਾ ਪੱਥਰੀ ਦਾ ਉਪਰੇਸ਼ਨ ਹੋਇਆ ਸੀ ਜੋ ਡਾਕਟਰ ਨੇ ਰੈਸਟ ਦਿੱਤੀ ਸੀ।ਉਨ੍ਹਾਂ ਦੀ ਜਗਾ ਹੋਰ ਮਾਸਟਰ ਜੀ ਆ ਗਏ ਜੋ ਬੜ੍ਹੇ ਪਿਆਰ ਤੇ ਲੰਗਨ ਨਾਲ ਪੜਾਉਦੇ ਸੀ ਕੋਟਾ ਘੱਟ ਤੇ ਪਰੈਕਟੀਕਲੀ ਜਿਆਦਾ ਫ਼ਾਰਮੂਲਿਆਂ ਨਾਲ ਪੜਾਉਦੇ ਸੀ।ਜੋ ਕਮਜੋਰ ਬੱਚੇ ਨੂੰ ਵੀ ਸਮਝ ਆਉਦੀ ਸੀ।ਜੇ ਬੱਚੇ ਨੂੰ ਸਵਾਲ ਨਹੀ ਆਇਆ ਮਾਰਨ ਦੀ ਜਗਾ ਹੁਸਿਆਰ ਬੱਚੇ ਨੂੰ ਉਸ ਨੂੰ ਪੜਾਉਣ ਲਈ ਕਹਿੰਦੇ ਸੀ।ਸਾਰੇ ਬੱਚੇ ਕਹਿ ਰਹੇ ਸੀ ਕੇ ਪਹਿਲੇ ਮਾਸਟਰ ਜੀ ਨਾਂ ਹੀ ਆਉਣ ਤੇ ਚੰਗਾ ਹੈ।ਪਰ ਉਹ ਛੇਤੀ ਹੀ ਸਿਹਤਯਾਬ ਹੋ ਸਕੂਲ ਆ ਗਏ। ਮੇਰਾ ਇੱਕ ਵਾਰੀ ਪਿੰਕ ਪੇਪਰ ਬਹੁਤ ਔਖਾ ਆਇਆ ਤੇ ਬਲੂ ਸੋਖਾ ਸੀ।ਸਾਰੇ ਬੱਚਿਆਂ ਦੇ ਪਿੰਕ ਪੇਪਰ ਵਿੱਚੋਂ ਨੰਬਰ ਘੱਟ ਆਏ ਸਨ।ਜਦੋਂ ਮਾਸ਼ਟਰ ਜੀ ਪੇਪਰ ਦੇਣ ਲੱਗੇ ਤਾਂ ਸੱਭ ਤੋਂ ਪਹਿਲਾ ਮੇਰਾ ਨੰਬਰ ਆ ਗਿਆ।ਘੱਟ ਨੰਬਰ ਆਉਣ ਤੇ ਮੈਂ ਬਥੇਰਾ ਸਪੱਸਟੀਕਰਨ ਦਿੱਤਾ ਕੇ ਪਿੰਕ ਪੇਪਰ ਔਖਾ ਸੀ।ਪਰ ਮਾਸਟਰ ਜੀ ਨੇ ਡੰਡਾ ਫੜ ਮੇਰੇ ਦੋਨਾਂ ਹੱਥਾਂ ਤੇ ਮਾਰਨੇ ਸ਼ੁਰੂ ਕਰ ਦਿੱਤੇ ਸਰਦੀ ਦਾ ਮੌਸਮ ਸੀ ਤੱਤੇ ਘਾਹ ਪਤਾ ਨਹੀਂ ਲੱਗਾ ਜਿਉਂ ਜਿਉਂ ਹੱਥ ਠੰਡੇ ਹੋਣੇ ਸ਼ੁਰੂ ਹੋਏ ਮੇਰੀ ਦਰਦ ਨਾਲ ਜਾਂਨ ਨਿਕਲ ਰਹੀ ਸੀ।ਅਸੀਂ ਪਿੰਡ ਤੋ ਦੱਸ ਜਾਣੇ ਸਕੂਲ ਆਉਦੇ ਸੀ।ਮਾਸਟਰ ਜੀ ਦੀ ਕੁੱਟ ਤੋਂ ਡਰਦੇ ਮੇਰੇ ਨਾਲ ਦੇ ਮੁੰਡੇ ਸੱਤਵੀ ਵਿੱਚੋਂ ਹੀ ਕੁੱਟ ਤੋ ਡਰਦੇ ਸਕੂਲ ਛੱਡ ਭੱਜ ਗਏ ਸਿਰਫ ਮੈਂ ਹੀ ਦੱਸਵੀ ਤੱਕ ਗਿਆ।ਉਨ੍ਹਾਂ ਸਾਰਿਆ ਬੱਚਿਆਂ ਦਾ ਭਵਿੱਖ ਖ਼ਰਾਬ ਹੋ ਗਿਆ ਜੋ ਹੁਣ ਤੱਕ ਮਜ਼ਦੂਰੀ ਕਰ ਰਹੇ ਹਨ।ਸਿਰਫ ਮੈਂ ਹੀ ਉਨ੍ਹਾਂ ਵਿੱਚੋਂ ਬਤੋਰ ਇੰਸਪੈਕਟਰ ਪੁਲਿਸ ਪੰਜਾਬ ਸੇਵਾ ਮੁੱਕਤ ਹੋਇਆ ਹਾਂ।ਇਸੇ ਤਰਾਂ ਕਈ ਹੋਰ ਪਿੰਡਾਂ ਦੇ ਬੱਚੇ ਵੀ ਕੁੱਟ ਤੋ ਮਾਰੇ ਸਕੂਲ ਛੱਡ ਗਏ।ਹੁਣ ਅਧਿਆਪਕਾਂ ਨੇ ਬੱਚਿਆਂ ਨੂੰ ਕੀ ਮਾਰਨਾ ਹੈ।ਬੱਚੇ ਅਧਿਆਪਕਾਂ ਨੂੰ ਮਾਰ ਰਹੇ ਹਨ ਤੇ ਕਤਲ ਕਰ ਰਹੇ ਹਨ।ਮਾਪੇ ਵੀ ਬੱਚਿਆਂ ਨੂੰ ਮਾਰਨ ਤੇ ਅਧਿਆਪਕ ਨੂੰ ਮਾਰਨ ਤੱਕ ਚਲੇ ਜਾਂਦੇ ਹਨ।ਵਿਦਆਰਥੀਆਂ ਤੇ ਅਧਿਆਪਕਾ ਦੇ ਰਿਸ਼ਤੇ ਵਿੱਚ ਦਰਾਰ ਆ ਗਈ ਹੈ।ਪਹਿਲਾ ਮਾਸਟਰ ਬੱਚਿਆਂ ਨੂੰ ਕੁਟਦੇ ਵੀ ਸੀ ਤੇ ਬੱਚੇ ਬੁਰਾ ਨਹੀ ਮੰਨਦੇ ਸੀ।ਨਾਂ ਹੀ ਬੱਚਿਆਂ ਦੇ ਮਾਂ ਪਿਉ ਲਾਂਭਾ ਦਿੰਦੇ ਸੀ।ਨੋਜਵਾਨ ਪੀੜ੍ਹੀ ਨੂੰ ਜੋ ਅਧਿਆਪਕ ਤੇ ਵਿਦਆਰਥੀ ਦਾ ਰਿਸ਼ਤਾ ਗੁਰੂ ਚੇਲੇ ਦਾ ਸੀ ਬਹਾਲ ਕਰਨਾ ਚਾਹੀਦਾ ਹੈ।ਮਾਪਿਆਂ ਨੂੰ ਵੀ ਟੀਚਰਾਂ ਦਾ ਸਹਿਯੋਗ ਦੇਣਾ ਚਾਹੀਦਾ ਹੈ ਜੋ ਉਹ ਕਰ ਰਹੇ ਹਨ ਤੁਹਾਡੇ ਬੱਚਿਆਂ ਦੀ ਭਲਾਈ ਲਈ ਕਰ ਰਹੇ ਹਨ।ਅਧਿਆਪਕਾਂ ਨੂੰ ਵੀ ਬੱਚਿਆਂ ਨੂੰ ਪਿਆਰ ਦੇ ਨਾਲ ਪੜਾਉਣਾ ਚਾਹੀਦਾ ਹੈ ਜੋ ਆਪ ਨੂੰ ਬੱਚਿਆਂ ਦਾ ਹਮਦਰਦ ਸਮਝਣ।

**ਗੁਰਮੀਤ ਸਿੰਘ ਵੇਰਕਾ**
**ਐਮ ਏ ਪੁਲਿਸ ਐਡਮਨਿਸਟਰੇਸ਼ਨ**
**ਸੇਵਾ ਮੁਕਤ ਇੰਸਪੈਕਟਰ**
**ਸੰਪਰਕ** 9878600221

# ਆਖਿਰ ਅਸੀਂ ਆਪਣੇ ਫਰਜ਼ ਕਿਉਂ ਨਹੀਂ ਨਿਭਾਅ ਪਾਏ?

ਕੁਦਰਤ ਨੇ ਸੋਹਣੀ ਕਾਇਨਾਤ ਦੀ ਸਿਰਜਣਾ ਕੀਤੀ ਹੈ। ਅੱਜ ਅਸੀਂ ਆਪਣੇ ਵਿਰਸੇ ਤੋਂ ਦੂਰ ਹੁੰਦੇ ਜਾ ਰਹੇ ਹਾਂ। ਜੇ ਗੱਲ ਕਰੀਏ 20 ਤੋਂ 25 ਸਾਲ ਪਹਿਲਾਂ ਤਾਂ ਪੰਜਾਬੀ ਸੱਭਿਆਚਾਰ ਨਾਲ ਹਰ ਇਨਸਾਨ ਜੁੜਿਆ ਹੋਇਆ ਸੀ। ਵਿਆਹਾਂ ਵੇਲੇ ਤਰ੍ਹਾਂ ਤਰ੍ਹਾਂ ਦੇ ਰੀਤੀ ਰਿਵਾਜ ਕੀਤੇ ਜਾਂਦੇ ਸਨ। ਘਰ ਵਿੱਚ ਬਜ਼ੁਰਗਾਂ ਦਾ ਬਹੁਤ ਆਦਰ ਮਾਣ ਸਤਿਕਾਰ ਸੀ। ਘਰ ਦੇ ਲਾਣੇਦਾਰ ਨੇ ਜੋ ਕਹਿ ਦਿੱਤਾ ਸਭ ਨੂੰ ਉਸਦਾ ਕਿਹਾ ਮਨਜ਼ੂਰ ਹੁੰਦਾ ਸੀ । ਮਜ਼ਾਲ ਹੈ।ਜ਼ੇ ਕੋਈ ਅੱਗੇ ਤੋਂ ਕਿੰਤੂ ਪ੍ਰੰਤੂ ਵੀ ਕਰ ਦੇਵੇ। ਵੱਡਾ ਪਰਿਵਾਰ ਹੁੰਦਾ ਸੀ। ਕਹਿਣ ਦਾ ਮਤਲਬ ਕਿ ਤਾਏ -ਚਾਚੇ ,ਵੱਡੇ ਵੱਡੇ ਟੱਬਰ ਇੱਕ ਹੀ ਛੱਤ ਹੇਠ ਰਹਿੰਦੇ ਸਨ। ਜੇ ਕੋਈ ਜੁਆਕ ਗਲਤੀ ਕਰਦਾ ਸੀ ਤਾਂ ਵੱਡੇ ਮੈਂਬਰ ਵੱਲੋਂ ਝਿੜਕ ਵੀ ਦਿੱਤਾ ਜਾਂਦਾ ਸੀ ਤਾਂ ਉਸਦੇ ਮਾਂ ਬਾਪ ਕੁੱਝ ਵੀ ਨਹੀਂ ਕਹਿੰਦੇ ਸਨ। ਪਿੰਡ ਦੀ ਧੀ ਭੈਣ ਦੀ ਹਰ ਕੋਈ ਇੱਜਤ ਕਰਦਾ ਸੀ। ਸ਼ਰਾਰਤਾਂ ਕਰਨ ਤੇ ਸਕੂਲ ਮਾਸਟਰ ਵੱਲੋਂ ਬੱਚੇ ਦੀ ਚੰਗੀ ਤਰ੍ਹਾਂ ਕਟਾਈ ਕੀਤੀ ਜਾਂਦੀ ਸੀ। ਮਾਂ ਬਾਪ ਆਪ ਜਾ ਕੇ ਆਪਣੇ ਸਾਹਮਣੇ ਬੱਚੇ ਨੂੰ ਕਟਾ ਕੇ ਆਉਂਦੇ ਸਨ। ਸਕੂਲ ਪੜ੍ਹਨ ਵਾਲੇ ਮੁੰਡੇ ਕਿਸੇ ਦੀ ਧੀ ਭੈਣ ਨੂੰ ਗਲਤ ਨਜ਼ਰ ਨਾਲ ਨਹੀਂ ਦੇਖਦੇ ਸਨ। ਬਲਾਤਕਾਰ, ਛੇੜਛਾੜ, ਤੇਜ਼ਾਬੀ ਹਮਲੇ ਅਜਿਹੀਆਂ ਘਨੋਣੀ ਹਰਕਤਾਂ ਤਾਂ ਬਿਲਕੁਲ ਵੀ ਸੁਣਨ ਵਿੱਚ ਵੀ ਨਹੀਂ ਆਉਂਦੀਆਂ ਸਨ। ਜੇ ਕੋਈ ਅਜਿਹੀ ਹਰਕਤ ਵੀ ਕਰ ਦਿੰਦਾ ਸੀ ਵੈਸੇ ਤਾਂ ਪਿੰਡ ਦੇ ਸਰਪੰਚ ਦਾ ਬਹੁਤ ਡਰ ਹੁੰਦਾ ਸੀ ਉਸ ਪਰਿਵਾਰ ਦਾ ਹੁੱਕਾ ਪਾਣੀ ਤੱਕ ਬੰਦ ਕਰ ਦਿੱਤਾ ਜਾਂਦਾ ਸੀ। ਛੁੱਟੀ ਵਾਲੇ ਦਿਨ ਪੂਰਾ ਪਰਿਵਾਰ ਖੇਤਾਂ ਵਿੱਚ ਜਾ ਕੇ ਆਪ ਕੰਮ ਕਰਦਾ ਸੀ। ਝੋਨਾ ਲਗਾਉਣਾ ਫਸਲਾਂ ਕੱਟਣੀਆਂ ਪੂਰਾ ਪਰਿਵਾਰ ਇਕੱਠਾ ਹੋ ਕੇ ਫਸਲ ਕੱਟਦਾ ਸੀ। ਘਰ ਦੀ ਸੁਹਾਣੀਆ ਵੱਲੋਂ ਫਿਰ ਰੋਟੀ ਬਣਾ ਕੇ ਆਪ ਖੇਤਾਂ ਵਿੱਚ ਲੈ ਕੇ ਜਾਈ ਜਾਂਦੀ ਸੀ। ਹੱਥੀ ਕੰਮ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਸੀ। ਪ੍ਰਵਾਸੀ ਮਜ਼ਦੂਰ ਤਾਂ ਬਿਲਕੁਲ ਵੀ ਨਹੀਂ ਹੁੰਦੇ ਸਨ, ਸਗੋਂ ਹੋਰ ਵੀ ਰਿਸ਼ਤੇਦਾਰ ਆ ਕੇ ਕੰਮ ਵਿੱਚ ਹੱਥ ਵਟਾਉਂਦੇ ਸਨ ।ਪਹਿਲਾਂ ਘਰ ਕੱਚੇ ਹੁੰਦੇ

**ਨੌਜਵਾਨ ਪੀੜੀ ਨਸ਼ਿਆਂ ਨਾਲ ਪ੍ਰਭਾਵਿਤ ਹੈ। ਹਰ ਰੋਜ਼ ਦੋ ਜਾਂ ਤਿੰਨ ਨੌਜਵਾਨ ਚਿੱਟੇ ਦੀ ਓਵਰਡੋਜ ਦਾ ਸ਼ਿਕਾਰ ਹੋ ਰਹੇ ਹਨ। ਸਰਿੰਜਾਂ ਲਗਾ ਰਹੇ ਹਨ ।ਪਿੱਛੇ ਜਿਹੇ ਖਬਰ ਵੀ ਪੜੀ ਕਿ 14 ਦਿਨਾਂ ਵਿੱਚ 14 ਨੌਜਵਾਨ ਚਿੱਟੇ ਦੀ ਭੇਂਟ ਚੜ੍ਹੇ। ਕੁੜੀਆਂ ਵੀ ਹੁਣ ਚਿੱਟੇ ਦੀ ਸ਼ੌਕੀਨ ਹੋ ਚੁੱਕੀਆਂ ਹਨ। ਨਸ਼ੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ। ਅੱਜ ਲੋਕਾਂ ਵਿੱਚ ਇਨ੍ਹਾਂ ਦਿਖਾਵਾ ਵੱਧ ਗਿਆ ਹੈ ਕਿ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦਾ। ਬੈਂਕਾਂ ਤੋਂ ਕਰਜ਼ਾ ਚੁੱਕ ਕੇ ਆਪਣਾ ਸਮਾਜ ਵਿੱਚ ਇੱਕ ਰੁਤਬਾ ਬਣਾ ਰਿਹਾ ਹੈ। ਕਈ ਵਾਰ ਹਾਲਾਤ ਇੰਨੇ ਮਾੜੇ ਹੋ ਜਾਂਦੇ ਹਨ ਕਿ ਬੈਂਕਾਂ ਦਾ ਉਹ ਕਰਜ਼ਾ ਨਹੀਂ ਉਤਰਦਾ। ਹਾਰ ਕੇ ਉਸ ਬੰਦੇ ਨੂੰ ਫਿਰ ਸਲਫਾਸ ਖਾਣੀ ਪੈ ਜਾਂਦੀ ਹੈ। ਜਿੰਨਾ ਵੀ ਤੁਹਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੋ। ਥੋੜਾ ਖਾ ਲਓ ,ਪਰ ਕਿਸੇ ਦਾ ਕਰਜ਼ਾ ਨਾ ਚੁੱਕੋ।**

ਸਨ ,ਗਾਰਾ ਲਿਪਿਆ ਜਾਂਦਾ ਸੀ। ਛੱਪਰ ਪਾਏ ਜਾਂਦੇ ਸਨ। ਰਿਸ਼ਤੇਦਾਰ ਆ ਕੇ ਛੱਪਰ ਪਾਉਣ ਵਿੱਚ ਮਦਦ ਕਰਦੇ ਸਨ। ਗੁੜ ਵੰਡਿਆ ਜਾਂਦਾ ਸੀ। ਬਹੁਤ ਆਪਸੀ ਪ੍ਰੀਤ ਪਿਆਰ ਹੁੰਦਾ ਸੀ। ਜਦੋਂ ਕਿਸੇ ਦੇ ਪਰਿਵਾਰ ਵਿੱਚ ਵਿਆਹ ਹੁੰਦਾ ਸੀ ਤਾਂ ਸਾਰਾ ਸ਼ਰੀਕਾ ਹੋਰ ਪਿੰਡ ਵਾਲੇ ਲੋਕ ਆ ਕੇ ਭੱਠੀ ਚੜ੍ਹਾਉਣ ਵਿੱਚ ਮਦਦ ਕਰਦੇ ਸਨ। ਨਕਾਰਾਤਮਕ ਸੋਚ ਬਿਲਕੁਲ ਵੀ ਨਹੀਂ ਹੁੰਦੀ ਸੀ। ਕਹਿਣ ਦਾ ਮਤਲਬ ਕਿ ਲੋਕ ਸਿੱਧੇ ਸਾਧੇ ਹੁੰਦੇ ਸਨ। ਜੇ ਕਿਸੇ ਪਰਿਵਾਰ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰ ਵੀ ਜਾਂਦੀ ਸੀ ਤਾਂ ਸਾਰੇ ਲੋਕ ਉਸ ਪਰਿਵਾਰ ਦਾ ਦੁੱਖ ਵੰਡਾਉਂਦੇ ਸਨ। ਬਜ਼ੁਰਗਾਂ ਦਾ ਬਹੁਤ ਸਤਿਕਾਰ ਹੁੰਦਾ ਸੀ। ਕੋਈ ਨਸ਼ਾ ਨਹੀਂ ਕਰਦਾ ਸੀ ।ਸਿੰਥੈਟਿਕ ਨਸ਼ਾ ਬਿਲਕੁਲ ਵੀ ਨਹੀਂ ਸੀ। ਦਿਖਾਵਾ ਬਿਲਕੁਲ ਵੀ ਨਹੀਂ ਸੀ। ਕਿਸਾਨ ਖੁਦਕੁਸ਼ੀ ਬਿਲਕੁਲ ਵੀ ਨਹੀਂ ਕਰਦੇ ਸਨ। ਕੋਈ ਬੈਂਕਾਂ ਤੋਂ ਕਰਜ਼ਾ ਨਹੀਂ ਲੈਂਦਾ ਸੀ। ਸਾਦਗੀ ਭਰਿਆ ਜੀਵਨ ਸੀ। ਘਰ ਦੀਆਂ ਬਣੀਆਂ ਚੀਜ਼ਾਂ ਨੂੰ ਤਰਜੀਹ ਦਿੱਤੀ ਜਾਂਦੀ ਸੀ। ਪੌਣ ਪਾਣੀ ਖਾਣ ਪੀਣ ਸਭ ਕੁਝ ਸ਼ੁੱਧ ਸੀ। ਲੋਕ ਬਹੁਤ ਘੱਟ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਸਨ। ਜਮਾਨਾ ਬਦਲਿਆ। ਸੋਸ਼ਲ ਨੈਟਵਰਕਿੰਗ ਦਾ ਯੁੱਗ ਆ ਗਿਆ ।ਵਿਗਿਆਨ ਨੇ ਬਹੁਤ ਤਰੱਕੀ ਕਰ ਲਈ। ਚੰਨ ਤੇ ਭਾਰਤ ਦੇ ਕਦਮ ਪੁੱਜ ਗਏ ਹਨ। ਜਿੰਨੀ ਅੱਜ ਦੀ ਜ਼ਿੰਦਗੀ ਆਰਾਮਦਾਇਕ ਹੋ ਚੁੱਕੀ ਹੈ, ਉਨਾਂ ਹੀ ਮਨੁੱਖੀ ਸ਼ਰੀਰ ਬਿਮਾਰੀਆਂ ਨਾਲ ਘਿਰ ਗਿਆ ਹੈ। ਜੋ ਅੱਜ ਕੱਲ ਦੀ ਪੀੜੀ ਹੈ ਉਸ ਨੂੰ ਮੋਬਾਇਲ ਸੋਸ਼ਲ, ਨੈਟਵਰਕਿੰਗ ਸਾਈਟਸ ਦਾ ਬਹੁਤ ਜ਼ਿਆਦਾ ਲਗਾਵ ਹੋ ਚੁੱਕਾ ਹੈ। ਬੱਚੇ ਅੱਜ ਕੱਲ ਸਾਰਾ ਸਮਾਂ ਮੋਬਾਇਲ ਤੇ ਹੀ ਗੁਆ ਰਹੇ ਹਨ। ਦੇਖਦੇ ਹੀ ਹਾਂ ਕਿ ਛੋਟੀ ਉਮਰ ਦੇ ਬੱਚਿਆਂ ਨੂੰ ਐਨਕਾਂ ਤੱਕ ਲੱਗ ਚੁਕੀਆਂ ਹਨ। ਕਹਿਣ ਦਾ ਜਮਾਨਾ ਬਿਲਕੁਲ ਵੀ ਨਹੀਂ ਰਿਹਾ ਹੈ। ਮਾਂ ਬਾਪ ਨੂੰ ਧਮਕੀਆਂ ਦਿੰਦੇ ਹਨ। ਜੇ ਬੱਚੇ ਸਕੂਲ ਵਿੱਚ ਕੰਮ ਕਰਕੇ ਨਹੀਂ ਜਾਂਦੇ ਹਨ ਜਾਂ ਕਲਾਸ ਵਿੱਚ ਕੋਈ ਅਜਿਹੀ ਹਰਕਤ ਕਰ ਦਿੰਦੇ ਹਨ ।ਸਕੂਲ ਦਾ ਮਾਸਟਰ ,ਪ੍ਰਿੰਸੀਪਲ ਬੱਚਿਆਂ ਨੂੰ ਬਿਲਕੁਲ ਵੀ ਨਹੀਂ ਝਿੜਕਦਾ ਹੈ। ਕਿਉਂਕਿ ਪਾਬੰਦੀ ਲੱਗੀ ਹੋਈ ਹੈ ।ਬੱਚਿਆਂ ਨੂੰ ਡਰ ਨਹੀਂ ਰਿਹਾ ਹੈ। ਸਕੂਲ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ ਨੂੰ ਬਰਖ਼ਾਸਤ ਕਰ ਦਿੱਤਾ ਜਾਂਦਾ ਹੈ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ ਕਿ ਜੇ ਬੱਚਾ ਗਲਤੀ ਕਰੇ ਨਾ ਤਾਂ ਮਾਂ ਬਾਪ ਝਿੜਕ ਸਕਦੇ ਹਨ, ਨਾ ਬਾਹਰ ਵਾਲੇ ,ਨਾ ਸਕੂਲ ਦਾ ਸਟਾਫ਼। ਬੱਚੇ ਗਲਤ ਕਦਮ ਬਹੁਤ ਜਲਦੀ ਚੁੱਕ ਰਹੇ ਹਨ। ਖੁਦਕੁਸ਼ੀ ,ਆਤਮ ਹੱਤਿਆਵਾਂ ਅਜਿਹੀਆਂ ਖਬਰਾਂ ਅਸੀਂ ਆਮ ਪੜ੍ਹਦੇ ਹਾਂ। ਬੱਚਿਆਂ ਦੀ ਹਰ ਫਰਮਾਇਸ਼ ਮਾਂ ਬਾਪ ਪੂਰੀ ਕਰ ਰਹੇ ਹਨ। ਅੱਧਾ ਕਿਲੋਮੀਟਰ ਵੀ ਪੈਦਲ ਨਹੀਂ ਤੁਰ ਸਕਦੇ ।ਬੱਚਿਆਂ ਨੂੰ ਮਹਿੰਗੇ ਬੁਲੇਟ ,ਕਾਰਾਂ ਚਾਹੀਦੀਆਂ ਹਨ, ਚਾਹੇ ਉਹ ਹਜੇ 18 ਸਾਲ ਤੋਂ ਘੱਟ ਉਮਰ ਦੇ ਕਿਉਂ ਨਾ ਹੋਣ। ਅੱਜ ਪੰਜਾਬ ਖਾਲੀ ਹੋ ਰਿਹਾ ਹੈ। ਨੌਜਵਾਨ ਪੀੜੀ ਵਿਦੇਸ਼ਾਂ ਨੂੰ ਜਾ ਰਹੀ ਹੈ। ਹੱਥੀ ਕੰਮ ਕਰਨ ਨੂੰ ਕੋਈ ਵੀ ਤਰਜੀਹ ਨਹੀਂ ਦਿੰਦਾ। ਪ੍ਰਵਾਸੀਆਂ ਨੇ ਪੰਜਾਬ ਵਿੱਚ ਆ ਕੇ ਵਧੀਆ ਸ਼ਹਿਰਾਂ ਵਿੱਚ ਕੋਠੀਆਂ ਬਣਾ ਲਈਆਂ ਹਨ। ਪੂਰਾ ਦਬਦਬਾ ਪ੍ਰਵਾਸੀਆਂ ਦਾ ਇੱਥੇ ਹੋ ਚੁੱਕਾ ਹੈ। ਪੰਜਾਬੀ ਆਪਣੇ ਘਰ ਬਾਰ ਛੱਡ ਕੇ ਪਰਵਾਸੀਆਂ ਦੇ ਹਵਾਲੇ ਕਰਕੇ ਵਿਦੇਸ਼ਾਂ ਨੂੰ ਜਾ ਰਹੇ ਹਨ। ਨੌਜਵਾਨ ਪੀੜੀ ਨਸ਼ਿਆਂ ਨਾਲ ਪ੍ਰਭਾਵਿਤ ਹੈ। ਹਰ ਰੋਜ਼ ਦੋ ਜਾਂ ਤਿੰਨ ਨੌਜਵਾਨ ਚਿੱਟੇ ਦੀ ਓਵਰਡੋਜ ਦਾ ਸ਼ਿਕਾਰ ਹੋ ਰਹੇ ਹਨ। ਸਰਿੰਜਾਂ ਲਗਾ ਰਹੇ ਹਨ ।ਪਿੱਛੇ ਜਿਹੇ ਖਬਰ ਵੀ ਪੜੀ ਕਿ 14 ਦਿਨਾਂ ਵਿੱਚ 14 ਨੌਜਵਾਨ ਚਿੱਟੇ ਦੀ ਭੇਂਟ ਚੜ੍ਹੇ। ਕੁੜੀਆਂ ਵੀ ਹੁਣ ਚਿੱਟੇ ਦੀ ਸ਼ੌਕੀਨ ਹੋ ਚੁੱਕੀਆਂ ਹਨ। ਨਸ਼ੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ। ਅੱਜ ਲੋਕਾਂ ਵਿੱਚ ਇਨ੍ਹਾਂ ਦਿਖਾਵਾ ਵੱਧ ਗਿਆ ਹੈ ਕਿ ਆਪਣੇ ਆਪ ਨੂੰ ਕਿਸੇ ਨਾਲੋਂ ਘੱਟ ਨਹੀਂ ਸਮਝਦਾ। ਬੈਂਕਾਂ ਤੋਂ ਕਰਜ਼ਾ ਚੁੱਕ ਕੇ ਆਪਣਾ ਸਮਾਜ ਵਿੱਚ ਇੱਕ ਰੁਤਬਾ ਬਣਾ ਰਿਹਾ ਹੈ। ਕਈ ਵਾਰ ਹਾਲਾਤ ਇੰਨੇ ਮਾੜੇ ਹੋ ਜਾਂਦੇ ਹਨ ਕਿ ਬੈਂਕਾਂ ਦਾ ਉਹ ਕਰਜ਼ਾ ਨਹੀਂ ਉਤਰਦਾ। ਹਾਰ ਕੇ ਉਸ ਬੰਦੇ ਨੂੰ ਫਿਰ ਸਲਫ਼ਾਸ ਖਾਣੀ ਪੈ ਜਾਂਦੀ ਹੈ। ਜਿੰਨਾ ਵੀ ਤੁਹਾਡੇ ਕੋਲ ਹੈ ਉਸ ਵਿੱਚ ਸਬਰ ਸੰਤੋਖ ਰੱਖੋ। ਥੋੜਾ ਖਾ ਲਓ ,ਪਰ ਕਿਸੇ ਦਾ ਕਰਜ਼ਾ ਨਾ ਚੁੱਕੋ। ਲੱਖਾਂ ਰੁਪਏ ਵਿਆਹਾਂ ਤੇ ਪਾਣੀ ਦੀ ਤਰ੍ਹਾਂ ਵਹਾ ਦਿੱਤਾ ਜਾਂਦਾ ਹੈ। ਅੱਜ ਬਜ਼ੁਰਗਾਂ ਦੀ ਇੰਨੀ ਬੇਕਦਰੀ ਹੋ ਚੁੱਕੀ ਹੈ ਕਿ ਉਨਾਂ ਨੂੰ ਘਰ ਵਿੱਚ ਰਹਿਣ ਲਈ ਥਾਂ ਤੱਕ ਨਹੀਂ ਹੈ। ਪੈਨਸ਼ਨਰਾਂ ਬਜ਼ੁਰਗਾਂ ਦਾ ਬਹੁਤ ਬੁਰਾ ਹਾਲ ਹੈ। ਹਰ ਰੋਜ਼ ਪ੍ਰਸ਼ਾਸਨਿਕ ਅਧਿਕਾਰੀ ਜਾਂ ਮਹਿਲਾ ਕਮਿਸ਼ਨ ਦੇ ਦਫ਼ਤਰ ਬਜ਼ੁਰਗ ਆਪਣੀ ਸ਼ਿਕਾਇਤਾਂ ਲੈ ਕੇ ਲਗਾਤਾਰ ਜਾ ਰਹੇ ਹਨ। ਜੋ ਬਜ਼ੁਰਗ ਘਰ ਦੇ ਜਿੰਦਰੇ ਹੁੰਦੇ ਸਨ, ਅੱਜ ਉਹਨਾਂ ਨੂੰ ਬਿਰਧ ਆਸ਼ਰਮਾਂ ਵਿੱਚ ਜਿੰਦਗੀ ਕੱਟਣੀ ਪੈ ਰਹੀ ਹੈ। ਅਸੀਂ ਆਉਣ ਵਾਲੀ ਪੀੜੀਆਂ ਨੂੰ ਕਿ ਦੇ ਰਹੇ ਹਾਂ। ਅੱਜ ਪੈਸੇ ਦੀ ਹੋੜ ਕਾਰਨ ਵਾਤਾਵਰਨ ਪ੍ਰਦੂਸ਼ਿਤ ਕਰ ਦਿੱਤਾ ਹੈ। ਜੰਗਲਾਂ ਨੂੰ ਕੱਟ ਕੇ ਆਸਮਾਨ ਲੱਗਦੇ ਫਲੈਟ ਉਸਾਰ ਦਿੱਤੇ ਗਏ ਹਨ। ਮਿਲਾਵਟ ਦਾ ਬਹੁਤ ਜਿਆਦਾ ਬੋਲ ਬਾਲਾ ਹੈ। ਪੌਣ ਪਾਣੀ ,ਖਾਣਾ ਪੀਣਾ ਸਭ ਕੁਝ ਪ੍ਰਦੂਸ਼ਿਤ ਹੋ ਚੁੱਕਾ ਹੈ। ਲੋਕ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਗਏ ਹਨ। ਛੋਟੀ ਛੋਟੀ ਉਮਰ ਦੇ ਬੱਚੇ ਭਿਆਨਕ ਬਿਮਾਰੀਆਂ ਦੀ ਚਪੇਟ ਵਿੱਚ ਹਨ। ਅਸੀਂ ਜੇ ਹੁਣ ਵੀ ਨਹੀਂ ਸੰਭਲੇ ਤਾਂ ਆਉਣ ਵਾਲਾ ਸਮਾਂ ਸਾਡੇ ਲਈ ਸਹੀ ਨਹੀਂ ਹੋਵਗਾ। ਅਸੀਂ ਆਪਣੇ ਕਦਮ ਵਿਨਾਸ਼ ਦੀ ਤਰਫ਼ ਪੱਟ ਲਏ ਹਨ। ਆਪਣੇ ਫਰਜ਼ਾਂ ਨੂੰ ਚੰਗੀ ਤਰ੍ਹਾਂ ਭੁੱਲ ਚੁੱਕੇ ਹਾਂ। ਡੁੱਲੇ ਬੇਰਾਂ ਦਾ ਹਜੇ ਵੀ ਕੁੱਝ ਨਹੀਂ ਵਿਗੜਿਆ। ਸੰਭਲਣ ਦਾ ਵੇਲਾ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**
**ਸੰਪਰਕ** : 78889-66168

# ਲੁਧਿਆਣਾ ਦੇ ਆਰਥੋਪੀਡਿਕ ਸਰਜਨ ਡਾ. ਅਨੁਭਵ ਸ਼ਰਮਾ ਦੀ ਮੈਮੋਰੀਅਲ ਸਲੋਨ ਕੈਟਰਿੰਗ, ਨਿਊਯਾਰਕ (ਅਮਰੀਕਾ) 'ਚ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਲਈ ਹੋਈ ਚੋਣ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਲੁਧਿਆਣਾ ਦੇ ਡਾਕਟਰੀ ਭਾਈਚਾਰੇ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਵਜੋਂ, ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ (ਡੀ ਐਮ ਸੀ ਐਚ), ਲੁਧਿਆਣਾ ਦੇ ਆਰਥੋਪੀਡਿਕਸ ਵਿਭਾਗ ਦੇ ਸਲਾਹਕਾਰ ਡਾ. ਅਨੁਭਵ ਸ਼ਰਮਾ ਨੂੰ ਨਿਊਯਾਰਕ, ਯੂ ਐਸ ਏ ਵਿੱਚ ਵਿਸ਼ਵ-ਪ੍ਰਸਿੱਧ ਮੈਮੋਰੀਅਲ ਸਲੋਨ ਕੈਟਰਿੰਗ ਕੈਂਸਰ ਸੈਂਟਰ (ਐਮ ਐਸ ਕੇ ਸੀ ਸੀ) ਵਿਖੇ ਇੱਕ ਵੱਕਾਰੀ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਲਈ ਚੁਣਿਆ ਗਿਆ ਹੈ। ਐਮ ਐਸ ਕੇ ਸੀ ਸੀ ਨੂੰ ਲਗਾਤਾਰ ਵਿਸ਼ਵ ਪੱਧਰ 'ਤੇ ਚੋਟੀ ਦੇ ਕੈਂਸਰ ਇਲਾਜ ਅਤੇ ਖੋਜ ਸੰਸਥਾਵਾਂ ਵਿੱਚੋਂ ਇੱਕ ਵਜੋਂ ਦਰਜਾ ਦਿੱਤਾ ਜਾਂਦਾ ਹੈ। ਇਹ ਪ੍ਰੋਗਰਾਮ ਬਹੁਤ ਮੁਕਾਬਲੇ ਵਾਲਾ ਹੈ, ਉਮੀਦਵਾਰਾਂ ਦੀ ਚੋਣ ਇੰਟਰਵਿਊ ਅਤੇ ਗੱਲਬਾਤ ਰਾਹੀਂ ਉਨ੍ਹਾਂ ਦੇ ਅਕਾਦਮਿਕ ਪ੍ਰਮਾਣ ਪੱਤਰਾਂ, ਕਲੀਨਿਕਲ ਅਨੁਭਵ, ਖੋਜ ਕਾਰਜ, ਪੇਸ਼ੇਵਰ ਪ੍ਰਾਪਤੀਆਂ ਅਤੇ ਵਿਸ਼ੇ ਦੇ ਗਿਆਨ ਦੇ ਸਖ਼ਤ ਮੁਲਾਂਕਣ ਤੋਂ ਬਾਅਦ ਹੀ ਕੀਤੀ ਜਾਂਦੀ ਹੈ। ਇਸ ਬਹੁਤ ਹੀ ਮੁਕਾਬਲੇ ਵਾਲੇ ਕੋਰਸ ਲਈ ਡਾ. ਸ਼ਰਮਾ ਦੀ ਚੋਣ ਉਨ੍ਹਾਂ ਦੀ ਕਲੀਨਿਕਲ ਉੱਤਮਤਾ ਅਤੇ ਵਿਸ਼ੇਸ਼ ਆਰਥੋਪੀਡਿਕ ਦੇਖਭਾਲ ਨੂੰ ਅੱਗੇ ਵਧਾਉਣ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਨਿਊਯਾਰਕ ਵਿੱਚ ਆਪਣੇ ਕਾਰਜਕਾਲ ਦੌਰਾਨ, ਡਾ. ਸ਼ਰਮਾ ਆਰਥੋਪੀਡਿਕਸ/



ਆਰਥੋਪੀਡਿਕਸ ਓਨਕੋਲੋਜੀ ਵਿੱਚ ਨਵੀਨਤਮ ਕਾਢਾਂ ਅਤੇ ਸਰਜੀਕਲ ਤਕਨੀਕਾਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਵਿਸ਼ਵ ਪੱਧਰੀ ਮਾਹਰਾਂ ਨਾਲ ਸਹਿਯੋਗ ਕਰਨਗੇ। ਇਸ ਅੰਤਰਰਾਸ਼ਟਰੀ ਐਕਸਪੋਜ਼ਰ ਤੋਂ ਡੀ ਐਮ ਸੀ ਐਚ ਵਿੱਚ ਵਿਸ਼ਵ ਪੱਧਰੀ ਮੁਹਾਰਤ ਵਾਪਸ ਲਿਆਉਣ ਦੀ ਉਮੀਦ ਹੈ, ਜਿਸ ਨਾਲ ਮਰੀਜ਼ਾਂ ਦੀ ਦੇਖਭਾਲ ਦੇ ਮਿਆਰਾਂ ਵਿੱਚ ਹਸਪਤਾਲ ਦੀਆਂ ਸਮਰੱਥਾਵਾਂ ਵਿੱਚ ਹੋਰ ਵਾਧਾ ਹੋਵੇਗਾ। ਪ੍ਰੋਗਰਾਮ ਤੋਂ ਪ੍ਰਾਪਤ ਗਿਆਨ ਅਤੇ ਮੁਹਾਰਤ ਐਡਵਾਂਸ ਇਲਾਜ ਪਹੁੰਚਾਂ ਨੂੰ ਪੇਸ਼ ਕਰਨ ਅਤੇ ਅਕਾਦਮਿਕ ਉੱਤਮਤਾ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਸ਼ਰਮਾ ਨੇ ਜੜ੍ਹਾਂ ਪ੍ਰਤੀ ਆਪਣਾ ਸਮਰਪਣ ਪ੍ਰਗਟ ਕਰਦਿਆਂ ਕਿਹਾ ਕਿ ਮੈਨੂੰ ਮੈਮੋਰੀਅਲ ਸਲੋਨ ਕੇਟਰਿੰਗ, ਨਿਊਯਾਰਕ ਯੂ ਐਸ ਏ ਵਿਖੇ ਇਸ ਸਿਖਲਾਈ ਪ੍ਰੋਗਰਾਮ ਲਈ ਚੁਣੇ ਜਾਣ 'ਤੇ ਬਹੁਤ ਮਾਣ ਹੈ ਅਤੇ ਉਨ੍ਹਾਂ ਨਿਰੰਤਰ ਸਮਰਥਨ ਲਈ ਡੀ ਐਮ ਸੀ ਐਚ ਲੀਡਰਸ਼ਿਪ ਦਾ ਵੀ ਧੰਨਵਾਦ ਕੀਤਾ। ਹਾਲਾਂਕਿ ਇਹ ਇੱਕ ਮਹੱਤਵਪੂਰਨ ਨਿੱਜੀ ਮੀਲ ਪੱਥਰ ਹੈ, ਮੇਰਾ ਮੁੱਖ ਧਿਆਨ ਉਨ੍ਹਾਂ ਮਰੀਜ਼ਾਂ 'ਤੇ ਰਹਿੰਦਾ ਹੈ ਜਿਨ੍ਹਾਂ ਦੀ ਅਸੀਂ ਇੱਥੇ ਆਪਣੀ ਸੰਸਥਾ ਵਿੱਚ ਸੇਵਾ ਕਰਦੇ ਹਾਂ। ਮੇਰਾ ਟੀਚਾ ਦੁਨੀਆ ਦੇ ਸਭ ਤੋਂ ਉੱਨਤ ਆਰਥੋਪੀਡਿਕਸ ਓਨਕੋਲੋਜੀਕਲ ਅਭਿਆਸਾਂ ਅਤੇ ਸਰਜੀਕਲ ਨਵੀਨਤਾਵਾਂ ਵਿੱਚ ਆਪਣੇ ਆਪ ਨੂੰ ਲੀਨ ਕਰਨਾ ਹੈ, ਇਹ ਯਕੀਨੀ ਬਣਾਉਣਾ ਕਿ ਮੈਂ ਭਾਰਤ ਵਿੱਚ ਵਿਹਾਰਕ, ਜੀਵਨ-ਰੱਖਿਅਕ ਗਿਆਨ ਪ੍ਰਾਪਤ ਕਰਕੇ ਵਾਪਸ ਪਰਤਾਂ।

ਮੈਂ ਇਸ ਅੰਤਰਰਾਸ਼ਟਰੀ ਮੁਹਾਰਤ ਨੂੰ ਸਾਡੇ ਸਥਾਨਕ ਮਰੀਜ਼ਾਂ ਦੇ ਲਾਭ ਹਿੱਤ ਵਰਤਣ ਲਈ ਵਚਨਬੱਧ ਹਾਂ ਤਾਂ ਜੋ ਉਨ੍ਹਾਂ ਨੂੰ ਘਰ ਬੈਠੇ ਹੀ ਵਿਸ਼ਵ ਪੱਧਰੀ ਆਰਥੋਪੀਡਿਕ ਦੇਖਭਾਲ ਪ੍ਰਦਾਨ ਕੀਤੀ ਜਾ ਸਕੇ। ਡੀ ਐਮ ਸੀ ਐਚ ਦੇ ਸਕੱਤਰ ਸ਼੍ਰੀ ਬਿਪਿਨ ਗੁਪਤਾ ਅਤੇ ਪ੍ਰਿੰਸੀਪਲ ਡਾ. ਜੀ ਐਸ ਵਾਂਡਰ ਨੇ ਡਾ. ਸ਼ਰਮਾ ਨੂੰ ਇਸ ਮੀਲ ਪੱਥਰ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਚੋਣ ਨਾ ਸਿਰਫ਼ ਸੰਸਥਾ ਲਈ ਸਗੋਂ ਪੂਰੇ ਖੇਤਰ ਲਈ ਮਾਣ ਵਾਲੀ ਗੱਲ ਹੈ। ਇਹ ਪ੍ਰਾਪਤੀ ਡੀ ਐਮ ਸੀ ਐਚ ਦੀ ਡਾਕਟਰੀ ਉੱਤਮਤਾ ਨੂੰ ਉਤਸ਼ਾਹਿਤ ਕਰਨ ਅਤੇ ਇਸਦੇ ਫੈਕਲਟੀ ਨੂੰ ਵਿਸ਼ਵ ਸਿਹਤ ਸੰਭਾਲ ਦੇ ਸਿਖਰ 'ਤੇ ਸਿਖਲਾਈ ਦੇਣ ਦੇ ਮੌਕੇ ਪ੍ਰਦਾਨ ਕਰਨ ਲਈ ਚੱਲ ਰਹੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।

# ਗਿਆਨੀ ਜੈਲ ਸਿੰਘ ਦੇ ਜਨਮਦਿਨ 'ਤੇ ਓ. ਬੀ. ਸੀ/ ਬੀ. ਸੀ/ ਐੱਸ. ਸੀ ਦਾ ਸੂਬਾ ਪੱਧਰੀ ਸਮਾਗਮ ਭਲਕੇ





ਜ਼ਿਕਰ ਪੰਜਾਬ

**ਲੁਧਿਆਣਾ/ਗੀਤਾ ਸਕਸੈਨਾ**

ਸਵ. ਗਿਆਨੀ ਜੈਲ ਸਿੰਘ ਸਾਬਕਾ ਰਾਸ਼ਟਰਪਤੀ ਭਾਰਤ ਸਰਕਾਰ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਜਨਮਦਿਨ 'ਤੇ ਓ.ਬੀ.ਸੀ/ ਬੀ.ਸੀ/ ਐੱਸ.ਸੀ ਵੱਲੋਂ ਵਿਸ਼ਾਲ ਸਮਾਗਮ ਦਾ ਆਯੋਜਨ 5 ਮਈ ਨੂੰ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਹੋਵੇਗਾ। ਇਹ ਜਾਣਕਾਰੀ ਕੁੱਲ ਹਿੰਦ ਕਾਂਗਰਸ ਓ.ਬੀ.ਸੀ ਵਿਭਾਗ ਦੇ ਵਾਈਸ ਪ੍ਰਧਾਨ ਇੰਦਰਜੀਤ ਬੱਬੂ ਅਤੇ ਕੁੱਲ ਹਿੰਦ ਕਾਂਗਰਸ ਦੇ ਓ.ਬੀ.ਸੀ ਦੇ ਕੋਆਰਡੀਨੇਟਰ ਕ੍ਰਿਸ਼ਨ ਕੁਮਾਰ ਬਾਵਾ ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਸਾਂਝੇ ਤੌਰ 'ਤੇ ਦਿੱਤੀ। ਬੱਬੂ ਅਤੇ ਬਾਵਾ ਨੇ ਕਿਹਾ ਕਿ ਗਿਆਨੀ ਜੀ ਮਹਾਨ ਦੇਸ਼ ਭਗਤ, ਸੁਤੰਤਰਤਾ ਸੰਗਰਾਮੀ, ਦੂਰਅੰਦੇਸ਼ ਸੋਚ ਦੇ ਉੱਚਕੋਟੀ ਦੇ ਨੇਤਾ ਸਨ। ਉਹਨਾਂ ਨੇ ਹਮੇਸ਼ਾ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਲਈ ਕੰਮ ਕੀਤਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ 71 ਜਾਤੀਆਂ ਹਨ ਅਤੇ ਤਕਰੀਬਨ 40% ਵੋਟ ਹੈ ਪਰ ਸਿਆਸੀ ਖੇਤਰ ਵਿੱਚ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਨਾ ਮਿਲਣਾ ਲੋਕਤੰਤਰ ਵਿੱਚ ਬੇਇਨਸਾਫੀ ਹੈ। ਉਹਨਾਂ ਕਿਹਾ ਕਿ ਰਾਹੁਲ ਗਾਂਧੀ ਜੋ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਨ। ਉਹਨਾਂ ਨੇ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ) ਨੂੰ ਆਬਾਦੀ ਦੇ ਆਧਾਰ 'ਤੇ ਸਿਆਸੀ ਨੁਮਾਇੰਦਗੀ ਦੇਣ ਦਾ ਭਾਰਤ ਦੇ ਲੋਕਾਂ ਨਾਲ ਵਾਅਦਾ ਕੀਤਾ ਹੈ ਅਤੇ ਪਾਰਟੀ ਅੰਦਰ ਉਹ ਇਸ ਸੰਦਰਭ ਵਿੱਚ ਉਸਾਰੂ ਫੈਸਲੇ ਲੈ ਰਹੇ ਹਨ।

# ਵੈਟਨਰੀ ਯੂਨੀਵਰਸਿਟੀ ਵੱਲੋਂ ਕਰਵਾਇਆ ਗਿਆ ਵੈਟਨਰੀ ਗ੍ਰੈਜੂਏਟਾਂ ਦਾ ਸਹੁੰ ਚੁੱਕ ਸਮਾਗਮ



ਜ਼ਿਕਰ ਪੰਜਾਬ

**ਲੁਧਿਆਣਾ/ਬਿਊਰੋ**

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਵੈਟਨਰੀ ਸਾਇੰਸ ਕਾਲਜ ਨੇ 2020 ਬੈਚ ਦੇ ਗ੍ਰੈਜੂਏਟ ਹੋਣ ਵਾਲੇ 100 ਵੈਟਨਰੀ ਵਿਦਿਆਰਥੀਆਂ ਲਈ ਸਹੁੰ ਚੁੱਕ ਸਮਾਗਮ ਕਰਵਾਇਆ। ਡਾ. ਅੰਜੂ ਪੂਨੀਆ ਨੇ ਮੁੱਖ ਮਹਿਮਾਨ ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ - ਕੁਲਪਤੀ ਦਾ ਸਵਾਗਤ ਕੀਤਾ। ਡਾ. ਜਤਿੰਦਰ ਮਹਿੰਦਰੂ, ਨਿਰਦੇਸ਼ਕ ਪਸ਼ੂ ਹਸਪਤਾਲ ਨੇ ਇਸ ਬੈਚ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿੱਚ ਵਿਦਿਆਰਥੀਆਂ ਦੀਆਂ ਅਕਾਦਮਿਕ, ਖੇਡਾਂ ਅਤੇ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਪ੍ਰਾਪਤੀਆਂ ਨੂੰ ਉਜਾਗਰ ਕੀਤਾ ਗਿਆ। ਕਾਲਜ ਦੇ ਡੀਨ ਡਾ. ਸਵਰਨ ਸਿੰਘ ਰੰਧਾਵਾ ਨੇ ਵੈਟਨਰੀ ਦੀ ਸਹੁੰ ਚੁਕਾਈ ਅਤੇ ਗ੍ਰੈਜੂਏਟਾਂ ਨੂੰ ਆਪਣੇ ਪੇਸ਼ੇਵਰ ਅਭਿਆਸ ਵਿੱਚ ਨੈਤਿਕ ਮਿਆਰਾਂ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ। ਗ੍ਰੈਜੂਏਟਾਂ ਨੇ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਅਧਿਆਪਕਾਂ ਦੇ ਸਮਰਪਣ ਅਤੇ ਸਮਰਥਨ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਯੂਨੀਵਰਸਿਟੀ ਵਿੱਚ ਆਪਣੇ ਗੁਜ਼ਾਰੇ ਸਮੇਂ ਦੇ ਯਾਦਗਾਰੀ ਅਨੁਭਵ ਵੀ ਸਾਂਝੇ ਕੀਤੇ। ਉਨ੍ਹਾਂ ਦੀ ਅਕਾਦਮਿਕ ਯਾਤਰਾ ਨੂੰ ਦਰਸਾਉਂਦੀ ਇੱਕ ਵੀਡੀਓ ਵੀ ਵਿਖਾਈ ਗਈ ਜਿਸ ਨੂੰ ਬਹੁਤ ਸਰਾਹਿਆ ਗਿਆ। ਡਾ. ਗਿੱਲ ਨੇ ਗ੍ਰੈਜੂਏਟਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਉਪਰਾਲਿਆਂ ਲਈ ਸਫਲਤਾ ਦੀ ਕਾਮਨਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਪੇਸ਼ੇਵਰ ਜ਼ਿੰਮੇਵਾਰੀਆਂ ਦੇ ਨਾਲ-ਨਾਲ ਸੰਤੁਲਿਤ ਅਤੇ ਸਿਹਤਮੰਦ ਜੀਵਨ ਬਣਾਈ ਰੱਖਣ ਲਈ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਰੁੱਝੇ ਰਹਿਣ ਲਈ ਉਤਸ਼ਾਹਿਤ ਕੀਤਾ। ਸਮਾਰੋਹ ਡਾ. ਰਣਧੀਰ ਸਿੰਘ ਦੇ ਧੰਨਵਾਦ ਮਤੇ ਨਾਲ ਸਮਾਪਤ ਹੋਇਆ। ਇਸ ਵਿੱਚ ਯੂਨੀਵਰਸਿਟੀ ਦੇ ਅਧਿਕਾਰੀ, ਵਿਭਾਗ ਮੁਖੀ ਅਤੇ ਅਧਿਆਪਕ ਸ਼ਾਮਲ ਹੋਏ। ਇਹ ਸਮਾਗਮ ਕਾਰਸ ਲੈਬਾਰਟਰੀਜ਼ ਪ੍ਰਾਈਵੇਟ ਲਿਮਟਿਡ ਵੱਲੋਂ ਪ੍ਰਾਯੋਜਿਤ ਕੀਤਾ ਗਿਆ ਸੀ। ਸਮਾਗਮ ਦੌਰਾਨ ਕਲੀਨਿਕਲ ਵਿਸ਼ਿਆਂ ਵਿੱਚ ਪਹਿਲੇ ਤਿੰਨ ਵਿਦਿਆਰਥੀਆਂ ਨੂੰ ਕ੍ਰਮਵਾਰ 51,000, 35,000 ਅਤੇ 25,000 ਦੇ ਨਕਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

# ਵਿਧਾਇਕ ਬੱਗਾ ਵੱਲੋਂ ਕਬੀਰ ਨਗਰ 'ਚ ਗਲੀਆਂ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ



**ਲੁਧਿਆਣਾ/ਜ਼ਿਕਰ ਪੰਜਾਬ**

ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਦੇ ਵਾਰਡ ਨੰਬਰ 8 ਅਧੀਨ ਕਬੀਰ ਨਗਰ ਵਿੱਚ ਬਣਨ ਜਾ ਰਹੀਆਂ ਗਲੀਆਂ ਦਾ ਉਦਘਾਟਨ ਹਲਕਾ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਕੀਤਾ ਗਿਆ। ਗਲੀਆਂ ਦਾ ਉਦਘਾਟਨ ਕਰਦਿਆਂ ਵਿਧਾਇਕ ਬੱਗਾ ਨੇ ਕਿਹਾ ਕਿ ਕਰੀਬ 56 ਲੱਖ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਨੂੰ ਤੈਅ ਸਮਾਂ ਸੀਮਾਂ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਵਿਧਾਇਕ ਬੱਗਾ ਨੇ ਦੱਸਿਆ ਕਿ ਹਲਕਾ ਉੱਤਰੀ ਅੰਦਰ ਵਿਕਾਸ ਪੱਖੋਂ ਕਿਸੇ ਤਰ੍ਹਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ, ਹਲਕੇ ਅੰਦਰ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਜਾ ਚੁੱਕੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੇ ਹੋਰ ਨਵੇਂ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਇੱਕੋ ਇੱਕ ਮਿਸ਼ਨ ਸੂਬਾ ਵਾਸੀਆਂ ਨੂੰ ਹਰ ਤਰ੍ਹਾਂ ਦੀਆਂ ਮੁੱਢਲੀਆਂ ਸਹੂਲਤਾਂ ਦੇ ਨਾਲ ਨਾਲ ਸੂਬੇ ਅੰਦਰ ਰਿਕਾਰਡ ਤੋੜ ਵਿਕਾਸ ਕਾਰਜ ਕਰਵਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣਾ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਮੌਜੂਦ ਸਨ।

# ਪੰਜਾਬ ਦੇ ਮੁੱਖ ਸਕੱਤਰ ਸਿਨਹਾ ਨੇ ਮਿਸਾਲ ਕਾਇਮ ਕਰਦਿਆਂ ਨਾਗਰਿਕਾਂ ਨੂੰ ਜਨਗਣਨਾ 2027 ਦੀ ਸਵੈ-ਗਣਨਾ ਮੁਹਿੰਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ

ਜ਼ਿਕਰ ਪੰਜਾਬ

**ਚੰਡੀਗੜ੍ਹ** : ਪੰਜਾਬ ਦੇ ਮੁੱਖ ਸਕੱਤਰ, ਸ਼੍ਰੀ ਕੇ ਏ ਪੀ ਸਿਨਹਾ ਆਈਏਐੱਸ, ਨੇ ਆਪਣੇ ਆਵਾਸ 'ਤੇ ਔਨਲਾਈਨ ਪੋਰਟਲ (se.census.gov.in) ਰਾਹੀਂ ਆਪਣੀ ਸਵੈ-ਗਣਨਾ ਪੂਰੀ ਕੀਤੀ। ਇਸ ਪ੍ਰਕਿਰਿਆ ਨੂੰ ਸ਼੍ਰੀ ਮਨਜੀਤ ਸਿੰਘ ਬਰਾੜ, ਪ੍ਰਸ਼ਾਸਨਿਕ ਸਕੱਤਰ, ਸਥਾਨਕ ਸ਼ਾਸਨ ਵਿਭਾਗ, ਅਤੇ ਡਾ. ਨਵਜੋਤ ਖੋਸਾ, ਨਿਦੇਸ਼ਕ, ਡਾਇਰੈਕਟੋਰੇਟ ਆਫ਼ ਸੈਂਸਸ ਆਪ੍ਰੇਸ਼ਨ, ਪੰਜਾਬ ਅਤੇ ਚੰਡੀਗੜ੍ਹ, ਵੱਲੋਂ ਸੁਗਮ ਬਣਾਇਆ ਗਿਆ। ਉਨ੍ਹਾਂ ਨੇ ਰਾਜ ਦੇ ਸਾਰੇ ਨਿਵਾਸੀਆਂ ਤੋਂ ਰਾਸ਼ਟਰੀ ਜਨਗਣਨਾ ਪ੍ਰਕਿਰਿਆ ਵਿਚ ਸਰਗਰਮੀ ਨਾਲ ਭਾਗ ਲੈਣ ਦੀ ਅਪੀਲ ਕੀਤੀ ਅਤੇ ਇਸ ਨੂੰ ਇੱਕ ਨਾਗਰਿਕ ਜ਼ਿੰਮੇਵਾਰੀ ਦੱਸਿਆ, ਜੋ ਜਨਤਕ ਲੋੜਾਂ ਦਾ ਆਕਲਨ ਕਰਨ, ਸਰੋਤਾਂ ਦੇ ਨਿਆਂਸੰਗਤ ਆਵੰਟਨ ਨੂੰ ਯਕੀਨੀ ਬਣਾਉਣ ਅਤੇ ਸੁਸ਼ਾਸਨ ਨੂੰ ਮਜ਼ਬੂਤ ਕਰਨ ਵਿਚ ਮਦਦ ਕਰਦੀ ਹੈ।



ਉਨ੍ਹਾਂ ਨੇ ਅੱਗੇ ਅਪੀਲ ਕੀਤੀ ਕਿ ਹਰ ਪਰਿਵਾਰ ਦੀ ਗਣਨਾ ਹੋਵੇ, ਹਰ ਥਾਂ ਪਹੁੰਚ ਬਣਾਈ ਜਾਵੇ ਅਤੇ ਕੋਈ ਵੀ ਪਿੱਛੇ ਨਾ ਛੁੱਟੇ। ਮੁੱਖ ਸਕੱਤਰ ਨੇ ਕਿਹਾ ਕਿ ਸਰਗਰਮ ਜਨਭਾਗੀਦਾਰੀ ਇੱਕ ਵਧੇਰੇ ਮਜ਼ਬੂਤ, ਵਧੇਰੇ ਸਮਾਵੇਸ਼ੀ ਅਤੇ ਵਿਕਸਿਤ ਭਾਰਤ ਦੇ ਨਿਰਮਾਣ ਵਿਚ ਮਦਦ ਕਰੇਗੀ। ਉਨ੍ਹਾਂ ਨੇ ਅੱਗੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਰੋਸੇਯੋਗ ਜਨਗਣਨਾ ਡਾਟਾ ਸਕੂਲਾਂ, ਹਸਪਤਾਲਾਂ, ਸੜਕਾਂ, ਕਲਿਆਣਕਾਰੀ ਯੋਜਨਾਵਾਂ, ਅਤੇ ਵਿਕਾਸ ਨੀਤੀਆਂ ਦੀ ਯੋਜਨਾ ਦਾ ਆਧਾਰ ਬਣਦਾ ਹੈ, ਜਿਸ ਨਾਲ ਸਵੈ-ਗਣਨਾ ਵਿਕਸਿਤ ਭਾਰਤ ਦੇ ਵਿਜ਼ਨ ਨੂੰ ਸਾਕਾਰ ਕਰਨ ਵਿੱਚ ਇੱਕ ਮਹੱਤਵਪੂਰਨ ਸਤੰਭ ਬਣ ਜਾਂਦੀ ਹੈ। ਸਵੈ-ਗਣਨਾ, ਜਨਗਣਨਾ 2027 ਦੀ ਇੱਕ ਮੁੱਖ ਵਿਸ਼ੇਸ਼ਤਾ ਹੈ ਅਤੇ ਇਸ ਨੂੰ ਪੰਜਾਬ ਰਾਜ ਵਿਚ 30 ਅਪ੍ਰੈਲ, 2026 ਤੋਂ 14 ਮਈ, 2026 ਤੱਕ ਆਯੋਜਿਤ ਕੀਤਾ ਜਾਵੇਗਾ। ਇਹ ਵਿਅਕਤੀਆਂ ਨੂੰ ਆਪਣੇ ਘਰਾਂ ਵਿਚ ਆਰਾਮ ਨਾਲ ਔਨਲਾਈਨ ਆਪਣੇ ਜਨਅੰਕੜੇ ਅਤੇ ਸਮਾਜਿਕ-ਆਰਥਿਕ ਵੇਰਵੇ ਸੁਵਿਧਾਪੂਰਵਕ ਪੇਸ਼ ਕਰਨ ਵਿਚ ਸਮਰੱਥ ਬਣਾਉਂਦੀ ਹੈ। ਇਸ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਕਿਹਾ ਕਿ ਇੱਕ ਭਰੋਸੇਯੋਗ ਅਤੇ ਸਮਾਵੇਸ਼ੀ ਜਨਗਣਨਾ ਦੇ ਸੰਚਾਲਨ ਲਈ ਸਵੈ-ਗਣਨਾ ਬੇਹੱਦ ਜ਼ਰੂਰੀ ਹੈ, ਕਿਉਂਕਿ ਇਹ ਨਾਗਰਿਕਾਂ ਨੂੰ ਆਪਣੇ ਪਰਿਵਾਰ, ਭਾਈਚਾਰੇ ਅਤੇ ਖੇਤਰ ਦੇ ਸਟੀਕ ਕਟ ਰਾਹੀਂ ਰਾਸ਼ਟਰ-ਨਿਰਮਾਣ ਵਿਚ ਸਿੱਧਾ ਯੋਗਦਾਨ ਦੇਣ ਦਾ ਮੌਕਾ ਦਿੰਦੀ ਹੈ। ਇਹ ਪਹਿਲ ਭੌਤਿਕ ਸੰਪਰਕ ਦੀ ਲੋੜ ਨੂੰ ਜ਼ਿਕਰਯੋਗ ਰੂਪ ਵਿਚ ਘਟਾਉਂਦੀ ਹੈ, ਜਦਕਿ ਡਾਟਾ ਸੰਗ੍ਰਹਿ ਦੀ ਕੁਸ਼ਲਤਾ, ਕਵਰੇਜ, ਅਤੇ ਭਰੋਸੇਯੋਗਤਾ ਨੂੰ ਵਧਾਉਂਦੀ ਹੈ। ਇਸ ਤੋਂ ਬਾਅਦ 15 ਮਈ, 2026 ਤੋਂ 13 ਜੂਨ, 2026 ਤੱਕ ਹਾਊਸਲਿਸਟਿੰਗ ਰਾਊਂਡ ਆਯੋਜਿਤ ਕੀਤਾ ਜਾਵੇਗਾ। ਸਾਰੇ ਨਿਵਾਸੀਆਂ ਤੋਂ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ ਸੁਵਿਧਾ ਦਾ ਲਾਭ ਉਠਾਉਣ ਅਤੇ ਜਨਗਣਨਾ 2027 ਦੀ ਸਫਲਤਾ ਵਿੱਚ ਪੂਰੇ ਮਨ ਨਾਲ ਯੋਗਦਾਨ ਦੇਣ। ਉਨ੍ਹਾਂ ਦੀ ਸਰਗਰਮ ਭਾਗੀਦਾਰੀ ਇੱਕ ਵਿਆਪਕ ਅਤੇ ਭਰੋਸੇਯੋਗ ਰਾਸ਼ਟਰੀ ਡਾਟਾਬੇਸ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰੇਗੀ, ਜੋ ਸੂਚਿਤ ਫੈਸਲਾ-ਨਿਰਮਾਣ ਅਤੇ ਭਵਿੱਖ ਦੀ ਯੋਜਨਾ ਲਈ ਜ਼ਰੂਰੀ ਹੈ।

# ਹਰਿਆਣਾ ਵਿੱਚ 52,000 ਹਾਊਸ ਲਿਸਟਿੰਗ ਬਲਾਕਾਂ ਵਿੱਚ ਜਨਗਣਨਾ ਅਤੇ ਹਾਊਸ ਲਿਸਟਿੰਗ ਆਪਰੇਸ਼ਨ ਦੀ ਸ਼ੁਰੂਆਤ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਹਰਿਆਣਾ ਰਾਜ ਦੇ 52,000 ਹਾਊਸ ਲਿਸਟਿੰਗ ਬਲਾਕਾਂ ਵਿੱਚ ਅੱਜ ਜਨਗਣਨਾ ਅਤੇ ਹਾਊਸ ਲਿਸਟਿੰਗ ਆਪਰੇਸ਼ਨ ਦੀ ਸ਼ੁਰੂਆਤ ਹੋ ਗਈ ਹੈ। ਇਹ ਕੰਮ ਸਿਖਲਾਈ ਪ੍ਰਾਪਤ ਪ੍ਰਗਣਕਾਂ ਵੱਲੋਂ ਕੀਤਾ ਜਾ ਰਿਹਾ ਹੈ, ਜੋ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਨਿਜੀ ਸੰਸਥਾਵਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਨ। ਪਿਛਲੇ ਇੱਕ ਮਹੀਨੇ ਦੌਰਾਨ ਸਾਰੇ ਪ੍ਰਗਣਕਾਂ ਅਤੇ ਸੁਪਰਵਾਈਜ਼ਰਾਂ ਨੂੰ ਵਿਸਤ੍ਰਿਤ ਸਿਖਲਾਈ ਦਿੱਤੀ ਗਈ ਹੈ, ਤਾਂ ਜੋ ਜਨਗਣਨਾ ਕੰਮ ਸੁਚਾਰੂ, ਸਟੀਕ ਅਤੇ ਪ੍ਰਭਾਵੀ ਢੰਗ ਨਾਲ ਸੰਪੰਨ ਹੋ ਸਕੇ। ਇਸ ਵਾਰ ਦੀ ਜਨਗਣਨਾ ਪੂਰੀ ਤਰ੍ਹਾਂ ਡਿਜੀਟਲ ਹੋਵੇਗੀ ਅਤੇ ਸਮੁੱਚੀ ਹਾਊਸ ਲਿਸਟਿੰਗ ਅਤੇ ਡਾਟਾ ਸੰਕਲਨ ਮੋਬਾਈਲ ਐਪਲੀਕੇਸ਼ਨ ਰਾਹੀਂ ਕੀਤਾ ਜਾਵੇਗਾ। ਜਿਨ੍ਹਾਂ ਨਾਗਰਿਕਾਂ ਨੇ ਪਹਿਲਾਂ ਸਵੈ-ਗਣਨਾ ਕਰ ਲਈ ਹੈ, ਉਨ੍ਹਾਂ ਨੂੰ ਸਿਰਫ਼ ਆਪਣੀ ਸਵੈ-ਗਣਨਾ 94 ਪ੍ਰਗਣਕ ਨੂੰ ਦੱਸਣੀ ਹੋਵੇਗੀ। ਅੱਜ ਤੋਂ ਸ਼ੁਰੂ ਹੋਏ ਆਪਰੇਸ਼ਨ





ਵਿੱਚ ਪ੍ਰਗਣਕਾਂ ਵੱਲੋਂ ਮਕਾਨਾਂ ਉੱਤੇ ਕ੍ਰਮਵਾਰ ਨੰਬਰ ਅੰਕਿਤ ਕੀਤਾ ਜਾ ਰਿਹਾ ਹੈ। ਹਰ ਗਣਨਾ ਬਲਾਕ ਵਿੱਚ ਮਕਾਨਾਂ ਨੂੰ ਸੀਰੀਅਲ ਨੰਬਰ ਨਾਲ ਚਿੰਨ੍ਹ?ਤ ਕੀਤਾ ਜਾਵੇਗਾ। ਸੈਕਟਰ ਆਧਾਰਿਤ ਆਵਾਸੀ ਖੇਤਰਾਂ ਵਿੱਚ ਸੈਕਟਰ ਨੰਬਰ ਅਤੇ ਮਕਾਨ ਨੰਬਰ ਨੂੰ ਹੀ ਅੰਕਨ ਲਈ ਵਰਤਿਆ ਜਾਵੇਗਾ। ਨਾਲ ਹੀ, ਪ੍ਰਗਣਕ ਆਪਣੇ ਖੇਤਰ ਦੀ ਹਰ ਗਲੀ, ਮੋਹੱਲੇ ਅਤੇ ਬਸਤੀ ਦਾ ਸਰਵੇਖਣ ਕਰ ਨਜ਼ਰੀ ਨਕਸ਼ਾ ਤਿਆਰ ਕਰਨਗੇ, ਤਾਂ ਜੋ ਕੋਈ ਵੀ ਮਕਾਨ ਜਾਂ ਪਰਿਵਾਰ ਜਨਗਣਨਾ ਤੋਂ ਵਾਂਝਾ ਨਾ ਰਹੇ। ਨਿਰਦੇਸ਼ਕ ਜਨਗਣਨਾ, ਹਰਿਆਣਾ, ਡਾ. ਲਲਿਤ ਜੈਨ ਨੇ ਪ੍ਰਦੇਸ਼ਵਾਸੀਆਂ ਤੋਂ ਪ੍ਰਗਣਕਾਂ ਅਤੇ ਸੁਪਰਵਾਈਜ਼ਰਾਂ ਨੂੰ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਾਗਰਿਕ ਸੰਦੇਹ ਹੋਣ 'ਤੇ ਸਬੰਧਤ ਅਧਿਕਾਰੀ ਦਾ ਪਛਾਣ ਪੱਤਰ ਜਾਂਚ ਸਕਦੇ ਹਨ, ਜਿਸ ਉੱਤੇ ਸਕੈਨ ਕੋਡ ਵੀ ਉਪਲਬਧ ਹੈ। ਉਨ੍ਹਾਂ ਸਭ ਤੋਂ ਅਪੀਲ ਕੀਤੀ ਕਿ ਪ੍ਰਗਣਕਾਂ ਦਾ ਸਨਮਾਨਪੂਰਵਕ ਸਵਾਗਤ ਕਰੋ ਅਤੇ ਸਹੀ ਅਤੇ ਸਟੀਕ ਜਾਣਕਾਰੀ ਦਿਓ। ਪੰਚਾਇਤ ਪ੍ਰਤੀਨਿਧੀਆਂ ਅਤੇ ਸਥਾਨਕ ਨਿਕਾਇਆਂ ਤੋਂ ਵੀ ਸਹਿਯੋਗ ਦੀ ਅਪੀਲ ਕੀਤੀ ਗਈ ਹੈ, ਕਿਉਂਕਿ ਇਹ ਰਾਸ਼ਟਰ ਹਿਤ ਦਾ ਮਹੱਤਵਪੂਰਨ ਕੰਮ ਹੈ। ਡਾ. ਜੈਨ ਨੇ ਕਿਹਾ, "ਪ੍ਰਗਣਕ ਅਤੇ ਸੁਪਰਵਾਈਜ਼ਰ ਜਨਗਣਨਾ ਵਿਭਾਗ ਦੀ ਰੀੜ੍ਹ ਦੀ ਹੱਡੀ ਹਨ ਅਤੇ ਪੂਰਾ ਵਿਭਾਗ ਉਨ੍ਹਾਂ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ।"ਉਨ੍ਹਾਂ ਦੱਸਿਆ ਕਿ ਸਹਾਇਤਾ ਲਈ ਟੋਲ ਫ?ਰੀ ਹੈਲਪਲਾਈਨ ਨੰਬਰ 1885 ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹੈ, ਜਿਸ ਦਾ ਉਪਯੋਗ ਨਾਗਰਿਕ, ਪ੍ਰਗਣਕ ਅਤੇ ਸੁਪਰਵਾਈਜ਼ਰ ਕਰ ਸਕਦੇ ਹਨ। ਕਿਉਂਕਿ ਇਹ ਦੇਸ਼ ਦੀ ਪਹਿਲੀ ਪੂਰੀ ਡਿਜੀਟਲ ਜਨਗਣਨਾ ਹੈ, ਇਸ ਲਈ ਪ੍ਰਾਰੰਭਿਕ ਚਰਣ ਵਿੱਚ ਕੁਝ ਤਕਨੀਕੀ ਚੁਣੌਤੀਆਂ ਆਮ ਹਨ, ਜਿਨ੍ਹਾਂ ਦਾ ਵਿਭਾਗ ਤੁਰੰਤ ਹੱਲ ਕਰ ਰਿਹਾ ਹੈ। ਉਨ੍ਹਾਂ ਪ੍ਰਗਣਕਾਂ ਅਤੇ ਸੁਪਰਵਾਈਜ਼ਰਾਂ ਤੋਂ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਫੀਲਡ ਵਿੱਚ ਜਾਣ ਅਤੇ ਪਾਣੀ ਦੇ ਨਾਲ ਟੋਪੀ ਨਾਲ ਰੱਖਣ ਦੀ ਅਪੀਲ ਕੀਤੀ। ਅੰਤ ਵਿੱਚ ਡਾ. ਜੈਨ ਨੇ ਚਾਰਜ ਅਫ਼ਸਰ ਵਜੋਂ ਕੰਮ ਕਰ ਰਹੇ ਤਹਸੀਲਦਾਰਾਂ, ਸਕੱਤਰਾਂ, ਕਾਰਜਕਾਰੀ ਅਧਿਕਾਰੀਆਂ ਅਤੇ ਜ਼ੋਨਲ ਟੈਕਸੇਸ਼ਨ ਅਧਿਕਾਰੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜੋ ਜਨਗਣਨਾ ਅਭਿਆਨ ਨੂੰ ਸਫਲ ਬਣਾਉਣ ਵਿੱਚ ਸਰਗਰਮ ਯੋਗਦਾਨ ਦੇ ਰਹੇ ਹਨ।

# ਸ਼ੋਰ ਪ੍ਰਦੂਸ਼ਣ ਨਾਲ ਨਜਿੱਠਣ ਲਈ ਨਿਯਮਤ ਜਾਗਰੂਕਤਾ ਮੁਹਿੰਮ ਜ਼ਰੂਰੀ : ਸੁਸ਼ੀਲ ਡੋਗਰਾ

**ਸੈਕਟਰ 8 ਦੇ ਡੀਏਵੀ ਪਬਲਿਕ ਸਕੂਲ 'ਚ 300 ਤੋਂ ਵੱਧ ਵਿਦਿਆਰਥੀ ਬਣੇ ਮੁਹਿੰਮ ਦਾ ਹਿੱਸਾ • ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲਿਆਂ ਨੇ ਫੈਲਾਇਆ ਸ਼ੋਰ ਪ੍ਰਦੂਸ਼ਣ ਵਿਰੁੱਧ ਸੰਦੇਸ਼**

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਸ਼ੋਰ ਪ੍ਰਦੂਸ਼ਣ ਸਿਰਫ਼ ਚੰਡੀਗੜ੍ਹ ਲਈ ਹੀ ਨਹੀਂ ਸਗੋਂ ਪੂਰੇ ਦੇਸ਼ ਲਈ ਗੰਭੀਰ ਸਮੱਸਿਆ ਹੈ। ਇਸ ਸਮੱਸਿਆ ਨੂੰ ਹਰ ਕੋਈ ਸਵੀਕਾਰ ਕਰਦਾ ਹੈ, ਪਰ ਇਸਦੇ ਹੱਲ ਬਾਰੇ ਜਾਗਰੂਕਤਾ ਦੀ ਘਾਟ ਹੈ। ਉਕਤ ਵਿਚਾਰ ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ ਦੇ ਵਿਗਿਆਨੀ ਸੁਸ਼ੀਲ ਡੋਗਰਾ ਨੇ ਬੁੱਧਵਾਰ ਨੂੰ ਸੈਕਟਰ 8 ਦੇ ਡੀਏਵੀ ਪਬਲਿਕ ਸਕੂਲ ਵਿੱਚ ਅੰਤਰਰਾਸ਼ਟਰੀ ਸ਼ੋਰ ਜਾਗਰੂਕਤਾ ਦਿਵਸ ਦੇ ਮੌਕੇ 'ਤੇ, ਪ੍ਰਯੋਗ ਫਾਊਂਡੇਸ਼ਨ ਅਤੇ ਸਰਵਪ੍ਰੇਮ ਫਾਊਂਡੇਸ਼ਨ ਦੁਆਰਾ ਸ਼ੁਰੂ ਕੀਤੀ ਗਈ ਸ਼ੋਰ ਪ੍ਰਦੂਸ਼ਣ ਵਿਰੁੱਧ ਜਾਗਰੂਕਤਾ ਮੁਹਿੰਮ ਧਵਨੀ - ਦ ਪੀਸ ਦੀ ਸ਼ੁਰੂਆਤ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ। ਸੁਸ਼ੀਲ ਡੋਗਰਾ ਨੇ ਕਈ ਉਦਾਹਰਣਾਂ ਦਿੰਦੇ ਹੋਏ ਵਿਦਿਆਰਥੀਆਂ ਨੂੰ ਦੱਸਿਆ ਕਿ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਨਿਯਮ ਅਤੇ ਕਾਨੂੰਨ ਬਣੇ ਹੋਏ ਹਨ। ਪ੍ਰੀਖਿਆਵਾਂ ਦੇ ਦਿਨਾਂ ਦੌਰਾਨ ਕਿਸੇ ਵੀ ਅਸੁਵਿਧਾ ਤੋਂ ਬਚਣ ਲਈ, ਵਿਦਿਆਰਥੀ 112 'ਤੇ ਕਾਲ ਕਰ ਸਕਦੇ ਹਨ। ਉਨ੍ਹਾਂ ਨੇ ਪ੍ਰਯੋਗ ਫਾਊਂਡੇਸ਼ਨ ਅਤੇ ਸਰਵਪ੍ਰੇਮ ਫਾਊਂਡੇਸ਼ਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਇਹ ਮੁਹਿੰਮ ਨਿਯਮਿਤ ਤੌਰ 'ਤੇ ਚਲਾਈ ਜਾਵੇ, ਤਾਂ ਸਿਟੀ ਬਿਊਟੀਫੁੱਲ ਨੂੰ ਸ਼ੋਰ ਪ੍ਰਦੂਸ਼ਣ ਮੁਕਤ ਬਣਾਇਆ ਜਾ ਸਕਦਾ ਹੈ। ਸੁਸ਼ੀਲ ਡੋਗਰਾ ਨੇ ਪ੍ਰੋਗਰਾਮ ਵਿੱਚ ਸ਼ਾਮਿਲ ਸਕੂਲੀ ਬੱਚਿਆਂ ਅਤੇ ਹੋਰ ਭਾਗੀਦਾਰਾਂ ਨੂੰ ਸ਼ੋਰ ਪ੍ਰਦੂਸ਼ਣ ਨਾ ਫੈਲਾਉਣ ਲਈ ਸਹੁੰ ਵੀ ਚੁਕਾਈ। ਸਕੂਲ ਦੇ 300 ਤੋਂ ਵੱਧ ਵਿਦਿਆਰਥੀਆਂ ਨੇ ਇਸ ਮੁਹਿੰਮ ਵਿੱਚ ਹਿੱਸਾ ਲਿਆ।



ਪ੍ਰੋਗਰਾਮ ਦੌਰਾਨ, ਈਐਨਟੀ ਮਾਹਿਰ ਡਾ. ਪ੍ਰਾਚੀ ਬਰਾਕ ਨੇ ਬੱਚਿਆਂ ਵਿੱਚ ਸ਼ੋਰ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਉਨ੍ਹਾਂ ਨੂੰ ਕਿਵੇਂ ਰੋਕਿਆ ਜਾਵੇ ਬਾਰੇ ਇੱਕ ਪੇਸ਼ਕਾਰੀ ਪੇਸ਼ ਕੀਤੀ। ਸਕੂਲ ਦੇ ਪ੍ਰਿੰਸੀਪਲ ਮਨਤੋਸ਼ ਪਾਲ ਸਿੰਘ ਨੇ ਬੱਚਿਆਂ ਦੀ ਹੈੱਡਫੋਨ ਲਗਾ ਕੇ ਪੜ੍ਹਨ ਦੀ ਆਦਤ 'ਤੇ ਬੋਲਦੇ ਹੋਏ ਦੱਸਿਆ ਕਿ ਅਸ਼ੋਕ ਦਾ ਰੁੱਖ ਸ਼ੋਰ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਿਵੇਂ ਮਦਦ ਕਰਦਾ ਹੈ। ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ, ਡਾ. ਰੋਮਿਕਾ ਵਢੇਰਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਕਲਪਨਾ ਕਿਵੇਂ ਕੀਤੀ ਗਈ। ਸਰਵਪ੍ਰੇਮ ਫਾਊਂਡੇਸ਼ਨ ਦੇ ਸੰਸਥਾਪਕ ਡਾ. ਪ੍ਰੇਮ ਓਝਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ, ਚੰਡੀਗੜ੍ਹ ਟ?ਰਾਈਸਿਟੀ ਦੇ ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚੋਂ ਹੋਰ ਬੱਚੇ ਅਤੇ ਨੌਜਵਾਨ ਇਸੇ ਤਰ੍ਹਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਕੀਤੇ ਜਾਣਗੇ। ਇਸ ਮੌਕੇ ਸਕੂਲ ਵਿੱਚ ਸ਼ੋਰ ਪ੍ਰਦੂਸ਼ਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਪੇਂਟਿੰਗ ਮੁਕਾਬਲਾ ਅਤੇ ਬੱਚਿਆਂ ਦਾ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਸੀਆ ਅਤੇ ਰੂਹਾਨੀ ਨੂੰ ਪੋਸਟਰ ਮੇਕਿੰਗ ਵਿੱਚ ਅਤੇ ਮਾਲਵਿਕਾ ਅਤੇ ਯੁੱਗ ਨੂੰ ਭਾਸ਼ਣ ਮੁਕਾਬਲੇ ਵਿੱਚ ਜੇਤੂ ਐਲਾਨਿਆ ਗਿਆ। ਇਸ ਸਮਾਗਮ ਵਿੱਚ ਸੇਵਾਮੁਕਤ ਪ੍ਰਿੰਸੀਪਲ ਅਰਾਧਨਾ ਓਝਾ, ਡਾ. ਅਸ਼ੋਕ ਵਢੇਰਾ ਅਤੇ ਸਾਹਿਤਕਾਰ ਸੀਮਾ ਗੁਪਤਾ ਨੇ ਜੱਜਾਂ ਦੀ ਭੂਮਿਕਾ ਨਿਭਾਈ। ਇਸ ਮੌਕੇ ਪ੍ਰਯੋਗ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਨਿਤੇਸ਼ ਮਹਾਜਨ, ਫਾਇਰ ਅਵੇਅਰਨੈੱਸ ਐਂਡ ਸੇਫਟੀ ਐਸੋਸੀਏਸ਼ਨ ਦੇ ਪ੍ਰਧਾਨ ਜਸਜੋਤ ਸਿੰਘ ਅਲਮਸਤ, ਧਵਾਨੀ ਦ ਪੀਸ ਦੇ ਪ੍ਰੋਜੈਕਟ ਕੋਆਰਡੀਨੇਟਰ ਡਾ. ਕਵਿਤਾ ਸ਼ਰਮਾ, ਸੰਜੇ ਓਝਾ, ਸ੍ਰੀਜਨ ਅਤੇ ਹੋਰ ਕਈ ਪਤਵੰਤੇ ਮੌਜੂਦ ਸਨ।

# ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਕਿਡਨੀ ਮਰੀਜ਼ਾਂ ਲਈ ਬਣੀ ਵਰਦਾਨ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਅਧੀਨ ਹੁਣ ਤੱਕ ਲਗਭਗ 1 ਲੱਖ ਡਾਇਲਿਸਿਸ ਪ੍ਰਕਿਰਿਆਵਾਂ ਕੀਤੀਆਂ ਜਾ ਚੁੱਕੀਆਂ ਹਨ, ਜਿੰਨ੍ਹਾਂ 'ਤੇ ਕਰੀਬ 16.5 ਕਰੋੜ ਰੁਪਏ ਦਾ ਖ਼ਰਚ ਆਇਆ ਹੈ। ਭਾਰਤ ਵਿੱਚ ਕ੍ਰੋਨਿਕ ਕਿਡਨੀ ਡਿਜੀਜ਼ (ਗੰਭੀਰ ਗੁਰਦਾ ਰੋਗ) ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਅਜਿਹੇ ਸਮੇਂ ਵਿੱਚ ਸਰਕਾਰ ਵੱਲੋਂ ਸਮਰਥਿਤ ਕੈਸ਼ਲੈੱਸ ਡਾਇਲਿਸਿਸ ਯੋਜਨਾਵਾਂ ਮਰੀਜ਼ਾਂ ਲਈ ਜੀਵਨ-ਰੱਖਿਅਕ ਵਜੋਂ ਸਾਹਮਣੇ ਆ ਰਹੀਆਂ ਹਨ। ਹਾਲਾਂਕਿ ਮਾਹਰ ਦਾ ਮੰਨਣਾ ਹੈ ਕਿ ਇਲਾਜ ਦੀ ਸਫਲਤਾ ਅਜੇ ਵੀ ਇਲਾਜ ਦੀ ਉਪਲੱਬਧਤਾ ਨਾਲੋਂ ਇਸ ਨੂੰ ਝੱਲਣ ਦੀ ਸਮਰੱਥਾ 'ਤੇ ਵੱਧ ਨਿਰਭਰ ਕਰਦੀ ਹੈ। ਲੁਧਿਆਣਾ ਦੇ ਧਿਆਨ ਸਿੰਘ ਹਫ਼ਤੇ ਵਿੱਚ ਦੋ ਵਾਰ ਹਸਪਤਾਲ ਜਾਂਦੇ ਹਨ। ਲੰਬੇ ਸਮੇਂ ਤੋਂ ਡਾਇਲਿਸਿਸ ਕਰਵਾ ਰਹੇ ਮਰੀਜ਼ਾਂ ਵਾਂਗ, ਉਹਨਾਂ ਨੂੰ ਵੀ ਨਿਯਮਿਤ ਇਲਾਜ ਦੇ ਬਾਵਜੂਦ ਕਈ ਸਰੀਰਕ ਅਤੇ ਮੈਟਾਬੋਲਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ 'ਸਿਹਤ ਕਾਰਡ' ਰਾਹੀਂ ਮਿਲ ਰਹੀ ਆਰਥਿਕ ਸਹਾਇਤਾ ਨਾਲ ਕਾਫ਼ੀ ਰਾਹਤ ਮਿਲੀ ਹੈ। ਹੁਣ ਤੱਕ ਉਹ ਦਰਜਨ ਤੋਂ ਵੱਧ ਵਾਰ ਕੈਸ਼ਲੈੱਸ ਇਲਾਜ ਲੈ ਚੁੱਕੇ ਹਨ। ਉਹ ਕਹਿੰਦੇ ਹਨ, "ਜਦੋਂ ਤੋਂ ਮੈਂ ਮੁੱਖ ਮੰਤਰੀ ਸਿਹਤ ਯੋਜਨਾ ਵਿੱਚ ਰਜਿਸਟ੍ਰੇਸ਼ਨ ਕਰਵਾਇਆ ਹੈ, ਉਦੋਂ ਤੋਂ ਸਿਮਰਿਤਾ ਨਰਸਿੰਗ ਹੋਮ ਵਿੱਚ ਮੇਰਾ ਡਾਇਲਿਸਿਸ ਮੁਫ਼ਤ ਹੋ ਰਿਹਾ ਹੈ। ਕ੍ਰੋਨਿਕ ਕਿਡਨੀ ਡਿਜੀਜ਼ ਨਾਲ ਜੂਝ ਰਹੇ ਮਰੀਜ਼ਾਂ ਲਈ ਜੀਵਨ ਦਿਨਾਂ ਜਾਂ ਹਫ਼ਤਿਆਂ ਵਿੱਚ ਨਹੀਂ, ਸਗੋਂ ਮਸ਼ੀਨ ਦੇ ਚੱਕਰਾਂ ਵਿੱਚ ਸਿਮਟ ਕੇ ਰਹਿ ਜਾਂਦਾ ਹੈ। ਹਫ਼ਤੇ ਵਿੱਚ ਦੋ ਤੋਂ ਤਿੰਨ ਵਾਰ, ਲਗਭਗ ਚਾਰ ਘੰਟਿਆਂ ਲਈ, ਸਰੀਰ ਵਿੱਚੋਂ ਖ਼ੂਨ ਕੱਢ ਕੇ ਡਾਇਲਿਸਿਸ ਮਸ਼ੀਨ ਰਾਹੀਂ ਫਿਲਟਰ ਕੀਤਾ ਜਾਂਦਾ ਹੈ ਅਤੇ ਫਿਰ ਉਹਨਾਂ ਜ਼ਹਿਰੀਲੇ ਤੱਤਾਂ ਤੋਂ ਸਾਫ਼ ਕਰਕੇ ਵਾਪਸ ਸਰੀਰ ਵਿੱਚ ਪਾਇਆ ਜਾਂਦਾ ਹੈ, ਜਿਨ੍ਹਾਂ ਨੂੰ ਨਾਕਾਮ ਹੋ ਰਹੀਆਂ ਕਿਡਨੀਆਂ ਹੁਣ ਬਾਹਰ ਨਹੀਂ ਕੱਢ ਸਕਦੀਆਂ। ਇਹ ਪ੍ਰਕਿਰਿਆ ਜੀਵਨ ਨੂੰ ਜਾਰੀ ਰੱਖਦੀ ਹੈ, ਪਰ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਕਰਦੀ। ਭਾਰਤ ਵਿੱਚ ਕ੍ਰੋਨਿਕ ਕਿਡਨੀ ਡਿਜੀਜ਼ ਇੱਕ ਗੰਭੀਰ ਜਨ- ਸਿਹਤ ਸਮੱਸਿਆ ਬਣ ਚੁੱਕੀ ਹੈ, ਜਿਸਦਾ ਸਿੱਧਾ ਸਬੰਧ ਡਾਇਬਟੀਜ਼ ਅਤੇ ਉੱਚ ਰਕਤਚਾਪ (ਹਾਈ ਬਲੱਡ ਪ੍ਰੈਸ਼ਰ) ਦੇ ਵਧ ਰਹੇ ਮਾਮਲਿਆਂ ਨਾਲ ਹੈ। ਜਨ-ਸਿਹਤ ਮਾਹਰਾਂ ਅਨੁਸਾਰ ਹਰ ਸਾਲ ਲੱਖਾਂ ਮਰੀਜ਼ ਐਂਡ-ਸਟੇਜ ਕਿਡਨੀ ਡਿਜੀਜ਼ 'ਤੇ ਇਲਾਜ ਲਈ ਪਹੁੰਚ ਕਰਦੇ ਹਨ, ਜਿੱਥੇ ਜੀਊਂਦੇ ਰਹਿਣ ਲਈ ਲੰਬੇ ਸਮੇਂ ਦੇ ਡਾਇਲਿਸਿਸ ਜਾਂ ਕਿਡਨੀ ਟ?ਰਾਂਸਪਲਾਂਟ ਦੀ ਨੌਬਤ ਆ ਜਾਂਦੀ ਹੈ। ਆਲਮੀ ਪੱਧਰ 'ਤੇ ਵਿਸ਼ਵ ਸਿਹਤ ਸੰਗਠਨ (ਡਬਲਿਊਚ ਓ) ਇਸਨੂੰ ਤੇਜ਼ੀ ਨਾਲ ਵਧ ਰਹੀਆਂ ਗੈਰ-ਸੰਚਾਰੀ ਬੀਮਾਰੀਆਂ ਵਿੱਚ ਸ਼ਾਮਲ ਕਰਦਾ ਹੈ, ਜਿਸਦਾ ਕਾਰਨ ਵਧਦੀ ਉਮਰ ਅਤੇ ਜੀਵਨਸ਼ੈਲੀ ਨਾਲ ਜੁੜੇ ਖ਼ਤਰੇ ਹਨ। ਭਾਰਤ ਵਿੱਚ ਇਹ ਸੰਕਟ ਖ਼ਰਚੇ ਕਾਰਨ ਹੋਰ ਵੀ ਗੰਭੀਰ ਹੋ ਜਾਂਦਾ ਹੈ। ਨਿੱਜੀ ਖੇਤਰ ਵਿੱਚ ਇੱਕ ਡਾਇਲਿਸਿਸ ਸੈਸ਼ਨ ਦੀ ਲਾਗਤ 1,500 ਤੋਂ 4,000 ਰੁਪਏ ਦੇ ਵਿਚਕਾਰ ਹੁੰਦੀ ਹੈ। ਜ਼ਿਆਦਾਤਰ ਮਰੀਜ਼ਾਂ ਨੂੰ ਹਫ਼ਤੇ ਵਿੱਚ ਦੋ ਤੋਂ ਤਿੰਨ ਡਾਇਲਿਸਿਸ ਸੈਸ਼ਨਾਂ ਦੀ ਲੋੜ ਹੁੰਦੀ

**ਹੁਣ ਤੱਕ 16.5 ਕਰੋੜ ਰੁਪਏ ਦੀ ਲਾਗਤ ਨਾਲ ਕਿਡਨੀ ਮਰੀਜ਼ਾਂ ਨੇ 1 ਲੱਖ ਡਾਇਲਿਸਿਸ ਸੈਸ਼ਨ ਲਏ**

ਹੈ, ਜਿਸ ਨਾਲ ਸਾਲਾਨਾ ਖ਼ਰਚ ਕਈ ਲੱਖ ਰੁਪਏ ਤੱਕ ਪਹੁੰਚ ਜਾਂਦਾ ਹੈ—ਜੋ ਲਗਾਤਾਰ ਆਰਥਿਕ ਮਦਦ ਤੋਂ ਬਿਨਾਂ ਬਹੁਤ ਸਾਰੇ ਪਰਿਵਾਰਾਂ ਲਈ ਮੁਸ਼ਕਲ ਹੈ। ਇਲਾਜ ਦੇ ਫੈਸਲੇ ਅਕਸਰ ਮੈਡੀਕਲ ਲੋੜ ਦੇ ਨਾਲ-ਨਾਲ ਆਰਥਿਕ ਹਾਲਾਤਾਂ 'ਤੇ ਵੀ ਨਿਰਭਰ ਕਰਦੇ ਹਨ। ਇਸ ਸਬੰਧ ਵਿੱਚ ਪੰਜਾਬ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਵਰਗੀਆਂ ਸਰਕਾਰੀ ਯੋਜਨਾਵਾਂ ਇਲਾਜ ਵਿੱਚ ਆਉਣ ਵਾਲੀ ਰੁਕਾਵਟ ਨੂੰ ਘਟਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਕਿਡਨੀ ਦੀ ਬੀਮਾਰੀ ਕਈ ਲੰਬੇ ਸਮੇਂ ਦੀਆਂ ਬੀਮਾਰੀਆਂ ਦਾ ਨਤੀਜਾ ਹੁੰਦੀ ਹੈ, ਜੋ ਸਾਲਾਂ ਤੱਕ ਚੁੱਪਚਾਪ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦੀਆਂ ਰਹਿੰਦੀਆਂ ਹਨ ਅਤੇ ਲੱਛਣ ਦੇਰ ਨਾਲ ਸਾਹਮਣੇ ਆਉਂਦੇ ਹਨ। ਇਸ ਯੋਜਨਾ ਹੇਠ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਮੁਫ਼ਤ ਡਾਇਲਿਸਿਸ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਮਰੀਜ਼ਾਂ ਦਾ ਆਪਣੀ ਜੇਬ ਤੋਂ ਖ਼ਰਚ ਘੱਟ ਹੋਇਆ ਹੈ ਅਤੇ ਉਹ ਇਲਾਜ ਅਧੂਰਾ ਛੱਡਣ ਤੋਂ ਬਚ ਰਹੇ ਹਨ। ਇਸ ਸਬੰਧੀ ਸਿਹਤ ਮੰਤਰੀ ਡਾ.ਬਲਬੀਰ ਸਿੰਘ ਨੇ ਕਿਹਾ, "ਹੁਣ ਤੱਕ ਸਿਹਤ ਯੋਜਨਾ ਹੇਠ 1 ਲੱਖ ਮੁਫ਼ਤ ਡਾਇਲਿਸਿਸ ਇਲਾਜ, ਜਿਨ੍ਹਾਂ ਦੀ ਲਾਗਤ 16.5 ਕਰੋੜ ਰੁਪਏ ਬਣਦੀ ਹੈ, ਪ੍ਰਦਾਨ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਸਾਡਾ ਫਰਜ਼ ਹੈ ਕਿ ਕੋਈ ਵੀ ਮਰੀਜ਼ ਪੈਸਿਆਂ ਦੀ ਕਮੀ ਕਾਰਨ ਡਾਇਲਿਸਿਸ ਤੋਂ ਵਾਂਝਾ ਨਾ ਰਹੇ। ਮੋਗਾ ਦੇ ਦਿੱਲੀ ਹਾਰਟ ਐਂਡ ਮਲਟੀਸਪੈਸ਼ਲਟੀ ਹਸਪਤਾਲ ਦੇ ਨੇਫਰੋਲੋਜਿਸਟ ਡਾ. ਸੌਰਵ ਗੋਇਲ ਦਾ ਕਹਿਣਾ ਹੈ ਕਿ ਡਾਇਲਿਸਿਸ ਵਿੱਚ ਆਰਥਿਕ ਸਹਾਇਤਾ ਦਾ ਅਸਰ ਸਿਰਫ਼ ਸਹੂਲਤ ਤੱਕ ਸੀਮਿਤ ਨਹੀਂ। ਉਹ ਦੱਸਦੇ ਹਨ, "ਡਾਇਲਿਸਿਸ ਇਲਾਜ ਨਹੀਂ, ਸਗੋਂ ਜੀਵਨ ਨੂੰ ਜਾਰੀ ਰੱਖਣ ਵਾਲੀ ਪ੍ਰਕਿਰਿਆ ਹੈ। ਜੇ ਮਰੀਜ਼ ਇੱਕ ਜਾਂ ਦੋ ਸੈਸ਼ਨ ਵੀ ਛੱਡ ਦੇਵੇ, ਤਾਂ ਸਰੀਰ ਵਿੱਚ ਜ਼ਹਿਰੀਲੇ ਤੱਤ ਤੇਜ਼ੀ ਨਾਲ ਇਕੱਠੇ ਹੋ ਜਾਂਦੇ ਹਨ, ਜੋ ਜਾਨਲੇਵਾ ਹੋ ਸਕਦੇ ਹਨ। ਕੈਸ਼ਲੈੱਸ ਸਹੂਲਤ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਲਾਜ ਵਿੱਚ ਨਿਰੰਤਰਤਾ ਬਣੀ ਰਹਿੰਦੀ ਹੈ, ਅਤੇ ਡਾਇਲਿਸਿਸ ਵਿੱਚ ਨਿਰੰਤਰਤਾ ਹੀ ਜੀਵਨ ਹੈ।ਆਪਣਾ ਅਨੁਭਵ ਸਾਂਝਾ ਕਰਦੇ ਹੋਏ ਉਹ ਕਹਿੰਦੇ ਹਨ, "ਹੁਣ ਅਸੀਂ ਪਹਿਲਾਂ ਨਾਲੋਂ ਹਰ ਮਹੀਨੇ ਵੱਧ ਡਾਇਲਿਸਿਸ ਸੈਸ਼ਨ ਕਰ ਰਹੇ ਹਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੈਸ਼ਲੈੱਸ ਇਲਾਜ ਅਧੀਨ ਹੁੰਦੇ ਹਨ। ਇਹ ਮਰੀਜ਼ਾਂ ਲਈ ਵੱਡੀ ਮਦਦ ਅਤੇ ਡਾਕਟਰਾਂ ਲਈ ਵੀ ਰਾਹਤ ਦੀ ਗੱਲ ਹੈ, ਕਿਉਂਕਿ ਇਸ ਨਾਲ ਆਰਥਿਕ ਕਾਰਨਾਂ ਕਰਕੇ ਇਲਾਜ ਰੁਕਣ ਦੀ ਸਮੱਸਿਆ ਲਗਾਤਾਰ ਘਟ ਰਹੀ ਹੈ। ਡਾ. ਗੋਇਲ ਅਨੁਸਾਰ ਭਾਰਤ ਵਿੱਚ ਸਭ ਤੋਂ ਵੱਡੀ ਚੁਣੌਤੀ ਰੋਗ ਦੀ ਸਮੇਂ ਸਿਰ ਪਛਾਣ ਹੈ। ਜ਼ਿਆਦਾਤਰ ਮਰੀਜ਼ ਇਲਾਜ ਲਈ ਉਦੋਂ ਆਉਂਦੇ ਹਨ, ਜਦੋਂ ਗੁਰਦਿਆਂ ਦੀ ਕਾਰਗੁਜ਼ਾਰੀ ਕਾਫ਼ੀ ਹੱਦ ਤੱਕ ਪਹਿਲਾਂ ਹੀ ਖ਼ਤਮ ਹੋ ਚੁੱਕੀ ਹੁੰਦੀ ਹੈ। ਉਸ ਵੇਲੇ ਵਿਕਲਪ ਸਿਰਫ਼ ਡਾਇਲਿਸਿਸ ਜਾਂ ਟ?ਰਾਂਸਪਲਾਂਟ ਤੱਕ ਹੀ ਸੀਮਿਤ ਰਹਿ ਜਾਂਦੇ ਹਨ। ਮੈਡੀਕਲ ਰਿਸਰਚ ਅਨੁਸਾਰ ਭਾਰਤ ਵਿੱਚ ਕ੍ਰੋਨਿਕ ਕਿਡਨੀ ਡਿਜੀਜ਼ ਦੇ ਵੱਡੀ ਗਿਣਤੀ ਮਰੀਜ਼ਾਂ ਨੂੰ ਭਾਰੀ ਆਰਥਿਕ ਬੋਝ ਦਾ ਸਾਹਮਣਾ ਕਰਨਾ ਪਾਂਦਾ ਹੈ, ਜਿਸ ਕਾਰਨ ਕਈ ਇਲਾਜ ਸ਼ੁਰੂ ਕਰਨ ਦੇ ਕੁਝ ਮਹੀਨਿਆਂ ਵਿੱਚ ਹੀ ਜ਼ਿਆਦਾਤਰ ਪਰਿਵਾਰਾਂ ਦੀ ਬੱਚਤ ਖਤਮ ਹੋ ਜਾਂਦੀ ਜਾਂ ਉਹ ਕਰਜ਼ੇ ਵਿੱਚ ਡੁੱਬ ਜਾਂਦੇ ਹਨ।

# ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 'ਯੂਨੀਕ ਹੋਮ' ਦਾ ਦੌਰਾ

## ਬੱਚਿਆਂ ਦੀ ਭਲਾਈ ਤੇ ਗੋਦ ਲੈਣ ਦੀ ਪ੍ਰਕਿਰਿਆ ਦਾ ਲਿਆ ਜਾਇਜ਼ਾ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਬੱਚਿਆਂ ਦੀ ਭਲਾਈ ਅਤੇ ਕਾਨੂੰਨੀ ਸਰਪ੍ਰਸਤੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਇੱਕ ਅਹਿਮ ਕਦਮ ਚੁੱਕਦਿਆਂ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ. ਐਲ. ਐਸ. ਏ.), ਜਲੰਧਰ ਸ਼੍ਰੀਮਤੀ ਪ੍ਰਿਆ ਸੂਦ ਵੱਲੋਂ ਅੱਜ 'ਯੂਨੀਕ ਹੋਮ' ਜਲੰਧਰ ਦਾ ਦੌਰਾ ਕੀਤਾ ਗਿਆ। ਉਨ੍ਹਾਂ ਦੇ ਨਾਲ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਸ਼੍ਰੀ ਰਾਹੁਲ ਕੁਮਾਰ ਵੀ ਮੌਜੂਦ ਸਨ। ਇਸ ਦੌਰੇ ਦਾ ਮੁੱਖ ਉਦੇਸ਼ ਸੰਸਥਾ ਵਿੱਚ ਰਹਿ ਰਹੇ ਬੱਚਿਆਂ ਦੇ ਰਹਿਣ-ਸਹਿਣ, ਵਿੱਦਿਅਕ ਸਹੂਲਤਾਂ ਅਤੇ ਉਨ੍ਹਾਂ ਦੀ ਮਾਨਸਿਕ ਤੇ ਭਾਵਨਾਤਮਕ ਸਿਹਤ ਦਾ ਮੁਲਾਂਕਣ ਕਰਨਾ ਸੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਸੰਸਥਾ ਵਿੱਚ ਰਹਿ ਰਹੇ 55 ਬੱਚਿਆਂ ਨਾਲ ਸਮਾਂ ਬਿਤਾਇਆ। ਉਨ੍ਹਾਂ ਨੇ ਬੱਚਿਆਂ ਦੇ ਰੋਜ਼ਾਨਾ ਦੇ ਕੰਮਾਂ, ਸਿਹਤ ਦੇ ਮਿਆਰ ਅਤੇ ਉਨ੍ਹਾਂ ਨੂੰ ਦਿੱਤੀ ਜਾ ਰਹੀ ਸਿੱਖਿਆ ਦੀ ਗੁਣਵੱਤਾ ਵਿੱਚ ਡੂੰਘੀ ਦਿਲਚਸਪੀ ਦਿਖਾਈ। ਇਸ ਦੌਰੇ ਦੌਰਾਨ ਸ਼੍ਰੀਮਤੀ ਪ੍ਰਿਆ ਸੂਦ ਅਤੇ ਸ਼੍ਰੀ ਰਾਹੁਲ ਕੁਮਾਰ ਨੇ ਨਿੱਜੀ ਤੌਰ 'ਤੇ 9 ਲੰਬਿਤ ਗੋਦ ਲੈਣ (ਅਡਾਪਸ਼ਨ) ਦੇ ਕੇਸਾਂ ਦੀ ਸਮੀਖਿਆ ਕੀਤੀ। ਨਿਆਂਇਕ ਅਧਿਕਾਰੀਆਂ ਨੇ ਸਬੰਧਤ ਬੱਚਿਆਂ ਨਾਲ ਗੱਲਬਾਤ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੇ ਸਥਾਈ ਘਰਾਂ ਵਿੱਚ ਜਾਣ ਦੀ ਪ੍ਰਕਿਰਿਆ ਨਿਰਵਿਘਨ, ਪਾਰਦਰਸ਼ੀ ਅਤੇ ਬੱਚਿਆਂ ਦੇ ਸਰਵੋਤਮ ਹਿੱਤ ਵਿੱਚ ਹੋਵੇ। ਟੀਮ ਵੱਲੋਂ ਸੰਸਥਾ ਦੀ ਰਸੋਈ, ਰਿਹਾਇਸ਼ੀ ਕਮਰਿਆਂ (ਡਾਰਮਿਟਰੀਜ਼) ਅਤੇ ਮਨੋਰੰਜਨ ਖੇਤਰਾਂ ਦਾ ਵੀ ਨਿਰੀਖਣ ਕੀਤਾ ਗਿਆ ਤਾਂ ਜੋ ਜੁਵੇਨਾਈਲ ਜਸਟਿਸ (ਬੱਚਿਆਂ ਦੀ ਦੇਖ਼ਭਾਲ ਅਤੇ ਸੁਰੱਖਿਆ) ਐਕਟ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਬੱਚੇ ਚਾਈਲਡ ਵੈਲਫੇਅਰ ਕਮੇਟੀ (ਸੀ.ਡਬਲਯੂ.ਸੀ.) ਵੱਲੋਂ ਜਾਰੀ ਹੁਕਮਾਂ ਅਨੁਸਾਰ ਇਸ ਹੋਮ ਵਿੱਚ ਰਹਿ ਰਹੇ ਹਨ। ਯੂਨੀਕ ਹੋਮ ਦੇ ਪ੍ਰਬੰਧਕਾਂ ਨੂੰ ਸੰਬੋਧਨ ਕਰਦਿਆਂ ਸ਼੍ਰੀਮਤੀ ਪ੍ਰਿਆ ਸੂਦ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਿਆਂਪਾਲਿਕਾ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸੰਸਥਾਗਤ ਦੇਖ਼ਭਾਲ ਵਿੱਚ ਰਹਿਣ ਵਾਲੇ ਹਰ ਬੱਚੇ ਨੂੰ ਪਰਿਵਾਰ ਵਰਗਾ ਮਾਹੌਲ ਮਿਲੇ। ਉਨ੍ਹਾਂ ਨੇ ਸੰਸਥਾ ਦੇ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸੰਸਥਾ ਦੀ ਮੁਖੀ ਪਦਮਸ਼?ਰੀ ਬੀਬੀ ਪ੍ਰਕਾਸ਼ ਕੌਰ ਵੀ ਮੌਜੂਦ ਸਨ। ਸ਼੍ਰੀ ਰਾਹੁਲ ਕੁਮਾਰ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਜਿਹੀਆਂ ਸੰਸਥਾਵਾਂ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਵਿੱਚ ਸਰਗਰਮ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਬੱਚਾ ਪ੍ਰਕਿਰਿਆ ਦੀ ਦੇਰੀ ਕਾਰਨ ਲੋੜ ਤੋਂ ਵੱਧ ਸਮਾਂ ਸੰਸਥਾਗਤ ਦੇਖ਼ਭਾਲ ਵਿੱਚ ਨਾ ਰਹੇ। ਦੌਰੇ ਦੇ ਅੰਤ ਵਿੱਚ ਸਟਾਫ਼ ਅਤੇ ਦੇਖ਼ਭਾਲ ਕਰਨ ਵਾਲਿਆਂ ਨਾਲ ਇੱਕ ਸੰਖੇਪ ਮੀਟਿੰਗ ਕੀਤੀ ਗਈ ਤਾਂ ਜੋ ਨਿਵਾਸੀਆਂ ਦੀ ਕਾਨੂੰਨੀ ਸਥਿਤੀ ਬਾਰੇ ਪ੍ਰਬੰਧਕੀ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ। ਇਸ ਮੌਕੇ ਸੀਨੀਅਰ ਸਹਾਇਕ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਜਗਨ ਨਾਥ ਵੀ ਮੌਜੂਦ ਸਨ।



# ਨੌਜਵਾਨਾਂ ਦੀ ਭਰਪੂਰ ਸ਼ਮੂਲੀਅਤ ਨਾਲ ਅਕਾਲੀ ਦਲ ਦਿੱਲੀ ਸਟੇਟ ਹੋਰ ਮਜ਼ਬੂਤ : ਹਰਮੀਤ ਸਿੰਘ ਕਾਲਕਾ



ਜ਼ਿਕਰ ਪੰਜਾਬ

**ਨਵੀਂ ਦਿੱਲੀ/ਜ਼ਿਕਰ ਪੰਜਾਬ ਬਿਊਰੋ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦਿਨੋਂ-ਦਿਨ ਮਜ਼ਬੂਤੀ ਦੀਆਂ ਨਵੀਆਂ ਉਚਾਈਆਂ ਛੂਹ ਰਿਹਾ ਹੈ। ਜਿਸ ਦੇ ਨਤੀਜੇ ਵਜੋਂ ਅੱਜ ਦਿੱਲੀ ਦੇ ਵੱਖ-ਵੱਖ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਵਿੱਚ ਸ਼ਮੂਲੀਅਤ ਕਰਕੇ ਆਪਣੇ ਭਰੋਸੇ ਅਤੇ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਸਰਦਾਰ ਕਾਲਕਾ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਦੇ ਲੋਕ-ਹਿਤੈਸ਼ੀ ਕਾਰਜਾਂ ਅਤੇ ਗੁਰੂ ਘਰਾਂ ਦੀ ਨਿਸ਼ਕਾਮ ਸੇਵਾ ਤੋਂ ਪ੍ਰਭਾਵਿਤ ਹੋ ਕੇ ਸੰਗਤਾਂ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਵਾਰਡ ਨੰਬਰ 15 ਸਮੇਤ ਦਿੱਲੀ ਦੇ ਵੱਖ ਵੱਖ ਇਲਾਕਿਆਂ ਤੋਂ ਆਏ ਨੌਜਵਾਨਾਂ ਦੀ ਇਹ ਟੀਮ ਪਾਰਟੀ ਲਈ ਇੱਕ ਨਵੀਂ ਊਰਜਾ ਅਤੇ ਦ੍ਰਿੜਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਸ਼ਾਮਿਲ ਹੋਏ ਸਾਰੇ ਨੌਜਵਾਨਾਂ ਦਾ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਇਹ ਸਾਰੇ ਆਪਣੇ-ਆਪਣੇ ਖੇਤਰਾਂ ਵਿੱਚ ਮਕਾਮ ਰੱਖਣ ਵਾਲੇ, ਸਮਾਜ ਸੇਵਾ ਅਤੇ ਗੁਰੂ ਪੰਥ ਨਾਲ ਜੁੜੇ ਹੋਏ ਵਿਅਕਤੀ ਹਨ, ਜਿਨ੍ਹਾਂ ਦਾ ਤਜਰਬਾ ਅਤੇ ਸਮਰਪਣ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਪਾਰਟੀ ਨੂੰ ਹੋਰ ਮਜ਼ਬੂਤ ਬਣਾਏਗਾ। ਸਰਦਾਰ ਕਾਲਕਾ ਨੇ ਵਿਸ਼ੇਸ਼ ਤੌਰ 'ਤੇ ਸਰਦਾਰ ਗੁਰਦੇਵ ਸਿੰਘ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਪ੍ਰੇਰਨਾ ਨਾਲ ਇਹ ਨੌਜਵਾਨ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੁੜੇ। ਉਨ੍ਹਾਂ ਨੇ ਸ਼ਮੂਲੀਅਤ ਕਰਨ ਵਾਲੇ ਸਾਰੇ ਨੌਜਵਾਨਾਂ ਅਮਰਿੰਦਰ ਸਿੰਘ, ਅੰਮ੍ਰਿਤ ਸਿੰਘ, ਖੁਸ਼ਵਿੰਦਰ ਸਿੰਘ, ਗਗਨ ਸਿੰਘ, ਅਮਨ ਸਿੰਘ, ਮਨੀਕਰਨ ਸਿੰਘ, ਜਗਪ੍ਰੀਤ ਸਿੰਘ ਬਿੰਦਰਾ, ਦਿਵ ਕਰਨ ਸਿੰਘ, ਨਵਨੀਤ ਸਿੰਘ, ਰੌਣਕ ਸਿੰਘ, ਈਸ਼ਮੀਤ ਸਿੰਘ, ਅਭੀਜੀਤ ਸਿੰਘ, ਅਮਰਜੀਤ ਸਿੰਘ, ਹਮਰਾਜ ਸਿੰਘ, ਹਰਿੰਦਰ ਸਿੰਘ, ਹਰਨੂਰ ਸਿੰਘ ਅਤੇ ਈਸ਼ਰ ਸਿੰਘ ਸੇਠੀ ਆਦਿ ਦਾ ਵਿਸ਼ੇਸ਼ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਿਲ ਹੋਣ 'ਤੇ ਵਧਾਈ ਦਿੱਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਸਰਪ੍ਰਸਤ ਸਰਦਾਰ ਰਵਿੰਦਰ ਸਿੰਘ ਖੁਰਾਣਾ ਅਤੇ ਜਨਰਲ ਸਕੱਤਰ ਸਰਦਾਰ ਸਤਪਾਲ ਸਿੰਘ ਮੰਗਾ ਵੀ ਮੌਜੂਦ ਸਨ। ਸਰਦਾਰ ਕਾਲਕਾ ਨੇ ਉਨ੍ਹਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਅਗਵਾਈ ਅਤੇ ਯਤਨਾਂ ਨਾਲ ਇਹ ਸ਼ਮੂਲੀਅਤ ਸੰਭਵ ਹੋਈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਨੌਜਵਾਨਾਂ ਦੀ ਇਹ ਸ਼ਮੂਲੀਅਤ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨੂੰ ਹੋਰ ਉੱਚਾਈਆਂ 'ਤੇ ਲੈ ਕੇ ਜਾਵੇਗੀ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਸਮਾਜਿਕ, ਧਾਰਮਿਕ ਅਤੇ ਲੋਕ-ਹਿਤੈਸ਼ੀ ਕਾਰਜਾਂ ਵਿੱਚ ਮਹਤਵਪੂਰਨ ਭੂਮਿਕਾ ਨਿਭਾਉਂਦਾ ਰਹੇਗਾ।

# ਪੰਜਾਬ ਸਰਕਾਰ ਐਨ. ਆਰ. ਆਈ. ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮਹੀਨੇ ਵਿੱਚ ਦੋ ਮਿਲਣੀਆਂ ਕਰੇਗੀ : ਡਾ. ਰਵਜੋਤ ਸਿੰਘ



ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੰਜਾਬ ਸਰਕਾਰ ਨੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲਈ ਮਹੱਤਵਪੂਰਨ ਕਦਮ ਚੁੱਕਦੇ ਹੋਏ ਮਹੀਨੇ ਵਿੱਚ ਦੋ ਐਨ.ਆਰ.ਆਈ. ਮਿਲਣੀਆਂ ਕਰਨ ਦਾ ਫ਼ੈਸਲਾ ਕੀਤਾ ਹੈ। ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਉਪਰੰਤ ਇਹ ਜਾਣਕਾਰੀ ਦਿੰਦਿਆਂ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਹਰ ਮਹੀਨੇ ਦੇ ਦੂਜੇ ਬੁੱਧਵਾਰ ਨੂੰ ਆਨਲਾਈਨ ਮਿਲਣੀ ਕਰਵਾਈ ਜਾਵੇਗੀ, ਜਦਕਿ ਮਹੀਨੇ ਵਿੱਚ ਇੱਕ ਵਾਰ ਡਵੀਜ਼ਨ ਅਨੁਸਾਰ ਭੌਤਿਕ/ਫਿਜ਼ੀਕਲ ਮਿਲਣੀ ਹੋਵੇਗੀ। ਐਨ.ਆਰ.ਆਈ. ਮੰਤਰੀ ਨੇ ਦੱਸਿਆ ਕਿ ਇਹ ਮਿਲਣੀਆਂ ਮਾਲਵਾ-1, ਮਾਲਵਾ-2, ਮਾਝਾ ਅਤੇ ਦੁਆਬਾ ਡਵੀਜ਼ਨਾਂ ਅਨੁਸਾਰ ਆਯੋਜਿਤ ਕੀਤੀਆਂ ਜਾਣਗੀਆਂ, ਤਾਂ ਜੋ ਹਰ ਖੇਤਰ ਦੇ ਐਨ.ਆਰ.ਆਈ. ਪੰਜਾਬੀਆਂ ਨੂੰ ਆਪਣੀਆਂ ਸਮੱਸਿਆਵਾਂ ਦਰਜ ਕਰਵਾਉਣ ਅਤੇ ਉਨ੍ਹਾਂ ਦਾ ਹੱਲ ਕਰਨ ਦੀ ਲਈ ਸੁਵਿਧਾ ਪ੍ਰਾਪਤ ਹੋ ਸਕੇ। ਉਨ੍ਹਾਂ ਦੱਸਿਆ ਕਿ ਆਨਲਾਈਨ ਮਿਲਣੀ ਲਈ ਦਰਖਾਸਤਾਂ ਹਰ ਮਹੀਨੇ ਨਿਰਧਾਰਤ ਮਿਤੀ ਤੋਂ ਤਿੰਨ ਦਿਨ ਪਹਿਲਾਂ ਤੱਕ ਸਵੀਕਾਰ ਕੀਤੀਆਂ ਜਾਣਗੀਆਂ ਅਤੇ ਮਿਲਣੀ ਵਾਲੇ ਦਿਨ ਉਨ੍ਹਾਂ ਦਾ ਨਿਪਟਾਰਾ ਕੀਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਉਪਰਾਲੇ ਦਾ ਮੁੱਖ ਉਦੇਸ਼ ਐਨ.ਆਰ.ਆਈ. ਪੰਜਾਬੀਆਂ ਨਾਲ ਸਿੱਧਾ ਸੰਪਰਕ ਕਾਇਮ ਕਰਨਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨਾ ਹੈ।

ਇਸ ਮੌਕੇ ਐਨ.ਆਰ.ਆਈ. ਮਾਮਲਿਆਂ ਦੇ ਸਕੱਤਰ ਵੀ.ਐਨ. ਜਾਡੇ, ਜਲੰਧਰ ਦੇ ਡਵੀਜ਼ਨਲ ਕਮਿਸ਼ਨਰ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਸ਼੍ਰੀ ਰਾਮਵੀਰ, ਸਪੈਸ਼ਲ ਸਕੱਤਰ ਐਨ.ਆਰ.ਆਈ. ਮਾਮਲੇ ਮਿਸਿਜ਼ ਅਮਨਦੀਪ ਕੌਰ, ਏਡੀਜੀਪੀ ਐਨ.ਆਰ.ਆਈ. ਮਾਮਲੇ ਸ਼੍ਰੀ ਆਰ.ਕੇ. ਜੈਸਵਾਲ ਅਤੇ ਏਆਈਜੀ ਸ਼੍ਰੀ ਅਜਿੰਦਰ ਸਿੰਘ ਵੀ ਹਾਜ਼ਰ ਸਨ।

# ਮੇਅਰ ਦਾ ਕਾਰਜਕਾਲ ਵਧਾਉਣ ਦੀ ਤਿਆਰੀ, ਇੱਕ ਸਾਲ ਤੋਂ ਢਾਈ ਸਾਲ ਕਰਨ ਦਾ ਪ੍ਰਸਤਾਵ ਕੇਂਦਰ ਕੋਲ ਭੇਜਿਆ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਚੰਡੀਗੜ੍ਹ ਨਗਰ ਨਿਗਮ ਦੇ ਪ੍ਰਸ਼ਾਸਨਿਕ ਢਾਂਚੇ ਵਿੱਚ ਵੱਡੇ ਬਦਲਾਅ ਦੀ ਸੰਭਾਵਨਾ ਬਣ ਰਹੀ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮੇਅਰ ਦੇ ਮੌਜੂਦਾ ਇੱਕ ਸਾਲ ਦੇ ਕਾਰਜਕਾਲ ਨੂੰ ਵਧਾ ਕੇ ਢਾਈ ਸਾਲ ਕਰਨ ਲਈ ਕਦਮ ਚੁੱਕੇ ਗਏ ਹਨ। ਇਸ ਸਬੰਧੀ ਇੱਕ ਵਿਸਥਾਰਪੂਰਕ ਪ੍ਰਸਤਾਵ ਤਿਆਰ ਕਰਕੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜ ਦਿੱਤਾ ਗਿਆ ਹੈ, ਜਿਸ 'ਤੇ ਹੁਣ ਅਗਲੀ ਕਾਰਵਾਈ ਸੰਸਦੀ ਪ੍ਰਕਿਰਿਆ ਰਾਹੀਂ ਹੋਵੇਗੀ। ਇਸ ਪ੍ਰਸਤਾਵ ਵਿੱਚ ਕੇਵਲ ਮੇਅਰ ਹੀ ਨਹੀਂ, ਸਗੋਂ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਕਾਰਜਕਾਲ ਵਿੱਚ ਵੀ ਵਾਧਾ ਕਰਨ ਦੀ ਮੰਗ ਕੀਤੀ ਗਈ ਹੈ। ਪ੍ਰਸ਼ਾਸਨ ਦਾ ਮੰਨਣਾ ਹੈ ਕਿ ਇੱਕ ਸਾਲ ਦਾ ਛੋਟਾ ਕਾਰਜਕਾਲ ਕਿਸੇ ਵੀ ਨੀਤੀ ਜਾਂ ਵਿਕਾਸ ਪ੍ਰੋਜੈਕਟ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਅਪਰਯਾਪਤ ਹੈ, ਜਿਸ ਕਾਰਨ ਲੰਬੇ ਸਮੇਂ ਦੀ ਯੋਜਨਾਬੰਦੀ ਪ੍ਰਭਾਵਿਤ ਹੁੰਦੀ ਹੈ। ਪ੍ਰਸਤਾਵ ਤਿਆਰ ਕਰਦੇ ਸਮੇਂ ਗੁਜਰਾਤ, ਮਹਾਰਾਸ਼ਟਰ ਅਤੇ ਕਰਨਾਟਕ ਵਰਗੇ ਰਾਜਾਂ ਵਿੱਚ ਨਗਰ ਨਿਗਮ ਪ੍ਰਣਾਲੀ ਦਾ ਵਿਸਥਾਰ ਨਾਲ ਅਧਿਐਨ ਕੀਤਾ ਗਿਆ ਹੈ। ਉਨ੍ਹਾਂ ਰਾਜਾਂ ਦੇ ਮਾਡਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਚੰਡੀਗੜ੍ਹ ਲਈ ਇੱਕ ਸੁਧਾਰਿਤ ਪ੍ਰਸ਼ਾਸਨਿਕ ਢਾਂਚਾ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਬਦਲਾਅ ਲਈ ਕਾਨੂੰਨੀ ਸੋਧ ਵੀ ਲਾਜ਼ਮੀ ਹੈ। ਪ੍ਰਸ਼ਾਸਨ ਨੇ ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 38 ਵਿੱਚ ਸੋਧ ਕਰਨ ਦੀ ਸਿਫਾਰਸ਼ ਕੀਤੀ ਹੈ, ਜੋ ਕਿ ਪੰਜਾਬ ਨਗਰ ਨਿਗਮ ਐਕਟ (ਚੰਡੀਗੜ੍ਹ ਐਕਸਟੈਂਸ਼ਨ) ਐਕਟ, 1994 ਤਹਿਤ ਚੰਡੀਗੜ੍ਹ ਵਿੱਚ ਲਾਗੂ ਹੈ। ਜੇ ਕੇਂਦਰ ਸਰਕਾਰ ਇਸਨੂੰ ਮਨਜ਼ੂਰੀ ਦੇਂਦੀ ਹੈ, ਤਾਂ ਨਗਰ ਨਿਗਮ ਦੀ ਕਾਰਗੁਜ਼ਾਰੀ ਵਿੱਚ ਇੱਕ ਮਹੱਤਵਪੂਰਨ ਬਦਲਾਅ ਆ ਸਕਦਾ ਹੈ। ਇਸ ਮਾਮਲੇ 'ਤੇ ਰਾਜਨੀਤਿਕ ਪ੍ਰਤੀਕਿਰਿਆ ਵੀ ਸਾਹਮਣੇ ਆਈ ਹੈ। ਸਾਬਕਾ ਕੇਂਦਰੀ ਮੰਤਰੀ ਪਵਨ ਬਾਂਸਲ ਨੇ ਸੁਝਾਅ ਦਿੱਤਾ ਹੈ ਕਿ ਮੇਅਰ ਨੂੰ ਸਿੱਧੇ ਤੌਰ 'ਤੇ ਜਨਤਾ ਵੱਲੋਂ ਚੁਣਿਆ ਜਾਣਾ ਚਾਹੀਦਾ ਹੈ ਅਤੇ ਉਸਦਾ ਕਾਰਜਕਾਲ ਪੰਜ ਸਾਲ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਅਨੁਸਾਰ, ਮੇਅਰ ਨੂੰ ਵਧੇਰੇ ਪ੍ਰਸ਼ਾਸਨਿਕ ਅਧਿਕਾਰ ਮਿਲਣ ਨਾਲ ਸ਼ਹਿਰੀ ਪ੍ਰਬੰਧਨ ਹੋਰ ਪ੍ਰਭਾਵਸ਼ਾਲੀ ਹੋ ਸਕਦਾ ਹੈ। ਗੌਰਤਲਬ ਹੈ ਕਿ ਦਸੰਬਰ 1996 ਤੋਂ ਲੈ ਕੇ ਹੁਣ ਤੱਕ ਚੰਡੀਗੜ੍ਹ ਵਿੱਚ ਹਰ ਸਾਲ ਚੋਣਾਂ ਹੋਣ ਕਰਕੇ 30 ਮੇਅਰ ਬਦਲੇ ਜਾ ਚੁੱਕੇ ਹਨ। ਜੇ ਉਸ ਸਮੇਂ ਤੋਂ ਹੀ ਕਾਰਜਕਾਲ ਢਾਈ ਸਾਲ ਦਾ ਹੁੰਦਾ, ਤਾਂ ਇਹ ਗਿਣਤੀ ਕਾਫ਼ੀ ਘੱਟ ਹੁੰਦੀ। ਮੌਜੂਦਾ ਪ੍ਰਣਾਲੀ ਵਿੱਚ ਵਾਰ-ਵਾਰ ਚੋਣਾਂ ਕਾਰਨ ਵਿਕਾਸ ਕਾਰਜਾਂ ਦੀ ਲਗਾਤਾਰਤਾ ਪ੍ਰਭਾਵਿਤ ਹੁੰਦੀ ਹੈ, ਜਿਸਨੂੰ ਇਹ ਨਵਾਂ ਪ੍ਰਸਤਾਵ ਸੁਧਾਰ ਸਕਦਾ ਹੈ।

# ਵਿਧਾਇਕ ਪਰਾਸ਼ਰ ਨੇ ਹਰੀ ਕਰਤਾਰ ਕਲੋਨੀ ਵਿੱਚ ਸੜਕਾਂ ਦੇ ਪੁਨਰ ਨਿਰਮਾਣ ਲਈ 98 ਲੱਖ ਰੁਪਏ ਦੇ ਪ੍ਰੋਜੈਕਟ ਦਾ ਕੀਤਾ ਉਦਘਾਟਨ

ਜ਼ਿਕਰ ਪੰਜਾਬ

**ਲੁਧਿਆਣਾ/ਬਿਊਰੋ**

ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਕੰਮ ਕਰਦੇ ਹੋਏ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਸ਼ਨੀਵਾਰ ਨੂੰ ਹਰੀ ਕਰਤਾਰ ਕਲੋਨੀ (ਵਾਰਡ ਨੰਬਰ 79) ਵਿੱਚ ਸੜਕਾਂ ਸੜਕਾਂ/ਗਲੀਆਂ ਦੇ ਪੁਨਰ ਨਿਰਮਾਣ ਲਈ ਇੱਕ ਵੱਡੇ ਪ੍ਰੋਜੈਕਟ ਦਾ ਉਦਘਾਟਨ ਕੀਤਾ। ਇਹ ਪ੍ਰੋਜੈਕਟ ਲਗਭਗ 98 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਉਹ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਅਤੇ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਨ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਵਸਨੀਕਾਂ ਤੋਂ ਉਨ੍ਹਾਂ ਦੇ ਸਬੰਧਤ ਇਲਾਕਿਆਂ ਲਈ ਪ੍ਰੋਜੈਕਟਾਂ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਫੀਡਬੈਕ ਲਈ ਜਾ ਰਹੀ ਹੈ ਅਤੇ ਉਹ ਖੁਦ ਨਿਯਮਤ ਤੌਰ 'ਤੇ ਪ੍ਰੋਜੈਕਟਾਂ ਦੀ ਨਿਗਰਾਨੀ ਕਰ ਰਹੇ ਹਨ ਤਾਂ ਜੋ ਜਨਤਾ ਨੂੰ ਇਨ੍ਹਾਂ ਪ੍ਰੋਜੈਕਟਾਂ ਦਾ ਵੱਡੇ ਪੱਧਰ 'ਤੇ ਲਾਭ ਮਿਲ ਸਕੇ।



# ਕਾਨੂੰਨੀ ਭਾਈਚਾਰਾ ਸੰਵਿਧਾਨ ਅਤੇ ਜਮਹੂਰੀ ਕਦਰਾਂ-ਕੀਮਤਾਂ ਦੀ ਰਾਖੀ ਲਈ ਮੋਹਰੀ ਭੂਮਿਕਾ ਨਿਭਾਵੇ: ਹਰਪਾਲ ਸਿੰਘ ਚੀਮਾ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਮਜ਼ਦੂਰ ਦਿਵਸ ਦੀ ਪੂਰਵ ਸੰਧਿਆ 'ਤੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ?ਰੇਸ਼ਨ (ਮਗਸੀਪਾ) ਵਿਖੇ ਕਰਵਾਏ ਗਏ ਇੱਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਾਨੂੰਨੀ ਭਾਈਚਾਰੇ ਨੂੰ ਸੱਦਾ ਦਿੱਤਾ ਕਿ ਉਹ ਬਾਬਾ ਸਾਹਿਬ ਅੰਬੇਡਕਰ ਦੁਆਰਾ ਚਿਤਵੇ ਗਏ ਸੰਵਿਧਾਨਕ ਢਾਂਚੇ ਦੀ ਰਾਖੀ ਕਰਦਿਆਂ ਭਾਰਤ ਦੀਆਂ ਜਮਹੂਰੀ ਕਦਰਾਂ-ਕੀਮਤਾਂ ਦੇ ਰਖਵਾਲੇ ਵਜੋਂ ਕੰਮ ਕਰਨ। ਪੰਜਾਬ ਦੇ ਐਡਵੋਕੇਟ ਜਨਰਲ ਦਫ਼ਤਰ ਦੇ ਲਾਅ ਅਫ਼ਸਰਾਂ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਕਾਨੂੰਨੀ ਭਾਈਚਾਰੇ ਦੇ ਮੈਂਬਰਾਂ ਨੇ ਸੰਵਿਧਾਨਕ ਸਿਧਾਂਤਾਂ ਦੀ ਨਿਰੰਤਰ ਪ੍ਰਸੰਗਿਕਤਾ 'ਤੇ ਵਿਚਾਰ ਕਰਨ ਲਈ ਸ਼ਿਰਕਤ ਕੀਤੀ। ਬਾਬਾ ਸਾਹਿਬ ਅੰਬੇਡਕਰ ਦੇ 135ਵੇਂ ਜਨਮ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਅਤੇ ਇੱਕ ਦੂਰਅੰਦੇਸ਼ੀ ਅਰਥ ਸ਼ਾਸਤਰੀ ਵਜੋਂ ਉਨ੍ਹਾਂ ਦੇ ਬੇਮਿਸਾਲ ਯੋਗਦਾਨ 'ਤੇ ਚਾਨਣਾ ਪਾਇਆ, ਅਤੇ ਕਿਹਾ ਕਿ ਉਨ੍ਹਾ ਨੇ ਦੇਸ਼ ਦੀਆਂ ਪ੍ਰਮੁੱਖ ਵਿੱਤੀ ਸੰਸਥਾਵਾਂ ਨੂੰ ਆਕਾਰ ਦੇਣ ਵਿੱਚ ਬੁਨਿਆਦੀ ਭੂਮਿਕਾ ਨਿਭਾਈ। ਮੌਜੂਦਾ ਸੰਦਰਭ ਵਿੱਚ ਉਨ੍ਹਾਂ ਦੇ ਵਿਚਾਰਾਂ ਦੀ ਪ੍ਰਸੰਗਿਕਤਾ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ, ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਨੂੰ ਸਿਰਫ਼ ਸੰਵਿਧਾਨ ਹੀ ਨਹੀਂ ਦਿੱਤਾ, ਸਗੋਂ ਆਰਥਿਕ ਨੀਹਾਂ ਵੀ ਰੱਖੀਆਂ ਜੋ ਅੱਜ ਵੀ ਦੇਸ਼ ਦਾ ਮਾਰਗਦਰਸ਼ਨ ਕਰ ਰਹੀਆਂ ਹਨ। ਉਨ੍ਹਾਂ ਦਾ ਨਿਆਂ, ਬਰਾਬਰੀ ਅਤੇ ਸੰਸਥਾਗਤ ਇਮਾਨਦਾਰੀ ਦਾ ਦ੍ਰਿਸ਼ਟੀਕੋਣ ਸਾਡਾ ਮਾਰਗਦਰਸ਼ਕ ਬਣਿਆ ਰਹਿਣਾ ਚਾਹੀਦਾ ਹੈ। ਜਮਹੂਰੀ ਸੰਸਥਾਵਾਂ ਨੂੰ ਦਰਪੇਸ਼ ਖ਼ਤਰਿਆਂ ਬਾਰੇ ਚਿੰਤਾ ਜ਼ਾਹਰ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਾਨੂੰਨੀ ਪੇਸ਼ੇਵਰਾਂ ਵੱਲੋਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਸਰਗਰਮੀ ਨਾਲ ਰਾਖੀ ਕਰਨ ਦੀ ਵੱਧ ਰਹੀ ਲੋੜ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ਸੰਵਿਧਾਨ ਦੀ ਪ੍ਰਸਤਾਵਨਾ ਦੀ ਅਸਲ ਭਾਵਨਾ ਨੂੰ ਇਸ ਸਮੇਂ ਖ਼ਤਰਾ ਹੈ, ਜਿਸ ਕਾਰਨ ਜਮਹੂਰੀ ਸੰਸਥਾਵਾਂ ਦੀ ਰਾਖੀ ਵਿੱਚ ਵਕੀਲਾਂ ਦੀ ਭੂਮਿਕਾ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੋ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਮਹਾਰਾਸ਼ਟਰ, ਬਿਹਾਰ, ਗੁਜਰਾਤ ਅਤੇ ਗੋਆ ਸਮੇਤ ਕਈ ਰਾਜਾਂ ਵਿੱਚ ਹਾਲ ਹੀ ਦੇ ਸਿਆਸੀ ਘਟਨਾਕ੍ਰਮ ਅਤੇ ਦਲ-ਬਦਲੀਆਂ, ਅਤੇ ਨਾਲ ਹੀ 'ਆਪ' ਦੇ ਰਾਜ ਸਭਾ ਮੈਂਬਰਾਂ ਨੂੰ ਸ਼ਾਮਲ ਕਰਨ ਦੀਆਂ ਕੋਸ਼ਿਸ਼ਾਂ, ਇੱਕ ਅਜਿਹੇ ਚਿੰਤਾਜਨਕ ਰੁਝਾਨ ਨੂੰ ਦਰਸਾਉਂਦੀਆਂ ਹਨ ਜੋ ਕਾਨੂੰਨੀ ਭਾਈਚਾਰੇ ਤੋਂ ਚੌਕਸੀ ਦੀ ਮੰਗ ਕਰਦਾ ਹੈ। ਦੇਸ਼ ਦੀ ਆਰਥਿਕ ਸਥਿਤੀ ਵੱਲ ਧਿਆਨ ਕੇਂਦਰਤ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕੇਂਦਰ ਸਰਕਾਰ ਦੁਆਰਾ ਕੀਤੇ ਗਏ ਗੰਭੀਰ ਵਿੱਤੀ ਕੁਪ੍ਰਬੰਧ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ, ਕੌਮੀ ਕਰਜ਼ਾ 2014 ਵਿੱਚ 55 ਲੱਖ ਕਰੋੜ ਰੁਪਏ ਤੋਂ ਚਿੰਤਾਜਨਕ ਢੰਗ ਨਾਲ ਵਧ ਕੇ ਅੱਜ 212 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ ਅਤੇ ਨਾਲ ਹੀ ਕਿਹਾ ਕਿ ਅਜਿਹੇ ਰੁਝਾਨ ਦੇਸ਼ ਦੀ ਲੰਬੇ ਸਮੇਂ ਦੀ ਆਰਥਿਕ ਸਥਿਰਤਾ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ। ਵਪਾਰਕ ਐਲ.ਪੀ.ਜੀ. ਸਿਲੰਡਰ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ ਕੀਤੇ ਗਏ ਵਾਧੇ ਦੀ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, ਚਾਰ ਰਾਜਾਂ ਵਿੱਚ ਚੋਣਾਂ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਕੀਮਤਾਂ ਵਿੱਚ ਭਾਰੀ ਵਾਧਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਆਮ ਨਾਗਰਿਕਾਂ 'ਤੇ ਨਾਜਾਇਜ਼ ਬੋਝ ਪਾਉਂਦੇ ਹਨ ਅਤੇ ਨੁਕਸਦਾਰ ਆਰਥਿਕ ਤਰਜੀਹਾਂ ਨੂੰ ਦਰਸਾਉਂਦੇ ਹਨ। ਪੰਜਾਬ ਵਿੱਚ ਪ੍ਰਸ਼ਾਸਨਿਕ ਸੁਧਾਰਾਂ ਨੂੰ ਉਜਾਗਰ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਾਰਦਰਸ਼ਤਾ ਅਤੇ ਸਮਾਜਿਕ ਨਿਆਂ ਨੂੰ ਸੰਸਥਾਗਤ ਰੂਪ ਦੇਣ ਲਈ ਚੁੱਕੇ ਗਏ ਕਦਮਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ਪੰਜਾਬ ਨੇ ਐਡਵੋਕੇਟ ਜਨਰਲ ਦੇ ਦਫ਼ਤਰ ਵਿੱਚ ਲਾਅ ਅਫ਼ਸਰਾਂ ਦੀ ਨਿਯੁਕਤੀ ਲਈ ਰਾਖਵਾਂਕਰਨ ਨੀਤੀ ਲਾਗੂ ਕਰਕੇ ਇੱਕ ਕੌਮੀ ਮਿਸਾਲ ਕਾਇਮ ਕੀਤੀ ਹੈ। ਵਿਰੋਧੀ ਧਿਰ ਵਿੱਚ ਰਹਿੰਦਿਆਂ ਇਸ ਕਦਮ ਲਈ ਆਪਣੀ ਵਕਾਲਤ ਨੂੰ ਯਾਦ ਕਰਦਿਆਂ, ਉਨ੍ਹਾਂ ਤਸੱਲੀ ਪ੍ਰਗਟਾਈ ਕਿ ਪੰਜਾਬ ਸਰਕਾਰ ਨੇ ਬਾਬਾ ਸਾਹਿਬ ਅੰਬੇਡਕਰ ਦੇ ਆਦਰਸ਼ਾਂ ਅਨੁਸਾਰ ਇਸ ਵਚਨਬੱਧਤਾ ਨੂੰ ਪੂਰਾ ਕੀਤਾ ਹੈ। ਆਪਣੇ ਭਾਸ਼ਣ ਦੀ ਸਮਾਪਤੀ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮਾਣਯੋਗ ਹਾਈ ਕੋਰਟ ਵਿੱਚ ਸੂਬੇ ਦੀਆਂ ਨੀਤੀਆਂ ਦਾ ਬਚਾਅ ਕਰਨ ਲਈ ਕੀਤੇ ਲਗਾਤਾਰ ਯਤਨਾਂ ਬਦਲੇ ਲਾਅ ਅਫ਼ਸਰਾਂ ਅਤੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, ਮੈਂ ਸੂਬੇ ਦੀਆਂ ਨੀਤੀਆਂ ਦਾ ਬਚਾਅ ਕਰਨ ਵਿੱਚ ਦ੍ਰਿੜ ਸਮਰਪਣ ਲਈ ਲਾਅ ਅਫ਼ਸਰਾਂ ਅਤੇ ਐਡਵੋਕੇਟ ਜਨਰਲ ਦੀ ਸ਼ਲਾਘਾ ਕਰਦਾ ਹਾਂ। ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਅਤੇ ਭਲਾਈ ਨੀਤੀਆਂ ਦੀ ਰੱਖਿਆ ਲਈ ਕਾਨੂੰਨੀ ਤੌਰ 'ਤੇ ਠੋਸ ਅਤੇ ਮਜ਼ਬੂਤ ਦਲੀਲਾਂ ਤਿਆਰ ਕਰਨਾ ਜਾਰੀ ਰੱਖੋ।



# ਕਿਸਾਨਾਂ ਨੂੰ 1150 ਕਰੋੜ ਰੁਪਏ ਦੀ ਅਦਾਇਗੀ ਬਣਾਈ ਯਕੀਨੀ, ਜ਼ਿਲ੍ਹੇ 'ਚ ਹੁਣ ਤੱਕ 4,67,198 ਮੀਟ੍ਰਿਕ ਟਨ ਕਣਕ ਦੀ ਹੋਈ ਖਰੀਦ

## ਡਿਪਟੀ ਕਮਿਸ਼ਨਰ ਵੱਲੋਂ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਾ ਕੇ ਵਾਤਾਵਰਣ ਦੀ ਸੰਭਾਲ 'ਚ ਯੋਗਦਾਨ ਪਾਉਣ ਦਾ ਸੱਦਾ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨੇ ਜ਼ਿਲ੍ਹੇ ਵਿੱਚ ਚੱਲ ਰਹੀ ਕਣਕ ਦੀ ਖਰੀਦ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕੁੱਲ 4,68,149 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੰਡੀਆਂ ਵਿੱਚ ਕੀਤੇ ਪੁਖ਼ਤਾ ਪ੍ਰਬੰਧਾਂ ਸਦਕਾ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ 4,67,198 ਮੀਟ੍ਰਿਕ ਟਨ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਖਰੀਦ ਕੀਤੀ ਕਣਕ ਦੀ ਅਦਾਇਗੀ ਨਿਰਧਾਰਤ ਸਮੇਂ ਅੰਦਰ ਯਕੀਨੀ ਬਣਾਈ ਜਾ ਰਹੀ ਹੈ ਅਤੇ 1150 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਲਿਫ਼ਟਿੰਗ ਵਿੱਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੰਦਿਆਂ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲਿਫ਼ਟਿੰਗ ਦੇ ਕੰਮ ਨੂੰ ਹੋਰ ਗਤੀ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਫ਼ਸਲ ਦੀ ਮਿੱਥੇ ਸਮੇਂ ਵਿੱਚ ਚੁਕਾਈ ਹੋਣੀ ਚਾਹੀਦੀ ਹੈ। ਸ਼੍ਰੀ ਵਾਲੀਆ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਖਰੀਦ ਸੀਜ਼ਨ ਨੂੰ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ, ਜਿਸ ਤਹਿਤ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਬਿਨ੍ਹਾਂ ਕਿਸੇ ਰੁਕਾਵਟ ਦੇ ਸੁਚੱਜੇ ਢੰਗ ਨਾਲ ਸਿਰੇ ਚਾੜ੍ਹਿਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਹਿਮ ਅਪੀਲ ਕਰਦਿਆਂ ਕਿਹਾ ਕਿ ਕਟਾਈ ਉਪਰੰਤ ਕਣਕ ਦੇ ਨਾੜ ਨੂੰ ਬਿਲਕੁਲ ਅੱਗ ਨਾ ਲਗਾਈ ਜਾਵੇ, ਕਿਉਂਕਿ ਇਸ ਨਾਲ ਨਾ ਸਿਰਫ਼ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵੀ ਘੱਟਦੀ ਹੈ ਅਤੇ ਫ਼ਸਲ ਦੀ ਰਹਿੰਦ-ਖੂੰਹਦ ਨੂੰ ਸਾੜਨ ਨਾਲ ਪੈਦਾ ਹੋਣ ਵਾਲੇ ਧੂੰਏਂ ਕਾਰਨ ਹਾਦਸੇ ਹੋਣ ਦਾ ਡਰ ਵੀ ਬਣਿਆ ਰਹਿੰਦਾ ਹੈ। ਉਨ੍ਹਾਂ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਾ ਕੇ ਵਾਤਾਵਰਣ ਦੀ ਸੰਭਾਲ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਫ਼ਸਲ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਲਈ ਸਰਕਾਰ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਈ ਜਾ ਰਹੀ ਖੇਤੀ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ।



### ਜਲੰਧਰ ਡਵੀਜ਼ਨ ਦੇ ਕਮਿਸ਼ਨਰ ਅਤੇ ਸਕੱਤਰ ਲੋਕ ਸੰਪਰਕ ਰਾਮਵੀਰ

# ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਵਿਖੇ ਨਤਮਸਤਕ ਹੋਏ



ਜ਼ਿਕਰ ਪੰਜਾਬ

**ਅੰਮ੍ਰਿਤਸਰ/ਜ਼ਿਕਰ ਪੰਜਾਬ**

ਜਲੰਧਰ ਡਵੀਜ਼ਨ ਦੇ ਕਮਿਸ਼ਨਰ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਦੇ ਸਕੱਤਰ ਸ੍ਰੀ ਰਾਮਵੀਰ, ਆਈ.ਏ.ਐਸ. ਨੇ ਅੱਜ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਅੰਮ੍ਰਿਤਸਰ ਵਿਖੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਜਸਪ੍ਰੀਤ ਕੌਰ ਵੀ ਮੌਜੂਦ ਸਨ। ਸਕੱਤਰ ਸ੍ਰੀ ਰਾਮਵੀਰ ਨੇ ਅੱਜ ਸਵੇਰੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਿੰਘ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਇਲਾਹੀ ਬਾਣੀ ਦਾ ਕੀਰਤਨ ਵੀ ਸਰਵਣ ਕੀਤਾ। ਇਸ ਉਪਰੰਤ ਉਹ ਸ੍ਰੀ ਦੁਰਗਿਆਣਾ ਮੰਦਰ ਵਿਖੇ ਵੀ ਨਤਮਸਤਕ ਹੋਏ ਜਿੱਥੇ ਉਨ੍ਹਾਂ ਪਾਵਨ ਦਰਸ਼ਨ ਕਰਨ ਦੇ ਨਾਲ ਸ੍ਰੀ ਹਨੂਮਾਨ ਜੀ ਦੀ ਆਰਤੀ ਵਿੱਚ ਵੀ ਹਿੱਸਾ ਲਿਆ। ਇਸ ਮੌਕੇ ਸ੍ਰੀ ਦੁਰਗਿਆਣਾ ਤੀਰਥ ਕਮੇਟੀ ਦੀ ਪ੍ਰਧਾਨ ਅਤੇ ਸਾਬਕਾ ਮੰਤਰੀ ਪ੍ਰੋ. ਲਕਸ਼ਮੀ ਚਾਵਲਾ ਵੱਲੋਂ ਸਕੱਤਰ ਸ੍ਰੀ ਰਾਮਵੀਰ ਅਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਸਨਮਾਨਿਤ ਕੀਤਾ ਗਿਆ।

# ਜਨਗਣਨਾ-2027; ਡਵੀਜ਼ਨਲ ਕਮਿਸ਼ਨਰ ਨੇ ਸਵੈ-ਗਣਨਾ ਦੀ ਆਨ ਲਾਈਨ ਪ੍ਰਕਿਰਿਆ ਕੀਤੀ ਮੁਕੰਮਲ

## ਨਾਗਰਿਕਾਂ ਨੂੰ ਸਵੈ-ਗਣਨਾ ਦੇ ਅਮਲ 'ਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਡਵੀਜ਼ਨਲ ਕਮਿਸ਼ਨਰ ਜਲੰਧਰ ਸ਼?ਰੀ ਰਾਮਵੀਰ ਵੱਲੋਂ ਅੱਜ ਜਨਗਣਨਾ-2027 ਤਹਿਤ ਆਨਲਾਈਨ ਪੋਰਟਲ se.census.gov.in ਰਾਹੀਂ ਆਪਣੀ ਸਵੈ-ਗਣਨਾ ਦੀ ਪ੍ਰਕਿਰਿਆ ਮੁਕੰਮਲ ਕੀਤੀ ਗਈ। ਡਵੀਜ਼ਨਲ ਕਮਿਸ਼ਨਰ ਨੇ ਨਾਗਰਿਕਾਂ ਨੂੰ ਸਵੈ-ਗਣਨਾ ਦੇ ਅਮਲ ਵਿੱਚ ਵਧ-ਚੜ੍ਹ ਕੇ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਪ੍ਰਕਿਰਿਆ ਬਹੁਤ ਹੀ ਆਸਾਨ ਹੈ।ਇਸ ਡਿਜੀਟਲ ਪਹਿਲਕਦਮੀ ਰਾਹੀਂ ਆਮ ਲੋਕ ਘਰ ਬੈਠੇ ਹੀ ਅਧਿਕਾਰਤ ਪੋਰਟਲ ਜ਼ਰੀਏ ਜਨਗਣਨਾ ਸਬੰਧੀ ਆਪਣੇ ਵੇਰਵੇ ਆਨਲਾਈਨ ਦਰਜ ਕਰ ਸਕਦੇ ਹਨ। ਸਹੀ ਅਤੇ ਸਮੇਂ-ਸਿਰ ਵੇਰਵੇ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਰਾਮਵੀਰ ਨੇ ਕਿਹਾ ਕਿ ਯੋਜਨਾਬੰਦੀ ਅਤੇ ਵਿਕਾਸ ਗਤੀਵਿਧੀਆਂ ਲਈ ਮਜ਼ਬੂਤ ਡਾਟਾਬੇਸ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਭਰੋਸੇਯੋਗ ਜਨਗਣਨਾ ਡੇਟਾ ਭਵਿੱਖ ਵਿੱਚ ਸਕੂਲ, ਹਸਪਤਾਲ, ਸੜਕਾਂ, ਭਲਾਈ ਯੋਜਨਾਵਾਂ, ਵਿਕਾਸ ਨੀਤੀਆਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ ਲਈ ਬਹੁਤ ਅਹਿਮ ਹੈ। ਉਨ੍ਹਾਂ ਨਾਗਰਿਕਾਂ ਨੂੰ ਤਕਨਾਲੋਜੀ-ਆਧਾਰਿਤ ਪ੍ਰਕਿਰਿਆ ਅਪਣਾਉਣ ਅਤੇ ਸਰਗਰਮੀ ਨਾਲ ਮਰਦਮਸ਼ੁਮਾਰੀ ਵਿੱਚ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਡਵੀਜ਼ਨਲ ਕਮਿਸ਼ਨਰ ਨੇ ਕਿਹਾ ਕਿ ਸਾਰੇ ਨਿਵਾਸੀਆਂ ਨੂੰ ਇਸ ਸਹੂਲਤ ਦਾ ਲਾਭ ਉਠਾਉਣਾ ਅਤੇ ਜਨਗਣਨਾ-2027 ਦੀ ਸਫ਼ਲਤਾ ਵਿੱਚ ਤਨਦੇਹੀ ਨਾਲ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਨਗਣਨਾ ਵਿਚ ਲੋਕਾਂ ਦੀ ਭਰਵੀਂ ਹਿੱਸੇਦਾਰੀ ਬਹੁਤ ਲਾਜ਼ਮੀ ਹੈ, ਜਿਸ ਲਈ ਸਾਰੇ ਨਾਗਰਿਕ ਇਸ ਪ੍ਰਕਿਰਿਆ ਵਿਚ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਰਗਰਮ ਭਾਗੀਦਾਰੀ ਇੱਕ ਵਿਆਪਕ ਅਤੇ ਭਰੋਸੇਯੋਗ ਰਾਸ਼ਟਰੀ ਡੇਟਾਬੇਸ ਤਿਆਰ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਏਗੀ, ਜੋ ਫੈਸਲੇ ਲੈਣ ਅਤੇ ਭਵਿੱਖ ਦੀ ਯੋਜਨਾਬੰਦੀ ਲਈ ਜ਼ਰੂਰੀ ਹੈ।

ਸ਼੍ਰੀ ਰਾਮਵੀਰ ਨੇ ਦੱਸਿਆ ਕਿ ਜਨਗਣਨਾ-2027 ਲਈ ਸਵੈ ਗਣਨਾ ਦੀ ਪ੍ਰਕਿਰਿਆ 30 ਅਪ੍ਰੈਲ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ 14 ਮਈ 2026 ਤੱਕ ਜਾਰੀ ਰਹੇਗੀ। ਇਸ ਤੋਂ ਬਾਅਦ 15 ਮਈ ਤੋਂ 13 ਜੂਨ 2026 ਤੱਕ ਗਿਣਤੀਕਾਰ ਘਰ-ਘਰ ਜਾ ਕੇ ਸਰਵੇਖਣ ਕਰਨਗੇ। ਇਸ ਮੌਕੇ ਚਾਰਜ ਅਫ਼ਸਰ-ਕਮ-ਸਹਾਇਕ ਕਮਿਸ਼ਨਰ ਵਿਕਰਾਂਤ ਵਰਮਾ, ਸੁਪਰਡੰਟ ਅਸ਼ੋਕ ਵਧਾਵਨ ਅਤੇ ਹੋਰ ਕਰਮਚਾਰੀ ਵੀ ਮੌਜੂਦ ਸਨ।



# ਕੇਂਦਰੀ ਮੰਤਰੀ ਜੇ.ਪੀ. ਨੱਡਾ ਦਾ ਨਾਈਪਰ ਮੋਹਾਲੀ ਵਿੱਚ ਦੌਰਾ

ਜ਼ਿਕਰ ਪੰਜਾਬ
ਮੋਹਾਲੀ/ਬਿਊਰੋ

ਜਗਤ ਪ੍ਰਕਾਸ਼ ਨੱਡਾ, ਕੇਂਦਰੀ ਰਸਾਇਣ ਅਤੇ ਖਾਦ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਨੇ ਸ਼ੁੱਕਰਵਾਰ, 01 ਮਈ 2026 ਨੂੰ ਨੈਸ਼ਨਲ ਇੰਸਟੀਟਿਊਟ ਆਫ਼ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ ਦਾ ਦੌਰਾ ਕੀਤਾ। ਮਾਣਯੋਗ ਮੰਤਰੀ ਨਾਈਪਰ ਕਨਵੈਨਸ਼ਨ ਸੈਂਟਰ ਪਹੁੰਚੇ ਜਿੱਥੇ ਉਨ੍ਹਾਂ ਦੇ ਨਾਲ ਰਸਾਇਣ ਅਤੇ ਖਾਦ ਮੰਤਰਾਲੇ ਦੇ ਫਾਰਮਾਸਿਊਟੀਕਲ ਵਿਭਾਗ ਭਾਰਤ ਸਰਕਾਰ ਦੇ ਸਕੱਤਰ ਸ਼੍ਰੀ ਮਨੋਜ ਜੋਸ਼ੀ, ਅਧੀਨ ਸਕੱਤਰ ਸ਼੍ਰੀਮਤੀ ਗੀਤਾ ਅਸ਼ੋਕ ਅਤੇ ਡਿਪਟੀ ਸਕੱਤਰ ਡਾ. ਕਿੰਨੀ ਸਿੰਘ ਵੀ ਮੌਜੂਦ ਸਨ। ਇਸ ਤੋਂ ਬਾਅਦ ਬੋਰਡ ਰੂਮ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨਾਈਪਰ, ਮੋਹਾਲੀ ਦੇ ਡਾਇਰੈਕਟਰ ਪ੍ਰੋ. ਦੁਲਾਲ ਪਾਂਡਾ ਨੇ ਸੰਸਥਾਨ ਦਾ ਦ੍ਰਿਸ਼ਟੀਕੋਣ, ਪ੍ਰਮੁੱਖ ਪ੍ਰਦਰਸ਼ਨ ਸੂਚਕ ਅਤੇ ਸਟ੍ਰੈਟੇਜਿਕ ਰੋਡਮੈਪ ਪੇਸ਼ ਕੀਤਾ। ਇਸ ਪੇਸ਼ਕਾਰੀ ਵਿੱਚ ਉੱਤਮਤਾ ਕੇਂਦਰਾਂ ਜਿਵੇਂ ਬਾਇਓਫਾਰਮਾਸਿਊਟੀਕਲਸ ਸੰਸਥਾਨ ਦੇ ਇਨੋਵੇਸ਼ਨ ਈਕੋਸਿਸਟਮ ਅਤੇ ਲਾਇਸੈਂਸਿੰਗ ਮੌਕਿਆਂ ਨੂੰ ਉਜਾਗਰ ਕੀਤਾ ਗਿਆ। ਪ੍ਰੋ. ਪਾਂਡਾ ਨੇ ਦੱਸਿਆ ਕਿ ਨਾਈਪਰ, ਮੋਹਾਲੀ ਖੋਜ ਉੱਤਮਤਾ ਲਈ ਸਮਰਪਿਤ ਹੈ, ਜਿਸ ਨੇ ਸ਼ਾਨਦਾਰ ਐਲੂਮਨਾਈ ਤਿਆਰ ਕੀਤੇ ਹਨ ਅਤੇ ਨਾਈਪਰ, ਮੋਹਾਲੀ ਰਾਸ਼ਟਰੀ ਵਿਕਾਸ ਵਿੱਚ ਲਗਾਤਾਰ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸੰਸਥਾਨ ਭਾਰਤ ਸਰਕਾਰ ਦੇ ਬਾਇਓਫਾਰਮਾ ਸ਼ਕਤੀ ਮਿਸ਼ਨ ਨੂੰ ਮਜ਼ਬੂਤ ਕਰਨ ਲਈ ਸੈੱਲ ਅਤੇ ਜੀਨ ਥੈਰੇਪੀ, ਬਾਇਓਲੌਜਿਕਸ, ਬਾਇਓਸਿਮਿਲਰਸ, ਮੈਡੀਕਲ ਡਿਵਾਈਸਾਂ, ਏਆਈ-ਅਧਾਰਿਤ ਫਾਰਮਾਕੋਇਨਫਾਰਮੈਟਿਕਸ, ਅਤੇ ਐਡਵਾਂਸਡ ਡਰੱਗ ਡਿਲਿਵਰੀ ਪ੍ਰਣਾਲੀਆਂ ਦੇ ਖੇਤਰਾਂ ਵਿੱਚ ਕੰਮ ਕਰ ਰਿਹਾ ਹੈ। ਇਸ ਦਿਸ਼ਾ ਵਿੱਚ ਸੰਸਥਾਨ ਨੇ ਬਾਇਓਫਾਰਮਾਸਿਊਟੀਕਲ ਅਤੇ ਰੈਗੂਲੇਟਰੀ ਅਫੇਅਰਸ ਵਿੱਚ ਦੋ ਨਵੇਂ ਪੋਸਟ ਗ੍ਰੈਜੂਏਟ ਪ੍ਰੋਗਰਾਮ ਵੀ ਸ਼ੁਰੂ ਕੀਤੇ ਹਨ। ਸਕੱਤਰ ਸ਼੍ਰੀ ਮਨੋਜ ਜੋਸ਼ੀ ਨੇ ਫੈਕਲਟੀ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਦਯੋਗ ਸਹਿਯੋਗ, ਤਕਨਾਲੋਜੀ ਟ?ਰਾਂਸਫਰ ਅਤੇ ਟ?ਰਾਂਸਲੇਸ਼ਨ ਰਿਸਰਚ ਨੂੰ ਵਧਾਉਣ ਲਈ ਸੁਝਾਅ ਮੰਗੇ। ਉਨ੍ਹਾਂ ਨੇ ਪ੍ਰਦਰਸ਼ਨ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਪ੍ਰਣਾਲੀ ਵਿੱਚ ਸੁਧਾਰ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਐਕਸਟਰਨਲ ਫੰਡਿੰਗ ਪ੍ਰਾਪਤ ਕਰਨ ਵਾਲੇ ਫੈਕਲਟੀ ਲਈ ਪ੍ਰੋਤਸਾਹਨ ਅਤੇ ਉਦਯੋਗ-ਸਪਾਂਸਰ ਖੋਜ ਵਧਾਉਣ ਦੀ ਗੱਲ ਕਹੀ।



ਉਨ੍ਹਾਂ ਨੇ ਪੇਪਰ ਪੇਟੈਂਟ ਤੋਂ ਅੱਗੇ ਵਧ ਕੇ ਅਸਲ ਐਪਲੀਕੇਸ਼ਨਾਂ ਅਤੇ ਕਮਰਸ਼ੀਅਲਾਈਜੇਸ਼ਨ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਆਪਣੇ ਸੰਬੋਧਨ ਵਿੱਚ ਕੇਂਦਰੀ ਮੰਤਰੀ ਸ਼੍ਰੀ ਜੇ.ਪੀ. ਨੱਡਾ ਨੇ ਭਾਰਤ ਨੂੰ ਬਾਇਓਫਾਰਮਾਸਿਊਟੀਕਲਜ਼ ਦੇ ਖੇਤਰ ਵਿੱਚ, ਗਲੋਬਲ ਲੀਡਰ ਬਣਾਉਣ ਦੀ ਖਾਸ ਕਰਕੇ ਏਪੀਆਈ, ਪ੍ਰਮੁੱਖ ਸ਼ੁਰੂਆਤੀ ਸਮੱਗਰੀ, ਸਿੰਥੇਸਿਸ ਇੰਟਰਮੀਡੀਏਟਸ ਅਤੇ ਬਾਇਓਲੌਜਿਕਸ ਵਿੱਚ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਨੇ ਨਾਈਪਰ, ਮੋਹਾਲੀ ਵਿਖੇ ਰਿਸਰਚ ਇਨਫ੍ਰਾਸਟ੍ਰਕਚਰ ਨੂੰ ਮਜ਼ਬੂਤ ਕਰਨ ਲਈ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਸੰਸਥਾਨ ਦੁਆਰਾ ਉਦਯੋਗ ਜਗਤ ਲਈ ਤਿਆਰ ਪੇਸ਼ੇਵਰਾਂ ਦੀ ਸ਼ਲਾਘਾ ਕੀਤੀ। ਅੰਤ ਵਿੱਚ, ਉਨ੍ਹਾਂ ਨੇ ਨਵੀਨਤਾ ਅਤੇ ਇਨੋਵੇਸ਼ਨ ਨੂੰ ਗਤੀ ਦੇਣ ਲਈ ਵਿੱਤੀ ਸਹਾਇਤਾ ਅਤੇ ਨੀਤੀਗਤ ਸੁਧਾਰਾਂ ਦਾ ਭਰੋਸਾ ਦਿੱਤਾ।

ਇਸ ਤੋਂ ਬਾਅਦ, ਦੁਪਹਿਰ ਨੂੰ ਕਨਵੈਨਸ਼ਨ ਸੈਂਟਰ ਦੇ ਫੋਯਰ ਵਿੱਚ ਇੱਕ ਤਕਨਾਲੋਜੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ, ਜਿੱਥੇ ਮਾਣਯੋਗ ਮੰਤਰੀ ਜੀ ਨੇ ਟ੍ਰਾਂਸਲੇਸ਼ਨ ਰਿਸਰਚ ਦੇ ਨਤੀਜਿਆਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਪੋਸਟਰ ਅਤੇ ਪ੍ਰੋਟੋਟਾਈਪ ਦਾ ਨਿਰੀਖਣ ਕੀਤਾ। ਇਸ ਪ੍ਰਦਰਸ਼ਨੀ ਵਿੱਚ ਨਾਈਪਰ ਦੁਆਰਾ ਕੀਤੇ ਜਾ ਰਹੇ ਉਦਯੋਗ ਸਹਿਯੋਗ, ਪੇਟੈਂਟ ਅਤੇ ਕਲੀਨਿਕਲ ਟ੍ਰਾਇਲ ਨਾਲ ਸਬੰਧਿਤ ਪਹਿਲੂਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਮਾਣਯੋਗ ਮੰਤਰੀ ਨੇ ਨਾਈਪਰ, ਮੋਹਾਲੀ ਵਿਖੇ ਮੈਡੀਸਨਲ ਸੁਕੂਲੈਂਟਸ ਗਾਰਡਨ ਦਾ ਉਦਘਾਟਨ ਵੀ ਕੀਤਾ ਅਤੇ ਇਸ ਤੋਂ ਬਾਅਦ ਸੰਸਥਾਨ ਦੀਆਂ ਅਤਿ-ਆਧੁਨਿਕ ਖੋਜ ਸਹੂਲਤਾਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਨਾਲ ਗੱਲਬਾਤ ਵੀ ਕੀਤੀ। ਇਹ ਦੌਰਾ ਭਾਰਤ ਸਰਕਾਰ ਦੀ ਫਾਰਮਾਸਿਊਟੀਕਲ ਸਿੱਖਿਆ ਨੂੰ ਮਜ਼ਬੂਤ ਕਰਨ, ਨਵੀਨਤਾ ਨੂੰ ਉਤਸ਼ਾਹਿਤ ਕਰਨ, ਅਤੇ ਬਾਇਓਫਾਰਮਾਸਿਊਟੀਕਲ ਖੇਤਰ ਵਿੱਚ ਖੋਜ ਅਤੇ ਵਿਕਾਸ ਨੂੰ ਅੱਗੇ ਵਧਾਉਣ ਦੀ ਟਿਕਾਊ ਵਚਨਬੱਧਤਾ ਨੂੰ ਦਰਸਾਉਂਦਾ ਹੈ।



# ਪੇਕ ਵੱਲੋਂ 'ਅਚੀਵਰਜ਼ ਅਵਾਰਡ ਫੰਕਸ਼ਨ 2026' ਵਿੱਚ ਵਿਦਿਆਰਥੀ ਦਾ ਕੀਤਾ ਗਿਆ ਸਨਮਾਨ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ

ਪੰਜਾਬ ਇੰਜੀਨੀਅਰਿੰਗ ਕਾਲਜ (ਡੀਮਡ ਟੂ ਬੀ ਯੂਨੀਵਰਸਿਟੀ), ਚੰਡੀਗੜ੍ਹ ਦੇ ਡੀਨ ਸਟੂਡੈਂਟ ਅਫੇਅਰਜ਼ (ਡੀਐਸਏ) ਦਫ਼ਤਰ ਵੱਲੋਂ 'ਅਚੀਵਰਜ਼ ਅਵਾਰਡ ਫੰਕਸ਼ਨ 2026' ਦਾ ਆਯੋਜਨ ਕੀਤਾ ਗਿਆ। ਇਸ ਪ੍ਰਤਿਸ਼ਠਿਤ ਸਮਾਗਮ ਦਾ ਮਕਸਦ ਵੱਖ-ਵੱਖ ਖੇਤਰਾਂ—ਅਕਾਦਮਿਕ, ਖੇਡਾਂ, ਤਕਨੀਕੀ ਗਤੀਵਿਧੀਆਂ, ਐਨਸੀਸੀ ਅਤੇ ਸੱਭਿਆਚਾਰਕ ਪ੍ਰੋਗਰਾਮਾਂਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਾ ਸੀ। ਇਸ ਸਮਾਰੋਹ ਵਿੱਚ ਪੇਕ ਦੇ ਮਾਣਯੋਗ ਡਾਇਰੈਕਟਰ ਪ੍ਰੋ. ਰਾਜੇਸ਼ ਕੁਮਾਰ ਭਾਟੀਆ ਨੇ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਡਾ. ਡੀ.ਆਰ. ਪ੍ਰਜਾਪਤੀ, ਡੀਨ ਸਟੂਡੈਂਟ ਅਫੇਅਰਜ਼; ਡਾ. ਪੁਨੀਤ ਚਾਵਲਾ (ਏਡੀਐਸਏ, ਕਲੱਬਜ਼); ਡਾ. ਸ਼ੋਭਨਾ ਧੀਮਨ (ਏਡੀਐਸਏ, ਹੋਸਟਲਜ਼); ਅਤੇ ਡਾ. ਐਮ.ਪੀ. ਗਰਗ ਵੀ ਮੌਜੂਦ ਸਨ। ਇਸ ਮੌਕੇ 'ਤੇ ਵੱਡੀ ਗਿਣਤੀ ਵਿੱਚ ਫੈਕਲਟੀ ਮੈਂਬਰ, ਸਟਾਫ ਅਤੇ ਵਿਦਿਆਰਥੀ ਹਾਜ਼ਰ ਰਹੇ ਅਤੇ ਉਨ੍ਹਾਂ ਨੇ ਸਫਲ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਡੀਨ ਸਟੂਡੈਂਟ ਅਫੇਅਰਜ਼ ਡਾ. ਡੀ.ਆਰ. ਪ੍ਰਜਾਪਤੀ ਨੇ ਕਿਹਾ ਕਿ ਇਹ ਅਵਾਰਡ ਸਿਰਫ਼ ਸਫਲਤਾ ਦਾ ਪ੍ਰਤੀਕ ਨਹੀਂ, ਸਗੋਂ ਵਿਦਿਆਰਥੀਆਂ ਦੀ ਮਿਹਨਤ, ਸਮਰਪਣ ਅਤੇ ਵਚਨਬੱਧਤਾ ਨੂੰ ਦਰਸਾਉਂਦੇ ਹਨ ਉਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰਿਸਰਚ, ਖੇਡਾਂ ਅਤੇ ਅਕਾਦਮਿਕ ਮੰਚਾਂ 'ਤੇ ਪੀਈਸੀ ਦੇ ਵਿਦਿਆਰਥੀਆਂ ਦੀਆਂ ਉਪਲਬਧੀਆਂ ਦੀ ਸਰਾਹਨਾ ਕੀਤੀ। ਪੇਕ ਦੇ ਡਾਇਰੈਕਟਰ ਪ੍ਰੋ. ਰਾਜੇਸ਼ ਕੁਮਾਰ ਭਾਟੀਆ ਨੇ ਸਾਰੇ ਅਵਾਰਡ ਜੇਤੂਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਜੋਸ਼ ਅਤੇ ਦ੍ਰਿੜਤਾ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਉਪਲਬਧੀਆਂ ਤੁਹਾਡੀ ਪ੍ਰਤਿਭਾ ਦੇ ਨਾਲ-ਨਾਲ ਟੀਮਵਰਕ, ਸਮਰਪਣ ਅਤੇ ਇਮਾਨਦਾਰੀ ਵਰਗੀਆਂ ਮੁੱਲਾਂ ਨੂੰ ਵੀ ਦਰਸਾਉਂਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਮੇਸ਼ਾ ਉੱਚ ਨੈਤਿਕ ਮਾਪਦੰਡਾਂ ਨੂੰ ਕਾਇਮ ਰੱਖਣ ਅਤੇ ਜਜ਼ਬੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਅਵਾਰਡ ਵੰਡ ਸਮਾਰੋਹ ਸ਼ੁਰੂ ਹੋਇਆ। ਇਸ ਮੌਕੇ 'ਤੇ ਕੁੱਲ 277 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਪ੍ਰਦਰਸ਼ਨ ਕਰਨ ਵਾਲੇ 237 ਅਚੀਵਰਜ਼ ਅਤੇ ਵੱਖ-ਵੱਖ ਕਲੱਬਾਂ, ਸੈੱਲਾਂ, ਐਨਸੀਸੀ, ਐਨਐਸਐਸ, ਖੇਡਾਂ ਅਤੇ ਤਕਨੀਕੀ ਸੋਸਾਇਟੀਆਂ ਨਾਲ ਸੰਬੰਧਿਤ 40 ਵਿਦਿਆਰਥੀ ਸਕੱਤਰ ਅਤੇ ਜੌਇੰਟ ਸਕੱਤਰ ਸ਼ਾਮਲ ਸਨ।



# ਕੇਂਦਰੀ ਮੰਤਰੀ ਨੇ ਅੰਬਾਲਾ ਰੇਲਵੇ ਡਿਵਿਜ਼ਨ ਦੇ ਸੀਨੀਅਰ ਅਧਿਕਾਰੀਆਂ ਨਾਲ ਧਮਾਕੇ ਵਾਲੀ ਥਾਂ ਦਾ ਨਿਰੀਖਣ ਕੀਤਾ

ਜ਼ਿਕਰ ਪੰਜਾਬ
ਪਟਿਆਲਾ/ਬਿਊਰੋ

ਕੇਂਦਰੀ ਮੰਤਰੀ ਸ਼੍ਰੀ ਰਵਨੀਤ ਸਿੰਘ ਨੇ ਅੱਜ ਸ਼ੰਭੂ ਦੇ ਨੇੜੇ ਹਾਲ ਹੀ ਦੇ ਧਮਾਕੇ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਪੂਰਬੀ ਸਮਰਪਿਤ ਮਾਲ ਕੌਰੀਡੋਰ (ਈਡੀਐੱਫਸੀ) ਦੇ ਨਾਲ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ। ਮੀਡੀਆ ਨੂੰ ਸੰਬੋਧਨ ਕਰਦੇ ਹੋਏ, ਮੰਤਰੀ ਨੇ ਪੰਜਾਬ ਵਿੱਚ ਰੇਲਵੇ ਢਾਂਚੇ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਵਾਰ-ਵਾਰ ਹੋ ਰਹੀਆਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਅਤੇ ਸੁਰੱਖਿਆ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਲਈ ਸਖ਼ਤ ਅਤੇ ਤੁਰੰਤ ਕਦਮ ਚੁੱਕਣ ਦਾ ਭਰੋਸਾ ਦਿੱਤਾ। ਸ਼੍ਰੀ ਰਵਨੀਤ ਸਿੰਘ ਨੇ ਐਲਾਨ ਕੀਤਾ ਕਿ ਰੇਲਵੇ ਈਡੀਐੱਫਸੀ ਦੇ ਨਾਲ 24 ਘੰਟੇ ਦੀ ਪੈਟਰੋਲਿੰਗ ਨੂੰ ਵਧਾਏਗਾ ਅਤੇ ਨਿਗਰਾਨੀ ਦਾਇਰਾ ਵੀ ਕਾਫ਼ੀ ਵਧਾਇਆ ਜਾਵੇਗਾ। ਮੌਜੂਦਾ ਸਮੇਂ ਵਿੱਚ, ਅੰਬਾਲਾ ਡਿਵਿਜ਼ਨ ਦੇ ਪੰਜਾਬ ਖੇਤਰ ਵਿੱਚ 173 ਸੀਸੀਟੀਵੀ ਕੈਮਰੇ ਪਹਿਲਾਂ ਹੀ ਲਗਾਏ ਜਾ ਚੁੱਕੇ ਹਨ ਅਤੇ ਹੋਰ ਲਗਾਉਣ ਦਾ ਕੰਮ ਜਾਰੀ ਹੈ। ਕੌਰੀਡੋਰ ਦੇ ਸੁੰਨੇ ਅਤੇ ਸੰਵੇਦਨਸ਼ੀਲ ਹਿੱਸਿਆਂ 'ਤੇ ਖ਼ਾਸ ਧਿਆਨ ਦਿੱਤਾ ਜਾਵੇਗਾ, ਜਿੱਥੇ ਡਰੋਨ ਨਿਗਰਾਨੀ ਸਮੇਤ ਆਧੁਨਿਕ ਨਿਗਰਾਨੀ ਢੰਗ-ਤਰੀਕਿਆਂ ਨੂੰ ਲਾਗੂ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਰੇਲਵੇ ਕਰਮਚਾਰੀ ਟ੍ਰੈਕ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਾਤਾਰ ਜ਼ਮੀਨੀ ਪੈਟਰੋਲਿੰਗ ਕਰਨਗੇ। ਮੰਤਰੀ ਨੇ ਦੱਸਿਆ ਕਿ ਇਹ ਤਿੰਨ ਮਹੀਨਿਆਂ ਦੇ ਅੰਦਰ ਅਤੇ ਲਗਭਗ 35 ਕਿੱਲੋਮੀਟਰ ਦੀ ਦੂਰੀ ਦੇ ਅੰਦਰ ਦੂਜੀ ਅਜਿਹੀ ਘਟਨਾ ਵਾਪਰੀ ਹੈ। ਪਹਿਲੀ ਘਟਨਾ 23 ਜਨਵਰੀ ਨੂੰ ਐੱਨਐੱਚ-44 ਤੋਂ ਲਗਭਗ 800-900 ਮੀਟਰ ਦੀ ਦੂਰੀ 'ਤੇ ਵਾਪਰੀ ਸੀ, ਜਦਕਿ ਨਵੀਂ ਧਮਾਕੇ ਵਾਲੀ ਥਾਂ ਉਸੇ ਹਾਈਵੇਅ ਤੋਂ ਲਗਭਗ 300 ਮੀਟਰ ਦੂਰ ਸਥਿਤ ਹੈ। ਮੁੱਢਲੀ ਪੜਤਾਲ ਦਰਸਾਉਂਦੀ ਹੈ ਕਿ ਸ਼ਰਾਰਤੀ ਤੱਤ ਹਾਈਵੇਅ ਤੋਂ ਆਸਾਨ ਪਹੁੰਚ ਵਾਲੇ ਰਸਤੇ ਵਰਤ ਕੇ ਰੇਲਵੇ ਟ?ਰੈਕ ਨੂੰ ਨਿਸ਼ਾਨਾ ਬਣਾ ਰਹੇ ਹੋ ਸਕਦੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਇਸ ਵਿੱਚ ਬਾਹਰੀ ਸ਼ਮੂਲੀਅਤ ਹੋਣ ਦੇ ਸੰਕੇਤ ਵੀ ਮਿਲ ਰਹੇ ਹਨ, ਜਿੱਥੇ ਦੁਸ਼ਮਣ ਰੇਲਵੇ ਵਰਗੇ ਮਹੱਤਵਪੂਰਨ ਢਾਂਚੇ ਨੂੰ ਨਿਸ਼ਾਨਾ ਬਣਾ ਕੇ ਖੇਤਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਾਰੇ ਸਿਰਫ਼ ਸੁਰੱਖਿਆ ਲਈ ਖ਼ਤਰਾ ਹੀ ਨਹੀਂ ਹਨ, ਸਗੋਂ ਸੂਬੇ ਵਿੱਚ ਆਰਥਿਕ ਗਤੀਵਿਧੀਆਂ ਨੂੰ ਰੋਕਣ ਦੇ ਸਿੱਧੇ ਯਤਨ ਵੀ ਹਨ। ਪੂਰਬੀ ਸਮਰਪਿਤ ਮਾਲ ਕੌਰੀਡੋਰ, ਜੋ ਸਾਹਨੇਵਾਲ ਨੂੰ ਪੱਛਮੀ ਬੰਗਾਲ ਨਾਲ ਜੋੜਦਾ ਹੈ, ਇੱਕ ਮਹੱਤਵਪੂਰਨ ਆਰਥਿਕ ਰਗ ਹੈ, ਜਿਸ 'ਤੇ ਲਗਭਗ 30 ਰੇਲਗੱਡੀਆਂ ਹਰ ਰੋਜ਼ ਚੱਲਦੀਆਂ ਹਨ ਅਤੇ ਉਦਯੋਗਿਕ ਅਤੇ ਖੇਤੀਬਾੜੀ ਸਮਾਨ ਦੀ ਢੋਆ-ਢੁਆਈ ਕਰਦੀਆਂ ਹਨ। ਇਸ ਨੈੱਟਵਰਕ ਵਿੱਚ ਕਿਸੇ ਵੀ ਤਰ੍ਹਾਂ ਦੀ ਔਕੜ ਸੂਬੇ ਅਤੇ ਰਾਸ਼ਟਰੀ ਅਰਥ-ਵਿਵਸਥਾ ਲਈ ਝਟਕਾ ਹੈ। ਮੰਤਰੀ ਨੇ ਲੋਕੋ ਪਾਇਲਟ ਦੀ ਸਾਵਧਾਨੀ ਦੀ ਸ਼ਲਾਘਾ ਕੀਤੀ, ਜਿਸ ਨੇ ਮਹਿਸੂਸ ਕਰਦੇ ਹੀ ਤੁਰੰਤ ਰੇਲਗੱਡੀ ਰੋਕ ਦਿੱਤੀ, ਜਿਸ ਨਾਲ ਇੱਕ ਸੰਭਾਵਿਤ ਵੱਡੇ ਹਾਦਸੇ ਤੋਂ ਬਚਾਅ ਹੋਇਆ।

ਐਮਰਜੈਂਸੀ ਰਿਸਪਾਂਸ ਅਤੇ ਸੁਰੱਖਿਆ ਟੀਮਾਂ ਨੂੰ ਤੁਰੰਤ ਸਥਾਨ 'ਤੇ ਤਾਇਨਾਤ ਕੀਤਾ ਗਿਆ। ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਮੰਤਰੀ ਨੇ ਕਿਹਾ ਕਿ ਰੇਲਵੇ ਅਸਾਸਿਆਂ ਦੀ ਰਾਖੀ, ਯਾਤਰੀਆਂ ਅਤੇ ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਬਿਨਾਂ ਰੁਕਾਵਟ ਆਰਥਿਕ ਗਤੀਵਿਧੀ ਨੂੰ ਕਾਇਮ ਰੱਖਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।



ਪੰਜਾਬੀ ਭਾਸ਼ਾ ਵਿੱਚ ਅਖ਼ਬਾਰਾਂ, ਮੈਗਜ਼ੀਨ ਅਤੇ ਕਿਤਾਬਾਂ ਤਿਆਰ ਕਰਵਾਉਣ ਲਈ ਸੰਪਰਕ ਕਰੋ:
89685-44271
E-mail:
vicksam125@gmail.com

# ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਪਾਲੀ ਦੇਤਵਾਲੀਆ ਦੇ ਪੁੱਤਰ ਮਨਜੋਤ ਸਿੰਘ ਦੇ ਦੇਹਾਂਤ ਤੇ ਦੁੱਖ ਦਾ ਪ੍ਰਗਟਾਵਾ

ਜ਼ਿਕਰ ਪੰਜਾਬ
ਲੁਧਿਆਣਾ/ਬਿਊਰੋ

ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਉੱਘੇ ਗਾਇਕ ਅਤੇ ਗੀਤਕਾਰ ਪਾਲੀ ਦੇਤਵਾਲੀਆ ਦੇ ਇਕਲੌਤੇ ਪੁੱਤਰ ਮਨਜੋਤ ਸਿੰਘ (38) ਦੇ ਬੇਵਕਤ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇੱਥੇ ਜਾਰੀ ਇੱਕ ਬਿਆਨ ਵਿੱਚ, ਫਾਊਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਪ੍ਰਗਟ ਸਿੰਘ ਸਰਪ੍ਰਸਤ, ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ, ਸਰਪਸਤ ਡਾ. ਗੁਰਭਜਨ ਗਿੱਲ, ਦਿਲਬਾਗ ਸਿੰਘ ਖਤਰਾਏ ਕਲਾਂ, ਅਮਰਿੰਦਰ ਸਿੰਘ ਜੱਸੋਵਾਲ, ਕਲਾ ਪ੍ਰੇਮੀ ਡਾ. ਨਿਰਮਲ ਜੌੜਾ, ਸਰਪ੍ਰਸਤ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਅਤ ਸਿੰਘ ਦਾਖਾ, ਕੋਆਰਡੀਨੇਟਰ ਪ੍ਰਿਥੀਪਾਲ ਸਿੰਘ ਬਡਾਲਾ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਵਿਛੜੀ ਹੋਈ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰਨ ਅਤੇ ਪਰਿਵਾਰ ਨੂੰ ਇਹ ਭਾਣਾ ਸਹਿਣ ਕਰਨ ਲਈ ਬਲ ਬਖਸ਼ਣ ਦੀ ਅਰਦਾਸ ਕੀਤੀ ਹੈ। ਜ਼ਿਕਰਯੋਗ ਹੈ ਕਿ ਮਨਜੋਤ ਸਿੰਘ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਸਨ। ਜਿਨਾਂ ਦਾ ਮੰਗਲਵਾਰ ਨੂੰ ਦੇਹਾਂਤ ਹੋ ਗਿਆ ਸੀ ਅਤੇ ਅੱਜ ਉਹਨਾਂ ਦੇ ਜੱਦੀ ਪਿੰਡ ਦੇਤਵਾਲ ਵਿਖੇ ਅੰਤਿਮ ਸੰਸਕਾਰ ਹੋਇਆ। ਉਹ ਆਪਣੇ ਪਿੱਛੇ ਪਿਤਾ ਪਾਲੀ ਦੇਤਵਾਲੀਆ ਤੋਂ ਇਲਾਵਾ, ਪਤਨੀ ਤੇ ਦੋ ਛੋਟੇ ਬੱਚੇ ਛੱਡ ਗਏ ਹਨ।



# ਅੰਤਰਰਾਸ਼ਟਰੀ ਪਹਿਲਵਾਨ 'ਸੁਪਰ ਖਾਲਸਾ' ਆਮ ਆਦਮੀ ਪਾਰਟੀ ਵਿੱਚ ਸ਼ਾਮਲ

## ਮੁੱਖ ਮੰਤਰੀ ਦੇ ਓਐਸਡੀ ਰਾਜਬੀਰ ਸਿੰਘ ਘੁੰਮਣ ਨੇ ਪਾਰਟੀ ਵਿੱਚ ਕੀਤਾ ਸਵਾਗਤ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ

ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਸਮੇਂ ਇੱਕ ਨਵਾਂ ਉਤਸ਼ਾਹ ਦੇਖਣ ਨੂੰ ਮਿਲਿਆ ਜਦੋਂ ਅੰਤਰਰਾਸ਼ਟਰੀ ਪਹਿਲਵਾਨ ਅਤੇ 'ਇੰਡੀਆਜ਼ ਸਟ?ਰੌਂਗੇਸਟ ਮੈਨ' ਦਾ ਖਿਤਾਬ ਜਿੱਤਣ ਵਾਲੇ ਇੰਦਰਪ੍ਰੀਤ ਸਿੰਘ (ਸੁਪਰ ਖਾਲਸਾ) ਅਧਿਕਾਰਤ ਤੌਰ 'ਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਦੇ ਓ.ਐਸ.ਡੀ. ਰਾਜਬੀਰ ਸਿੰਘ ਘੁੰਮਣ ਨੇ ਇੰਦਰਪ੍ਰੀਤ ਸਿੰਘ ਨੂੰ 'ਆਪ' ਵਿੱਚ ਸ਼ਾਮਲ ਕਰਵਾਇਆ ਅਤੇ ਪਾਰਟੀ ਵਿੱਚ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਓ.ਐਸ.ਡੀ. ਘੁੰਮਣ ਨੇ ਕਿਹਾ ਕਿ ਇੰਦਰਪ੍ਰੀਤ ਵਰਗੇ ਪ੍ਰਤਿਭਾਸ਼ਾਲੀ ਖਿਡਾਰੀ ਦੇ ਆਉਣ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤੀ ਮਿਲੇਗੀ। ਇੰਦਰਪ੍ਰੀਤ ਸਿੰਘ ਨੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਪ੍ਰਸਿੱਧ ਕਬੱਡੀ ਖਿਡਾਰੀ ਪਾਲਾ ਜਲਾਲਪੁਰੀਆ, ਰੁਸਤਮ-ਏ-ਹਿੰਦ ਜੱਸਾ ਪੱਟੀ ਅਤੇ ਰੁਸਤਮ-ਏ-ਹਿੰਦ ਪ੍ਰੀਤਪਾਲ ਫਗਵਾੜਾ ਦੇ ਕਾਰਜਾਂ ਅਤੇ ਉਹਨਾਂ ਦੇ ਪ੍ਰਭਾਵ ਤੋਂ ਪ੍ਰੇਰਿਤ ਹੋ ਕੇ ਲਿਆ ਹੈ। ਇੰਦਰਪ੍ਰੀਤ ਸਿੰਘ ਦੀਆਂ ਖੇਡ ਪ੍ਰਾਪਤੀਆਂ ਬੇਹੱਦ ਪ੍ਰਭਾਵਸ਼ਾਲੀ ਹਨ। ਉਹ ਮੌਜੂਦਾ ਸਮੇਂ ਵਿੱਚ ਪ੍ਰੋ-ਰੇਸਲਿੰਗ ਦੇ ਹੈਵੀਵੇਟ ਚੈਂਪੀਅਨ ਹਨ ਅਤੇ ਪੰਜਾਬ ਸਟੇਟ ਪਾਵਰਲਿਫਟਿੰਗ ਵਿੱਚ ਚਾਰ ਵਾਰ ਸੋਨ ਤਗਮਾ ਜਿੱਤ ਚੁੱਕੇ ਹਨ। ਉਹਨਾਂ ਦੀ ਇਹ ਖੇਡ ਭਾਵਨਾ ਅਤੇ ਅਨੁਸ਼ਾਸਨ ਹੁਣ ਰਾਜਨੀਤੀ ਰਾਹੀਂ ਸਮਾਜ ਸੇਵਾ ਵਿੱਚ ਨਜ਼ਰ ਆਵੇਗਾ। ਪਾਰਟੀ ਲੀਡਰਸ਼ਿਪ ਨੇ ਭਰੋਸਾ ਜਤਾਇਆ ਕਿ ਖੇਡਾਂ ਰਾਹੀਂ ਦੇਸ਼-ਦੁਨੀਆ ਵਿੱਚ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਇਹ ਨੌਜਵਾਨ 'ਰੰਗਲਾ ਪੰਜਾਬ' ਬਣਾਉਣ ਦੇ ਮਿਸ਼ਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਉਹਨਾਂ ਦੇ ਤਜ਼ਰਬੇ ਅਤੇ ਲੋਕਪ੍ਰਿਯਤਾ ਨਾਲ ਪੰਜਾਬ ਦੀ ਅਗਲੀ ਪੀੜ੍ਹੀ ਨੂੰ ਸਹੀ ਸੇਧ ਮਿਲੇਗੀ ਅਤੇ ਉਹ ਨਸ਼ੇ ਵਰਗੀਆਂ ਅਲਾਮਤਾਂ ਨੂੰ ਛੱਡ ਕੇ ਖੇਡਾਂ ਅਤੇ ਉਸਾਰੂ ਕੰਮਾਂ ਵੱਲ ਪ੍ਰੇਰਿਤ ਹੋਣਗੇ।



# ਡੀ.ਸੀ. ਹਿਮਾਂਸ਼ੂ ਜੈਨ ਨੇ ਆਪਣੇ ਵੇਰਵੇ ਆਨਲਾਈਨ ਰਜਿਸਟ੍ਰੇਸ਼ਨ ਕਰਕੇ ਸਵੈ-ਗਣਨਾ ਪ੍ਰਕਿਰਿਆ ਦੀ ਕੀਤੀ ਸ਼ੁਰੂਆਤ

## ਡਿਪਟੀ ਕਮਿਸ਼ਨਰ ਵੱਲੋਂ ਸਹੀ ਡਾਟਾ ਲਈ ਲੋਕਾਂ ਨੂੰ ਸਵੈ-ਗਣਨਾ ਵਿੱਚ ਭਾਗ ਲੈਣ ਦੀ ਕੀਤੀ ਅਪੀਲ

ਜ਼ਿਕਰ ਪੰਜਾਬ
ਲੁਧਿਆਣਾ/ਜ਼ਿਕਰ ਪੰਜਾਬ

ਆਗਾਮੀ ਜਨਗਣਨਾ 2027 ਲਈ ਸਵੈ-ਗਣਨਾ ਲੁਧਿਆਣਾ ਵਿੱਚ ਸ਼ੁਰੂ ਹੋ ਗਈ ਹੈ। ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਜਨਗਣਨਾ ਅਫਸਰ ਹਿਮਾਂਸ਼ੂ ਜੈਨ ਨੇ ਵੀਰਵਾਰ ਨੂੰ ਆਪਣੇ ਵੇਰਵੇ ਆਨਲਾਈਨ ਰਜਿਸਟਰ ਕਰਕੇ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ। ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦੇ ਹੋਏ ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਸਵੈ-ਗਣਨਾ ਪਹਿਲਕਦਮੀ ਨਾਗਰਿਕਾਂ ਨੂੰ ਮੋਬਾਈਲ ਨੰਬਰ ਅਤੇ ਓ.ਟੀ.ਪੀ ਤਸਦੀਕ ਦੀ ਵਰਤੋਂ ਕਰਕੇ ਅਧਿਕਾਰਤ ਪੋਰਟਲ se.census.gov.in ਰਾਹੀਂ ਆਪਣੀ ਘਰੇਲੂ ਜਾਣਕਾਰੀ ਆਸਾਨੀ ਨਾਲ ਜਮ੍ਹਾਂ ਕਰਾਉਣ ਦੀ ਆਗਿਆ ਦਿੰਦੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਪ੍ਰਕਿਰਿਆ ਸਰਲ, ਸੁਰੱਖਿਅਤ ਹੈ ਅਤੇ ਆਰਾਮ ਨਾਲ ਘਰ ਤੋਂ ਪੂਰੀ ਕੀਤੀ ਜਾ ਸਕਦੀ ਹੈ, ਜਿਸ ਨਾਲ ਗਣਨਾਕਾਰ ਦੀ ਉਡੀਕ ਕਰਨ ਦੀ ਜ਼ਰੂਰਤ ਖਤਮ ਹੋ ਜਾਂਦੀ ਹੈ। ਇਸ ਪੜਾਅ ਦੇ ਤਹਿਤ ਨਿਵਾਸੀਆਂ ਨੂੰ ਆਪਣੇ ਘਰ ਅਤੇ ਪਰਿਵਾਰਕ ਮੈਂਬਰਾਂ ਬਾਰੇ ਵਿਆਪਕ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਹਾਊਸ ਲਿਸਟਿੰਗ ਓਪਰੇਸ਼ਨ (ਐਚ.ਐਲ.ਓ) ਸਵਾਲਾਂ ਦੇ ਜਵਾਬ ਸ਼ਾਮਲ ਹਨ। ਇਹ ਮੁੱਖ ਪਹਿਲੂਆਂ ਨੂੰ ਕਵਰ ਕਰਦੇ ਹਨ ਜਿਵੇਂ ਕਿ ਘਰ ਦੀ ਕਿਸਮ, ਸਹੂਲਤਾਂ ਦੀ ਉਪਲਬਧਤਾ, ਸੰਪਤੀਆਂ ਅਤੇ ਹੋਰ ਬੁਨਿਆਦੀ ਸਹੂਲਤਾਂ ਸਬੰਧੀ ਜਾਣਕਾਰੀ ਜੋ ਵਿਕਾਸ ਨੀਤੀਆਂ ਅਤੇ ਭਲਾਈ ਯੋਜਨਾਵਾਂ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਪ੍ਰਕਿਰਿਆ ਵਿੱਚ ਉਪਭੋਗਤਾ ਰਜਿਸਟ੍ਰੇਸ਼ਨ, ਓ.ਟੀ.ਪੀ ਤਸਦੀਕ, ਲੋੜੀਂਦੇ ਵੇਰਵੇ ਭਰਨਾ ਅਤੇ ਅੰਤਿਮ ਜਮ?ਹਾਂ ਕਰਵਾਉਣਾ ਸ਼ਾਮਲ ਹੈ ਜਿਸ ਤੋਂ ਬਾਅਦ ਇੱਕ ਵਿਲੱਖਣ ਸਵੈ-ਗਣਨਾ ਆਈ.ਡੀ ਤਿਆਰ ਕੀਤੀ ਜਾਂਦੀ ਹੈ। ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਜਮ?ਹਾਂ ਕੀਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਇਸਦੀ ਵਰਤੋਂ ਸਿਰਫ਼ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਦੇ ਉਦੇਸ਼ਾਂ ਲਈ ਕੀਤੀ ਜਾਵੇਗੀ। ਜਿਹੜੇ ਪਰਿਵਾਰ ਆਨਲਾਈਨ ਪ੍ਰਕਿਰਿਆ ਨੂੰ ਪੂਰਾ ਕਰਨ ਵਿੱਚ ਅਸਮਰੱਥ ਹਨ, ਉਨ੍ਹਾਂ ਲਈ ਗਿਣਤੀਕਾਰ ਜ਼ਰੂਰੀ ਜਾਣਕਾਰੀ ਇਕੱਠੀ ਕਰਨ ਲਈ ਫੀਲਡ ਓਪਰੇਸ਼ਨ ਪੜਾਅ ਦੌਰਾਨ ਜਾਣਗੇ। ਹਿਮਾਂਸ਼ੂ ਜੈਨ ਨੇ ਨਿਵਾਸੀਆਂ ਨੂੰ ਸਵੈ-ਗਣਨਾ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਸੋਸ਼ਲ ਮੀਡੀਆ ਅਤੇ ਸਥਾਨਕ ਨੈੱਟਵਰਕਾਂ ਰਾਹੀਂ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਰਿਹਾਇਸ਼, ਪਾਣੀ ਸਪਲਾਈ, ਸੈਨੀਟੇਸ਼ਨ, ਸਿੱਖਿਆ, ਸਿਹਤ ਸੰਭਾਲ ਅਤੇ ਰੁਜ਼ਗਾਰ ਵਰਗੇ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਯੋਜਨਾਬੰਦੀ ਲਈ ਸਹੀ ਜਨਗਣਨਾ ਡਾਟਾ ਬਹੁਤ ਜ਼ਰੂਰੀ ਹੈ।




# ਮੁੱਖ ਮੰਤਰੀ ਮਾਨ ਸਮੇਤ ਸਾਰੇ ਵਿਧਾਇਕਾਂ ਦਾ ਡੋਪ ਟੈਸਟ ਕਰਵਾਇਆ ਜਾਵੇ : ਬਾਜਵਾ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ

ਚੰਡੀਗੜ੍ਹ ਵਿੱਚ ਚੱਲ ਰਹੇ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਸਿਆਸੀ ਤਣਾਅ ਵਧਦਾ ਨਜ਼ਰ ਆ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਲਿਖ ਕੇ ਇੱਕ ਵੱਡੀ ਮੰਗ ਰੱਖੀ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਾਰੇ ਵਿਧਾਇਕਾਂ ਦਾ ਤੁਰੰਤ ਅਲਕੋਹਲ ਅਤੇ ਡੋਪ ਟੈਸਟ ਕਰਵਾਇਆ ਜਾਣਾ ਚਾਹੀਦਾ ਹੈ। ਬਾਜਵਾ ਨੇ ਆਪਣੇ ਪੱਤਰ ਵਿੱਚ ਦੋਸ਼ ਲਗਾਇਆ ਕਿ ਸਦਨ ਵਿੱਚ ਚੱਲ ਰਹੀ ਚਰਚਾ ਦੌਰਾਨ ਉਠੇ ਗੰਭੀਰ ਮੁੱਦਿਆਂ 'ਤੇ ਮੁੱਖ ਮੰਤਰੀ ਨੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਅਤੇ ਵਿਚਕਾਰੋਂ ਹੀ ਸਦਨ ਛੱਡ ਕੇ ਚਲੇ ਗਏ। ਉਨ੍ਹਾਂ ਦੇ ਅਨੁਸਾਰ, ਇਹ ਸਦਨ ਦੀ ਮਰਯਾਦਾ ਅਤੇ ਜਵਾਬਦੇਹੀ ਦੇ ਖਿਲਾਫ ਹੈ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਨੇ ਕੜਾ ਰੁਖ ਅਪਣਾਉਂਦੇ ਹੋਏ ਚੇਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਪਾਰਟੀ ਵੱਲੋਂ ਸਦਨ ਦਾ ਬਾਈਕਾਟ ਕੀਤਾ ਜਾ ਸਕਦਾ ਹੈ। ਇਸ ਕਾਰਨ ਪੰਜਾਬ ਦੀ ਰਾਜਨੀਤੀ ਵਿੱਚ ਹਾਲਾਤ ਹੋਰ ਗਰਮਾਉਣ ਦੀ ਸੰਭਾਵਨਾ ਬਣ ਰਹੀ ਹੈ।



# ਸਮਾਜਿਕ ਨਿਆਂ 'ਤੇ ਰਾਸ਼ਟਰੀ ਚਿੰਤਨ ਸ਼ਿਵਿਰ ਅੰਤਯੋਦਯ-ਸੰਚਾਲਿਤ ਵਿਕਸਿਤ ਭਾਰਤ 2047 ਲਈ ਸਮਾਂਬੱਧ ਰੋਡਮੈਪ ਦੇ ਨਾਲ ਚੰਡੀਗੜ੍ਹ ਵਿੱਚ ਸਮਾਪਤ ਹੋਇਆ

ਜ਼ਿਕਰ ਪੰਜਾਬ
ਚੰਡੀਗੜ੍ਹ/ਬਿਊਰੋ

ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦਾ ਤਿੰਨ ਰੋਜ਼ਾ ਰਾਸ਼ਟਰੀ ਚਿੰਤਨ ਸ਼ਿਵਿਰ ਅੱਜ ਚੰਡੀਗੜ੍ਹ ਵਿੱਚ ਸਮਾਪਤ ਹੋਇਆ, ਜਿਸ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ÷ਅੰਤਯੋਦਯ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ - ਵਿਕਸਿਤ ਭਾਰਤ02047÷ ਥੀਮ ਦੇ ਅਨੁਸਾਰ ਸਮਾਜਿਕ ਨਿਆਂ ਯੋਜਨਾਵਾਂ ਦੀ ਆਖਰੀ ਮੀਲ ਤੱਕ ਸਪੁਰਦਗੀ ਨੂੰ ਮਜ਼ਬੂਤ ਬਣਾਉਣ ਲਈ ਸਮਾਂਬੱਧ, ਕਾਰਵਾਈਯੋਗ ਸਿਫ਼ਾਰਸ਼ਾਂ ਦੇ ਇੱਕ ਸੈੱਟ 'ਤੇ ਸਹਿਮਤੀ ਜਤਾਈ। 24-26 ਅਪ੍ਰੈਲ 2026 ਤੱਕ ਤਿੰਨ ਦਿਨਾਂ ਤੱਕ ਆਯੋਜਿਤ, ਇਹ ਸ਼ਿਵਿਰ ਦ੍ਰਿਸ਼ਟੀਕੋਣ, ਸਵੈਮਾਣ ਅਤੇ ਪਹੁੰਚਯੋਗਤਾ 'ਤੇ ਸ਼ੁਰੂਆਤੀ ਫੋਕਸ ਤੋਂ ਦੂਜੇ ਅਤੇ ਤੀਜੇ ਦਿਨ ਤੀਬਰ ਵਿਸ਼ਾ-ਵਾਰ ਵਿਚਾਰ-ਵਟਾਂਦਰੇ ਤੱਕ ਅੱਗੇ ਵਧਿਆ, ਜਿਸਦਾ ਸਿੱਟਾ ਸਮਾਪਤੀ ਸੈਸ਼ਨ ਵਿੱਚ ਸਾਹਮਣੇ ਆਇਆ, ਜਿਸਨੇ ਨਤੀਜਿਆਂ ਨੂੰ ਇੱਕ ਅਗਾਂਹਵਧੂ ਰੋਡਮੈਪ ਵਿੱਚ ਸ਼ਾਮਲ ਕੀਤਾ। ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਡਾ. ਵੀਰੇਂਦਰ ਕੁਮਾਰ ਨੇ ਆਪਣੀ ਸਮਾਪਤੀ ਟਿੱਪਣੀ ਵਿੱਚ ਕਿਹਾ ਕਿ ਤਿੰਨ ਰੋਜ਼ਾ ਰਾਸ਼ਟਰੀ ਚਿੰਤਨ ਸ਼ਿਵਿਰ ਨੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ ਗੰਭੀਰ ਅਤੇ ਨਤੀਜਾ-ਮੁਖੀ ਮੰਚ ਪ੍ਰਦਾਨ ਕੀਤਾ ਹੈ ਤਾਂ ਜੋ ਉਹ ਸਮੂਹਿਕ ਤੌਰ 'ਤੇ ਇਸ ਗੱਲ 'ਤੇ ਵਿਚਾਰ ਕਰ ਸਕਣ ਕਿ ਸਮਾਜਿਕ ਨਿਆਂ ਦੀ ਸਪੁਰਦਗੀ ਨੂੰ ਕਿਵੇਂ ਵਧੇਰੇ ਪਹੁੰਚਯੋਗ, ਜਵਾਬਦੇਹ ਅਤੇ ਅਮਲ-ਅਧਾਰਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਚਾਰ-ਵਟਾਂਦਰੇ ਅੰਤਯੋਦਯ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ - ਵਿਕਸਿਤ ਭਾਰਤ 2047' ਦੇ ਵੱਡੇ ਰਾਸ਼ਟਰੀ ਸੰਕਲਪ 'ਤੇ ਕੇਂਦ੍ਰਿਤ ਸਨ ਅਤੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸਮਾਜਿਕ ਨਿਆਂ ਕਤਾਰ ਵਿੱਚ ਆਖਰੀ ਵਿਅਕਤੀ ਲਈ ਸਵੈਮਾਣ, ਪਹੁੰਚਯੋਗਤਾ ਅਤੇ ਨਿਰੰਤਰਤਾ ਨਾਲ ਜੁੜਿਆ ਰਹਿਣਾ ਚਾਹੀਦਾ ਹੈ। ਡਾ. ਵੀਰੇਂਦਰ ਕੁਮਾਰ ਨੇ ਕਿਹਾ ਕਿ ਸ਼ਿਵਿਰ ਦੌਰਾਨ ਵਿਚਾਰ-ਵਟਾਂਦਰੇ ਵਿਆਪਕ ਨੀਤੀਗਤ ਮੰਤਵ ਤੋਂ ਪਰੇ ਸਨ ਅਤੇ ਵਜ਼ੀਫਾ ਸਪੁਰਦਗੀ, ਨਸ਼ਾ ਛੁਡਾਉਣ, ਬਜ਼ੁਰਗਾਂ ਦੀ ਭਲਾਈ, ਪਹੁੰਚਯੋਗਤਾ, ਅਪਾਹਜ ਵਿਅਕਤੀਆਂ ਲਈ ਪ੍ਰਮਾਣੀਕਰਣ, ਅਤੇ ਕਮਜ਼ੋਰ ਭਾਈਚਾਰਿਆਂ ਲਈ ਸਮਾਵੇਸ਼-ਲਿੰਕਡ ਸਹਾਇਤਾ ਪ੍ਰਣਾਲੀਆਂ ਵਰਗੇ ਖੇਤਰਾਂ ਵਿੱਚ ਵਿਹਾਰਕ ਹੱਲਾਂ 'ਤੇ ਕੇਂਦ੍ਰਿਤ ਸਨ। ਉਦਘਾਟਨੀ ਸੈਸ਼ਨ ਦੌਰਾਨ ਸ਼ੁਰੂ ਕੀਤੇ ਗਏ ਪਲੇਟਫਾਰਮ ਅਤੇ ਐਪਲੀਕੇਸ਼ਨਾਂ ਸਮੇਤ ਮੰਤਰਾਲੇ ਦੇ ਚੱਲ ਰਹੇ ਡਿਜੀਟਲ ਅਤੇ ਸੰਸਥਾਗਤ ਪਹਿਲਕਦਮੀਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਤਕਨਾਲੋਜੀ-ਸਮਰੱਥ ਸ਼ਾਸਨ, ਪ੍ਰਕਿਰਿਆ ਸਰਲੀਕਰਨ, ਬਿਹਤਰ ਨਿਗਰਾਨੀ ਅਤੇ ਕੇਂਦਰ ਅਤੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚਕਾਰ ਮਜ਼ਬੂਤ ਤਾਲਮੇਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਲਾਭ ਬਿਨਾਂ ਦੇਰੀ ਦੇ ਯੋਗ ਲਾਭਪਾਤਰੀਆਂ ਤੱਕ ਪਹੁੰਚ ਸਕਣ। ਕੇਂਦਰੀ ਮੰਤਰੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਵਿਸ਼ਾ ਅਧਾਰਤ ਭੋਜਨ, ਬ੍ਰੇਕਆਉਟ ਸੈਸ਼ਨਾਂ ਅਤੇ ਸਮੂਹ ਪੇਸ਼ਕਾਰੀਆਂ ਤੋਂ ਉੱਭਰਨ ਵਾਲੀਆਂ ਸਿਫ਼ਾਰਸ਼ਾਂ ਸਮਾਜਿਕ ਨਿਆਂ ਖੇਤਰ ਵਿੱਚ ਇੱਕ ਵਧੇਰੇ ਪ੍ਰਭਾਵਸ਼ਾਲੀ ਅਮਲ ਢਾਂਚੇ ਨੂੰ ਆਕਾਰ ਦੇਣ ਵਿੱਚ ਮਦਦ ਕਰਨਗੀਆਂ। ਉਨ੍ਹਾਂ ਕਿਹਾ ਕਿ ਮੰਤਰਾਲਾ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਨੇੜਿਓਂ ਸਾਂਝੇਦਾਰੀ ਵਿੱਚ ਚਿੰਤਨ ਸ਼ਿਵਿਰ ਦੇ ਨਤੀਜਿਆਂ ਨੂੰ ਅੱਗੇ ਵਧਾਏਗਾ, ਜਿਸ ਵਿੱਚ ਸਮਾਜ ਦੇ ਗਰੀਬ, ਵਾਂਝੇ ਅਤੇ ਕਮਜ਼ੋਰ ਵਰਗਾਂ ਲਈ ਸਮਾਵੇਸ਼, ਸਸ਼ਕਤੀਕਰਨ ਅਤੇ ਮਾਪਣਯੋਗ ਜ਼ਮੀਨੀ ਪੱਧਰ ਦੇ ਨਤੀਜਿਆਂ 'ਤੇ ਲਗਾਤਾਰ ਜ਼ੋਰ ਦਿੱਤਾ ਜਾਵੇਗਾ। ਤੀਜੇ ਦਿਨ ਦੀ ਸ਼ੁਰੂਆਤ ਯੋਗ ਸੈਸ਼ਨ ਨਾਲ ਵੀ ਹੋਈ, ਜਿਸ ਤੋਂ ਬਾਅਦ ਜਾਗਰੁਕਤਾ ਤੋਂ ਸੁਲਭਤਾ - ਡੀਓਐੱਸਜੇਈ ਅਧੀਨ ਪਹੁੰਚਯੋਗਤਾ ਪ੍ਰਤੀ ਜਾਗਰੂਕਤਾ 'ਤੇ ਇੱਕ ਵਿਸ਼ਾ ਅਧਾਰਤ ਨਾਸ਼ਤਾ ਕੀਤਾ ਗਿਆ, ਜਿੱਥੇ ਭਾਗੀਦਾਰਾਂ ਨੇ ਯੋਜਨਾ-ਕੇਂਦ੍ਰਿਤ ਸੋਚ ਤੋਂ ਅਧਿਕਾਰ-ਅਧਾਰਤ, ਯੂਨੀਵਰਸਲ ਡਿਜ਼ਾਈਨ ਪਹੁੰਚ ਵੱਲ ਜਾਣ ਦੀ ਲੋੜ 'ਤੇ ਚਰਚਾ ਕੀਤੀ ਜੋ ਪਹੁੰਚਯੋਗਤਾ ਨੂੰ ਸਾਰੇ ਜਨਤਕ ਬੁਨਿਆਦੀ ਢਾਂਚੇ, ਸੇਵਾਵਾਂ ਅਤੇ ਡਿਜੀਟਲ ਪਲੇਟਫਾਰਮਾਂ ਲਈ ਅਨਿੱਖੜਵਾਂ ਮੰਨਦਾ ਹੈ। ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਨਿਰੰਤਰ ਜਾਗਰੂਕਤਾ, ਇੰਜੀਨੀਅਰਾਂ ਅਤੇ ਆਰਕੀਟੈਕਟਾਂ ਦੀ ਸਮਰੱਥਾ ਨਿਰਮਾਣ, ਤਕਨਾਲੋਜੀ ਦੀ ਬਿਹਤਰ ਵਰਤੋਂ ਅਤੇ ਸਿਰਜੇ ਮਾਹੌਲ, ਆਵਾਜਾਈ, ਆਈਸੀਟੀ ਅਤੇ ਜਨਤਕ ਸੇਵਾਵਾਂ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣ ਵਿੱਚ ਸਥਾਨਕ ਸੰਸਥਾਵਾਂ ਲਈ ਇੱਕ ਮਜ਼ਬੂਤ ਭੂਮਿਕਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਜਿਸ ਵਿੱਚ ਅਪਾਹਜ ਵਿਅਕਤੀ ਵੀ ਸ਼ਾਮਲ ਹਨ। ਸਵੇਰ ਦੇ ਬ੍ਰੇਕਆਉਟ ਸੈਸ਼ਨ ਵਿੱਚ, ਪੰਜ ਵਿਸ਼ਾ ਅਧਾਰਤ ਸਮੂਹਾਂ ਨੇ ਵਿਕਸਿਤ ਭਾਰਤ 2047 ਢਾਂਚੇ ਦੇ ਤਹਿਤ ਵਿਸਥਾਰਤ ਚਰਚਾ ਅਤੇ ਪੇਸ਼ਕਾਰੀ ਲਈ ਆਪਣੇ ਦੂਜੇ ਥੀਮ ਸੈੱਟ ਸ਼ਾਮਲ ਕੀਤੇ। ਡੀਓਐੱਸਜੇਈ ਸਕੀਮਾਂ ਵਿੱਚ ਪ੍ਰਕਿਰਿਆਵਾਂ ਦਾ ਸਰਲੀਕਰਨ (ਪ੍ਰਕਿਰਿਆ ਸਰਲੀਕਰਨ) 'ਤੇ ਇੱਕ ਵਿਸ਼ਾ ਅਧਾਰਤ ਦੁਪਹਿਰ ਦੇ ਖਾਣੇ ਦਾ ਮੰਤਵ ਪ੍ਰਕਿਰਿਆਵਾਂ ਨੂੰ ਸੌਖਾ ਬਣਾਉਣ, ਦਸਤਾਵੇਜ਼ਾਂ ਨੂੰ ਤਰਕਸੰਗਤ ਬਣਾਉਣ, ਸ਼ਿਕਾਇਤ ਨਿਪਟਾਰੇ ਨੂੰ ਮਜ਼ਬੂਤ ਕਰਨ ਅਤੇ ਫੰਡ ਪ੍ਰਵਾਹ ਅਤੇ ਵਰਤੋਂ ਨੂੰ ਬਿਹਤਰ ਬਣਾਉਣ ਲਈ ਠੋਸ ਕਦਮ ਚੁੱਕਣਾ ਸੀ। ਇਸ ਵਿਚਾਰ-ਵਟਾਂਦਰੇ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪ੍ਰਕਿਰਿਆ ਸਰਲੀਕਰਨ, ਡਿਜੀਟਲ ਪਲੇਟਫਾਰਮ ਅਤੇ ਸਪੱਸ਼ਟ ਸਮਾਂ-ਹੱਦਾਂ ਜ਼ਰੂਰੀ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਜ਼ੀਫ਼ਾ, ਪੈਨਸ਼ਨਾਂ, ਮੁੜ ਵਸੇਬਾ ਸਹਾਇਤਾ, ਪਹੁੰਚਯੋਗਤਾ ਗ੍ਰਾਂਟਾਂ ਅਤੇ ਹੋਰ ਲਾਭ ਯੋਗ ਲਾਭਪਾਤਰੀਆਂ ਤੱਕ ਬਿਨਾਂ ਕਿਸੇ ਦੇਰੀ ਜਾਂ ਪ੍ਰਕਿਰਿਆਤਮਕ ਰੁਕਾਵਟਾਂ ਦੇ ਪਹੁੰਚ ਸਕਣ। ਰਾਸ਼ਟਰੀ ਚਿੰਤਨ ਸ਼ਿਵਿਰ ਇੱਕ ਆਪਸੀ ਸਹਿਮਤੀ ਨਾਲ ਸਮਾਪਤ ਹੋਇਆ ਜੋ ਕਿ ਮੰਤਰਾਲੇ, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨਾਲ ਨੇੜਿਓਂ ਸਾਂਝੇਦਾਰੀ ਵਿੱਚ, ਸੋਧੇ ਹੋਏ ਦਿਸ਼ਾ-ਨਿਰਦੇਸ਼ਾਂ, ਮਜ਼ਬੂਤ ?ਨਿਗਰਾਨੀ, ਵਿਆਪਕ ਪਹੁੰਚ ਅਤੇ ਨਿਰੰਤਰ ਸਮਰੱਥਾ ਨਿਰਮਾਣ ਰਾਹੀਂ ਵਿਚਾਰ-ਵਟਾਂਦਰੇ ਦੇ ਨਤੀਜਿਆਂ ਨੂੰ ਇੱਕ ਢਾਂਚਾਗਤ ਢੰਗ ਨਾਲ ਅੱਗੇ ਵਧਾਏਗੀ। ਇਸ ਤਿੰਨ ਰੋਜ਼ਾ ਅਭਿਆਸ ਨੇ ਸਮੂਹਿਕ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ ਹੈ ਕਿ ਸਮਾਜਿਕ ਨਿਆਂ ਨੂੰ ਇਰਾਦੇ ਤੋਂ ਅੱਗੇ ਵਧਣਾ ਚਾਹੀਦਾ ਹੈ ਅਤੇ ਇਸ ਨੂੰ ਸਭ ਤੋਂ ਗਰੀਬ ਅਤੇ ਸਭ ਤੋਂ ਕਮਜ਼ੋਰ ਲੋਕਾਂ ਦੇ ਜੀਵਨ ਵਿੱਚ ਮਾਪਣਯੋਗ ਸੁਧਾਰਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ, ਇਸ ਤਰ੍ਹਾਂ 2047 ਤੱਕ ਇੱਕ ਸੰਮਲਿਤ, ਸਮਰੱਥ ਅਤੇ ਬਰਾਬਰੀ ਵਾਲੇ ਵਿਕਸਿਤ ਭਾਰਤ ਦੇ ਦ੍ਰਿਸ਼ਟੀਕੋਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।





# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਲੁਧਿਆਣਾ ਵਿੱਚ 52 ਕਰੋੜ ਰੁਪਏ ਦੇ ਕਈ ਵਿਕਾਸ ਪ੍ਰੋਜੈਕਟ ਲਾਂਚ ਕੀਤੇ

ਜ਼ਿਕਰ ਪੰਜਾਬ

ਲੁਧਿਆਣਾ/ਬਿਊਰੋ

ਰਾਜ ਦੇ ਉਦਯੋਗਿਕ ਹੱਬ ਵਜੋਂ ਜਾਣੇ ਜਾਂਦੇ ਲੁਧਿਆਣਾ ਸ਼ਹਿਰ ਦੇ ਵੱਖ-ਵੱਖ ਫੋਕਲ ਪੁਆਇੰਟ ਖੇਤਰਾਂ ਨੂੰ ਇੱਕ ਵੱਡਾ ਰੂਪ ਦੇਣ ਦੀ ਕੋਸ਼ਿਸ਼ ਵਿੱਚ ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਅਤੇ ਬਿਜਲੀ ਦੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਸ਼ਨੀਵਾਰ ਨੂੰ ਫੋਕਲ ਪੁਆਇੰਟ ਦੇ ਸੀ.ਆਈ.ਸੀ.ਯੂ ਕੰਪਲੈਕਸ ਵਿਖੇ ਆਯੋਜਿਤ ਇੱਕ ਸਮਾਗਮ ਦੌਰਾਨ ਕਰੀਬ 52 ਕਰੋੜ ਰੁਪਏ ਦੇ ਕਈ ਵਿਕਾਸ ਪ੍ਰੋਜੈਕਟ ਲਾਂਚ ਕੀਤੇ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੁੱਲ 52 ਕਰੋੜ ਰੁਪਏ ਵਿੱਚੋਂ, 16 ਕਰੋੜ ਰੁਪਏ ਗੁਣਵੱਤਾ ਵਾਲੇ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ 'ਤੇ, 21 ਕਰੋੜ ਰੁਪਏ ਪਾਰਕਾਂ/ਗਰੀਨ ਬੈਲਟਾਂ ਨੂੰ ਵਿਕਸਤ ਕਰਨ 'ਤੇ, 6 ਕਰੋੜ ਰੁਪਏ ਪਾਣੀ ਸਪਲਾਈ/ਸੀਵਰੇਜ ਸਿਸਟਮ ਨੂੰ ਅਪਗ੍ਰੇਡ ਕਰਨ 'ਤੇ ਅਤੇ 9 ਕਰੋੜ ਰੁਪਏ ਵੱਖ-ਵੱਖ ਫੋਕਲ ਪੁਆਇੰਟ ਖੇਤਰਾਂ ਵਿੱਚ ਸਟਰੀਟ ਲਾਈਟਾਂ ਲਗਾਉਣ 'ਤੇ ਖਰਚ ਕੀਤੇ ਜਾਣਗੇ।



ਇਸ ਮੌਕੇ ਸੀ.ਆਈ.ਸੀ.ਯੂ. ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ, ਜੇ.ਐਸ. ਭੋਗਲ, ਰਾਹੁਲ ਆਹੂਜਾ, ਹਨੀ ਸੇਠੀ ਸਮੇਤ ਹੋਰਨਾਂ ਦੀ ਅਗਵਾਈ ਵਿੱਚ ਉਦਯੋਗਪਤੀਆਂ ਦੇ ਵੱਡੇ ਇਕੱਠ ਨੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦਾ ਨਵੀਂ ਉਦਯੋਗਿਕ ਨੀਤੀ ਅਤੇ ਹਲਵਾਰਾ ਹਵਾਈ ਅੱਡੇ ਲਈ ਧੰਨਵਾਦ ਕੀਤਾ। 52 ਕਰੋੜ ਰੁਪਏ ਦੇ ਕਈ ਪ੍ਰੋਜੈਕਟ ਸ਼ੁਰੂ ਕਰਨ ਲਈ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਸ਼ਲਾਘਾ ਕਰਦੇ ਹੋਏ ਉਦਯੋਗਪਤੀਆਂ ਨੇ ਕਿਹਾ ਕਿ ਇਹ ਪ੍ਰੋਜੈਕਟ ਉਦਯੋਗ ਨੂੰ ਵਧਣ ਅਤੇ ਉਤਸ਼ਾਹਿਤ ਕਰਨ ਵਿੱਚ ਯਕੀਨਨ ਮਦਦ ਕਰਨਗੇ। ਉਦਯੋਗਪਤੀਆਂ ਨੇ ਉਦਯੋਗ ਨੂੰ ਸਹੂਲਤ ਦੇਣ ਲਈ ਉਨ੍ਹਾਂ ਦੇ ਨਿਯਮਤ ਅਤੇ ਨਿਰੰਤਰ ਯਤਨਾਂ ਲਈ ਕੈਬਨਿਟ ਮੰਤਰੀ ਅਰੋੜਾ ਦੀ ਸ਼ਲਾਘਾ ਕੀਤੀ। ਸਮਾਗਮ ਦੌਰਾਨ ਉਦਯੋਗਪਤੀਆਂ ਤੋਂ ਫੀਡਬੈਕ ਵੀ ਲਿਆ ਗਿਆ ਅਤੇ ਕੈਬਨਿਟ ਮੰਤਰੀ ਅਰੋੜਾ ਨੇ ਭਰੋਸਾ ਦਿੱਤਾ ਕਿ ਵੱਡੇ ਪੱਧਰ 'ਤੇ ਉਦਯੋਗ ਨੂੰ ਸਹੂਲਤ ਦੇਣ ਲਈ ਹਰ ਕਦਮ ਚੁੱਕਿਆ ਜਾ ਰਿਹਾ ਹੈ। ਰਾਜ ਦੇ ਫੋਕਲ ਪੁਆਇੰਟਾਂ ਅਤੇ ਹੋਰ ਉਦਯੋਗਿਕ ਖੇਤਰਾਂ ਨੂੰ ਇੱਕ ਨਵਾਂ ਰੂਪ ਦੇਣ ਲਈ ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੇ ਪ੍ਰੋਜੈਕਟ ਸੰਪਰਕ ਅਤੇ ਆਵਾਜਾਈ ਵਿੱਚ ਸੁਧਾਰ ਕਰਨਗੇ ਜਦੋਂ ਕਿ ਸਟਰੀਟ ਲਾਈਟਾਂ ਦੀ ਸਥਾਪਨਾ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ। ਇਹ ਦੱਸਦੇ ਹੋਏ ਕਿ ਨਗਰ ਨਿਗਮ ਦੁਆਰਾ ਵੱਡੀ ਗਿਣਤੀ ਵਿੱਚ ਪਾਰਕਾਂ/ਗ੍ਰੀਨ ਬੈਲਟਾਂ ਦਾ ਵੀ ਪੁਨਰ ਵਿਕਾਸ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਉਦਯੋਗਪਤੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਪਾਰਕਾਂ/ਗ੍ਰੀਨ ਬੈਲਟਾਂ ਨੂੰ ਅਪਣਾਉਣ। ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੇ ਵਿਆਪਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦੇ ਹੋਏ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਅੱਗੇ ਕਿਹਾ ਕਿ ਸੂਬੇ ਭਰ ਵਿੱਚ ਸੜਕੀ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ 1300 ਕਰੋੜ ਰੁਪਏ ਦੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਇਹ ਪ੍ਰੋਜੈਕਟ ਮਈ ਦੇ ਅੰਤ ਤੱਕ ਪੂਰੇ ਹੋ ਜਾਣਗੇ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਭਰ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਵੀ ਕਈ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਇਹ ਦੱਸਦੇ ਹੋਏ ਕਿ ਸੂਬੇ ਵਿੱਚ ਬਿਜਲੀ ਦੀ ਕੋਈ ਕਮੀ ਨਹੀਂ ਹੈ। ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸੂਬੇ ਵਿੱਚ ਬਿਜਲੀ ਬੁਨਿਆਦੀ ਢਾਂਚੇ ਨੂੰ ਵੀ ਹਾਲ ਹੀ ਵਿੱਚ ਵੱਡੇ ਪੱਧਰ 'ਤੇ ਅਪਗ੍ਰੇਡ ਕੀਤਾ ਗਿਆ ਹੈ ਅਤੇ ਬਿਜਲੀ ਸਪਲਾਈ ਪ੍ਰਣਾਲੀ ਨੂੰ ਸੁਚਾਰੂ ਬਣਾਉਣ ਲਈ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ।

ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਨਗਰ ਨਿਗਮ ਕਮਿਸ਼ਨਰ ਡਾ. ਨੀਰੂ ਕਤਿਆਲ ਗੁਪਤਾ, ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ ਸਮੇਤ ਹੋਰਾਂ ਦੇ ਨਾਲ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਰਾਜ ਸਭਾ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਵੀ ਉਨ੍ਹਾਂ ਨੇ ਵੱਖ-ਵੱਖ ਫੋਕਲ ਪੁਆਇੰਟ ਖੇਤਰਾਂ ਵਿੱਚ ਕੰਕਰੀਟ ਦੀਆਂ ਸੜਕਾਂ ਬਣਾਉਣ ਲਈ 42 ਕਰੋੜ ਰੁਪਏ ਦੇ ਪ੍ਰੋਜੈਕਟ ਸ਼ੁਰੂ ਕੀਤੇ ਸਨ। ਬਾਕੀ ਸੜਕਾਂ ਹੁਣ ਸ਼ਨੀਵਾਰ ਨੂੰ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਦੇ ਤਹਿਤ ਦੁਬਾਰਾ ਬਣਾਈਆਂ ਜਾਣਗੀਆਂ।

# ਦਾਦਾ ਟਰਾਇੰਫ ਨੇ ਲੁਧਿਆਣਾ ਵਿੱਚ ਲਾਂਚ ਕੀਤਾ ਟਰੈਕਰ 400



ਜ਼ਿਕਰ ਪੰਜਾਬ

ਲੁਧਿਆਣਾ/ਸੁਰਜੀਤ ਸਿੰਘ

ਦਾਦਾ ਮੋਟਰਜ਼ ਨੇ ਆਪਣੇ ਲੁਧਿਆਣਾ ਸ਼ੋਰੂਮ ਵਿੱਚ ਬਹੁਤ ਉਡੀਕ ਕੀਤੀ ਜਾ ਰਹੀ ਟਰੈਕਰ 400 ਦਾ ਸ਼ਾਨਦਾਰ ਅਨਾਵਰਣ ਕੀਤਾ। ਇਹ ਲਾਂਚ ਬ੍ਰਾਂਡ ਦੀ ਪ੍ਰੀਮੀਅਮ ਮੋਟਰਸਾਈਕਲ ਲਾਈਨਅਪ ਵਿੱਚ ਇੱਕ ਮਹੱਤਵਪੂਰਨ ਸ਼ਾਮਲ ਹੈ, ਜਿਸ ਵਿੱਚ ਕੰਪਨੀ ਦੇ ਮੁੱਖ ਲੀਡਰਸ਼ਿਪ ਮੈਂਬਰ ਵੀ ਮੌਜੂਦ ਸਨ। ਇਸ ਮੌਕੇ 'ਤੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਨਿਤਿਨ ਦਾਦਾ, ਸ਼੍ਰੀ ਈਸ਼ਾਂਗ ਦਾਦਾ, ਵਾਈਸ ਪ੍ਰੈਜ਼ੀਡੈਂਟ ਸ਼੍ਰੀ ਹਰੀਸ਼ ਦੱਤਾ, ਜਨਰਲ ਮੈਨੇਜਰ ਸ਼੍ਰੀ ਆਸ਼ੀਸ਼ ਕਪੂਰ ਅਤੇ ਮਾਰਕੇਟਿੰਗ ਮੈਨੇਜਰ ਸਾਹਿਲ ਬੱਗਾ ਸਮੇਤ ਕਈ ਮਾਨਯੋਗ ਮਹਿਮਾਨ ਅਤੇ ਆਟੋਮੋਬਾਈਲ ਪ੍ਰੇਮੀ ਹਾਜ਼ਰ ਸਨ। ਟਰੈਕਰ 400 ਆਧੁਨਿਕ ਇੰਜੀਨੀਅਰਿੰਗ ਅਤੇ ਰੱਗਡ ਡਿਜ਼ਾਈਨ ਦਾ ਬੇਹਤਰੀਨ ਮਿਲਾਪ ਹੈ। ਇਹ ਬਾਈਕ 40 ਪੀਐਸ ਪਾਵਰ ਅਤੇ 32 ਐਨਐਮ ਟਾਰਕ ਨਾਲ ਆਉਂਦੀ ਹੈ। ਰੇਸਿੰਗ ਯੈਲੋ, ਫੈਂਟਮ ਬਲੈਕ ਅਤੇ ਅਲਮੀਨੀਅਮ ਸਿਲਵਰ ਗਲੌਸ ਵਰਗੇ ਆਕਰਸ਼ਕ ਰੰਗਾਂ ਵਿੱਚ ਉਪਲਬਧ, ਇਹ ਬਾਈਕ ਰੋਡ 'ਤੇ ਆਪਣੀ ਮਜ਼ਬੂਤ ਹਾਜ਼ਰੀ ਅਤੇ ਫਲੈਟ ਟ?ਰੈਕ ਕਿਰਦਾਰ ਨਾਲ ਨਜ਼ਰ ਆਵੇਗੀ। ਲਾਂਚ ਦੌਰਾਨ ਲੀਡਰਸ਼ਿਪ ਟੀਮ ਨੇ ਲੁਧਿਆਣਾ ਮਾਰਕੀਟ ਵਿੱਚ ਟਰੈਕਰ 400 ਨੂੰ ਪੇਸ਼ ਕਰਨ 'ਤੇ ਆਪਣੀ ਖੁਸ਼ੀ ਜਤਾਈ ਅਤੇ ਗਾਹਕਾਂ ਨੂੰ ਵਿਸ਼ਵ-ਪੱਧਰੀ ਮੋਬਿਲਿਟੀ ਸੌਲਿਊਸ਼ਨ ਦੇਣ ਦੇ ਆਪਣੇ ਵਚਨ ਨੂੰ ਦੁਹਰਾਇਆ। ਹੁਣ ਗਾਹਕ ਅਤੇ ਬਾਈਕਿੰਗ ਦੇ ਸ਼ੌਕੀਨ ਦਾਦਾ ਮੋਟਰਜ਼, ਲੁਧਿਆਣਾ ਸ਼ੋਰੂਮ 'ਤੇ ਜਾ ਕੇ ਟਰੈਕਰ 400 ਦਾ ਤਜਰਬਾ ਕਰ ਸਕਦੇ ਹਨ ਅਤੇ ਇਸਦੇ ਫੀਚਰਜ਼ ਨੂੰ ਨਜ਼ਦੀਕ ਤੋਂ ਦੇਖ ਸਕਦੇ ਹਨ।

# ਰੋਜ਼ਾਨਾ 1100 ਤੋਂ ਵੱਧ ਬਜ਼ੁਰਗਾਂ ਵਲੋਂ ਤੀਰਥ ਅਸਥਾਨਾਂ ਦੀ ਯਾਤਰਾ ਸਦਕਾ ਮਾਨ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਪੂਰੇ ਸ਼ਫਲ ਲੋਕ-ਪੱਖੀ ਉਪਰਾਲਿਆਂ 'ਚ ਸ਼ੁਮਾਰ

ਜ਼ਿਕਰ ਪੰਜਾਬ

ਚੰਡੀਗੜ੍ਹ/ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਹੁਣ ਪੂਰੇ ਪੰਜਾਬ ਵਿੱਚ ਇੱਕ ਬਹੁਤ ਵੱਡੀ ਲਹਿਰ ਬਣ ਚੁੱਕੀ ਹੈ, ਜਿਸ ਤਹਿਤ ਰੋਜ਼ਾਨਾ 1,100 ਤੋਂ ਵੱਧ ਬਜ਼ੁਰਗ ਬਹੁਤ ਹੀ ਆਰਾਮਦਾਇਕ ਅਤੇ ਚੰਗੀ ਤਰ੍ਹਾਂ ਵਿਉਂਤਬੱਧ ਯਾਤਰਾਵਾਂ ਰਾਹੀਂ ਪਾਵਨ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਹਨ। ਲੋਕ ਭਲਾਈ ਦੀ ਭਾਵਨਾ ਨੂੰ ਪ੍ਰਗਟਾਉਂਦੀ ਇਹ ਪਹਿਲਕਦਮੀ, ਭਗਵੰਤ ਮਾਨ ਸਰਕਾਰ ਦੀ ਆਪਣੇ ਲੋਕਾਂ ਪ੍ਰਤੀ ਸੁਹਿਰਦਤਾ ਅਤੇ ਉਨ੍ਹਾਂ ਲਈ ਸੇਵਾ-ਭਾਵਨਾ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਮਾਲ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੀ ਕਾਮਯਾਬੀ ਪਿੱਛੇ ਸੁਚੱਜੀ ਵਿਉਂਤਬੰਦੀ ਅਤੇ ਪੂਰੇ ਤਾਲਮੇਲ ਨਾਲ ਕੀਤੇ ਪੁਖ਼ਤਾ ਪ੍ਰਬੰਧਾਂ ਦੀ ਵੱਡੀ ਭੂਮਿਕਾ ਹੈ। ਇਹ ਤੀਰਥ ਯਾਤਰਾ ਬਿਨਾਂ ਕਿਸੇ ਦਿੱਕਤ ਤੋਂ ਬੇਹੱਦ ਆਰਾਮਦਾਇਕ ਢੰਗ ਨਾਲ ਕਰਵਾਈ ਜਾਣ ਸਦਕਾ ਸ਼ਰਧਾਲੂਆਂ ਲਈ ਇੱਕ ਬੇਮਿਸਾਲ ਤੇ ਮੁੱਲਵਾਨ ਤਜਰਬਾ ਸਾਬਤ ਹੋ ਰਹੀ ਹੈ।



ਸੂਬੇ ਭਰ ਵਿੱਚ 95 ਆਲੀਸ਼ਾਨ ਏਅਰ-ਕੰਡੀਸ਼ਨਡ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ 50 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਤੀਰਥ ਯਾਤਰਾ ਲਈ ਲੈ ਕੇ ਜਾਇਆ ਜਾਂਦਾ ਹੈ। ਇਹ ਬੱਸਾਂ ਸ਼ਰਧਾਲੂਆਂ ਨੂੰ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚੋਂ ਉਨ੍ਹਾਂ ਦੇ ਘਰਾਂ ਦੇ ਬੂਹਿਆਂ ਤੋਂ ਲੈ ਕੇ ਜਾਂਦੀਆਂ ਹਨ ਅਤੇ ਪਾਵਨ ਧਾਰਮਿਕ ਅਸਥਾਨਾਂ ਤੇ ਇਤਿਹਾਸਕ ਥਾਵਾਂ ਤੱਕ ਪਹੁੰਚਾਉਂਦੀਆਂ ਹਨ। ਯਾਤਰੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਸ੍ਰੀ ਹਰਿਮੰਦਰ ਸਾਹਿਬ ਸਮੇਤ ਹੋਰ ਕਈ ਧਾਰਮਿਕ ਅਤੇ ਵਿਰਾਸਤੀ ਅਸਥਾਨਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ ਇਲਾਕੇ ਵਿਚੋਂ ਚੱਲਣ ਵਾਲੀਆਂ ਬੱਸਾਂ ਸ਼ਰਧਾਲੂਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਅਤੇ ਹੋਰ ਨੇੜਲੇ ਧਾਰਮਿਕ ਅਸਥਾਨਾਂ ਦੇ ਨਾਲ-ਨਾਲ 'ਵਿਰਾਸਤ-ਏ-ਖ਼ਾਲਸਾ' ਮਿਊਜ਼ੀਅਮ ਵੀ ਲੈ ਕੇ ਜਾਂਦੀਆਂ ਹਨ। ਇਹ ਸਫ਼ਰ ਸ਼ਰਧਾਲੂਆਂ ਲਈ ਰੂਹਾਨੀਅਤ ਅਤੇ ਇਤਿਹਾਸ ਦਾ ਇੱਕ ਅਨੋਖਾ ਸੁਮੇਲ ਹੈ। ਇਸ ਸਕੀਮ ਦਾ ਇੱਕ ਖ਼ਾਸ ਪਹਿਲੂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਤ ਕੀਤਾ ਗਿਆ 'ਟੈਂਟ ਸਿਟੀ' ਹੈ, ਜਿੱਥੇ 700 ਯਾਤਰੀਆਂ ਦੇ ਠਹਿਰਨ ਦਾ ਸ਼ਾਨਦਾਰ ਪ੍ਰਬੰਧ ਹੈ। ਬਜ਼ੁਰਗਾਂ ਦੇ ਮਾਣ-ਸਨਮਾਨ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖ ਕੇ ਵਿਉਂਤੇ ਗਏ ਇਸ ਟੈਂਟ ਸਿਟੀ ਵਿੱਚ ਹਰ ਸਹੂਲਤ ਮੌਜੂਦ ਹੈ। ਹਰ ਟੈਂਟ ਦੇ ਨਾਲ ਗ਼ੁਸਲਖਾਨੇ ਦਾ ਇੰਤਜ਼ਾਮ ਹੈ, ਜਦਕਿ ਕੀਰਤਨ ਅਤੇ ਪਾਠ-ਪੂਜਾ ਲਈ ਖ਼ਾਸ ਥਾਵਾਂ ਬਣਾਈਆਂ ਗਈਆਂ ਹਨ, ਜੋ ਮਾਹੌਲ ਨੂੰ ਪੂਰੀ ਤਰ੍ਹਾਂ ਸ਼ਾਂਤ ਤੇ ਰੂਹਾਨੀ ਬਣਾਉਂਦੀਆਂ ਹਨ। ਭੋਜਨ-ਪਾਣੀ ਲਈ ਇੱਕ ਸਾਂਝਾ ਡਾਇਨਿੰਗ ਹਾਲ ਹੈ ਅਤੇ ਗਰਮੀ ਤੋਂ ਬਚਾਅ ਲਈ ਇਹ ਪੂਰਾ ਟੈਂਟ ਸਿਟੀ ਏਅਰ-ਕੰਡੀਸ਼ਨਡ ਹੈ। ਉਨ੍ਹਾਂ ਦੱਸਿਆ ਕਿ ਸਫ਼ਰ ਦੌਰਾਨ ਯਾਤਰੀਆਂ ਨੂੰ ਪੀਣ ਲਈ ਸਾਫ਼ ਪਾਣੀ ਅਤੇ ਹਲਕਾ ਨਾਸ਼ਤਾ ਪਰੋਸਿਆ ਜਾਂਦਾ ਹੈ। ਸਵੇਰ ਦੇ ਚਾਹ-ਨਾਸ਼ਤੇ ਤੋਂ ਲੈ ਕੇ ਰਾਤ ਦੇ ਖਾਣੇ ਅਤੇ ਰਿਹਾਇਸ਼ ਤੱਕ, ਸਾਰੀਆਂ ਸਹੂਲਤਾਂ ਬਿਲਕੁਲ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਮਾਲੀ ਸਾਧਨਾਂ ਦੀ ਕਮੀ ਕਿਸੇ ਸ਼ਰਧਾਲੂ ਦੀ ਸ਼ਰਧਾ ਪੂਰਤੀ ਤੇ ਇਬਾਦਤ ਵਿੱਚ ਰੁਕਾਵਟ ਨਾ ਬਣੇ। ਮਾਲ ਮੰਤਰੀ ਨੇ ਦੱਸਿਆ ਕਿ ਇਸ ਤਜਰਬੇ ਨੂੰ ਹੋਰ ਵੀ ਸੁਖਦਾਈ ਤੇ ਯਾਦਗਾਰੀ ਬਣਾਉਣ ਲਈ ਭਗਵੰਤ ਮਾਨ ਸਰਕਾਰ ਨੇ ਲਗਭਗ 900 ਸਮਰਪਿਤ ਵਲੰਟੀਅਰ ਤੈਨਾਤ ਕੀਤੇ ਹਨ, ਜੋ ਪੂਰੀ ਯਾਤਰਾ ਦੌਰਾਨ ਸ਼ਰਧਾਲੂਆਂ ਦੀ ਮਦਦ ਕਰਦੇ ਹਨ।

ਰਹਿਨੁਮਾਈ ਤੋਂ ਲੈ ਕੇ ਪਲ-ਪਲ ਸ਼ਰਧਾਲੂਆਂ ਦੀ ਮਦਦ ਕਰਨ ਵਾਲਾ ਇਹ ਅਮਲਾ ਹਰ ਮੁਸਾਫ਼ਿਰ ਦੀ ਪੂਰੀ ਇੱਜ਼ਤ ਅਤੇ ਖ਼ਾਸ ਤਵੱਜੋ ਨਾਲ ਦੇਖਭਾਲ ਕਰਦਾ ਹੈ। ਉਨ੍ਹਾਂ ਦੱਸਿਆ ਕਿ ਬਿਨਾਂ ਕਿਸੇ ਅੜਿਕੇ ਦੇ ਇਸ ਸਕੀਮ ਦਾ ਇੰਨੇ ਸੁਚੱਜੇ ਢੰਗ ਨਾਲ ਚੱਲਣਾ ਸਰਕਾਰ ਦੀ ਦੂਰਅੰਦੇਸ਼ ਸੋਚ, ਸੁਚੱਜੀ ਵਿਉਂਤਬੰਦੀ ਅਤੇ ਮਜ਼ਬੂਤ ਪ੍ਰਬੰਧਕੀ ਢਾਂਚੇ ਦਾ ਸਬੂਤ ਹੈ। ਸੂਬੇ ਭਰ ਦੇ ਸ਼ਰਧਾਲੂ ਇਸ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕਰ ਰਹੇ ਹਨ ਅਤੇ ਪਾਵਨ ਅਸਥਾਨਾਂ ਦੇ ਦਰਸ਼ਨਾਂ ਦੀ ਆਪਣੀ ਪੁਰਾਣੀ ਖ਼ਾਹਿਸ਼ ਪੂਰੀ ਹੋਣ 'ਤੇ ਸ਼ੁਕਰਾਨਾ ਵੀ ਅਦਾ ਕਰ ਰਹੇ ਹਨ। ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸੇਵਾ-ਭਾਵਨਾ ਦੀ ਇੱਕ ਵੱਡੀ ਮਿਸਾਲ ਹੈ, ਜੋ ਪੰਜਾਬ ਦੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਵਿੱਚ ਵਿਸ਼ਵਾਸ਼, ਸ਼ਾਨ ਅਤੇ ਸਕੂਨ ਲੈ ਕੇ ਆਈ ਹੈ।

# ਹਰੀ ਨਗਰ ਤੋਂ ਪ੍ਰਮੁੱਖ ਸਿੱਖ ਆਗੂਆਂ ਦੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਮੂਲੀਅਤ

## ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਮਜ਼ਬੂਤੀ ਵੱਲ ਵੱਧ ਰਿਹੈ : ਹਰਮੀਤ ਸਿੰਘ ਕਾਲਕਾ

ਜ਼ਿਕਰ ਪੰਜਾਬ

ਨਵੀਂ ਦਿੱਲੀ/ਬਿਊਰੋ

ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਦਿੱਲੀ ਅਤੇ ਦਿੱਲੀ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਸ਼ਖਸ਼ੀਅਤਾਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਿਲ ਹੋ ਰਹੇ ਹਨ ਜਿਸ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਮਜਬੂਤੀ ਵੱਲ ਵੱਧ ਰਿਹਾ ਹੈ। ਉਹਨਾਂ ਦੱਸਿਆ ਕਿ ਇਸੇ ਲੜੀ ਵਿੱਚ ਇਥੇ ਕਲ ਹਰੀ ਨਗਰ ਦੇ ਵਾਰਡ ਨੰਬਰ 19 ਤੋਂ ਪ੍ਰਮੁੱਖ ਸਮਾਜਿਕ ਅਤੇ ਧਾਰਮਿਕ ਸਖਸ਼ੀਅਤਾਂ ਦੀ ਸ਼?ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਮੂਲੀਅਤ ਦਾ ਦਿਲੋਂ ਸਵਾਗਤ ਕੀਤਾ ਹੈ। ਇਸ ਮੌਕੇ 'ਤੇ ਸ੍ਰੀ ਪਰਵਿੰਦਰ



ਸਿੰਘ (ਪ੍ਰਧਾਨ, ਗੁਰਦੁਆਰਾ ਰਾਮਗੜ੍ਹੀਆ ਸਭਾ, ਹਰੀ ਨਗਰ ਅਤੇ ਵਾਈਸ ਚੇਅਰਮੈਨ, ਗੁਰੂ ਤੇਗ ਬਹਾਦੁਰ ਸਾਹਿਬ ਸੈਂਟੇਨਰੀ ਇੰਜੀਨੀਅਰਿੰਗ ਕਾਲਜ, ਰਾਜੌਰੀ ਗਾਰਡਨ), ਸ੍ਰੀ ਸੋਹਰਾਬ ਸਿੰਘ ਜੀ (ਜਨਰਲ ਸਕੱਤਰ, ਗੁਰਦੁਆਰਾ ਰਾਮਗੜ੍ਹੀਆ ਸਭਾ, ਹਰੀ ਨਗਰ ਅਤੇ ਵਾਈਸ ਚੇਅਰਮੈਨ, ਜੀਐਚਪੀਐਸ ਫਤਿਹ ਨਗਰ), ਸ੍ਰੀ ਸਤਨਾਮ ਸਿੰਘ (ਵਾਈਸ ਪ੍ਰਧਾਨ, ਗੁਰਦੁਆਰਾ ਰਾਮਗੜ੍ਹੀਆ ਸਭਾ, ਹਰੀ ਨਗਰ ਅਤੇ ਵਾਈਸ ਚੇਅਰਮੈਨ, ਜੀਐਚਪੀਐਸ ਹਰੀ ਨਗਰ) ਅਤੇ ਸ੍ਰੀ ਵਿਕਰਮ ਸਿੰਘ (ਮੈਂਬਰ, ਗਵਰਨਿੰਗ ਬਾਡੀ, ਜੀਐਚਪੀਐਸ ਫਤਿਹ ਨਗਰ) ਨੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿੱਚ ਸ਼ਾਮਲ ਹੋ ਕੇ ਆਪਣੇ ਸਮਰਪਣ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਰਣਜੀਤ ਕੌਰ ਵੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਇਹ ਸ਼ਮੂਲੀਅਤ ਸ੍ਰੀ ਜਸਪ੍ਰੀਤ ਸਿੰਘ ਵਿਕੀ ਮਾਨ ਦੀ ਪ੍ਰੇਰਣਾ ਹੇਠ ਹੋਈ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਜ਼ਮੀਨੀ ਪੱਧਰ 'ਤੇ ਵਿਸਥਾਰ ਅਤੇ ਮਜ਼ਬੂਤੀ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਪੰਜਾਬ ਜੇਲ੍ਹਾਂ ਅਤੇ ਸੁਧਾਰ ਸੇਵਾਵਾਂ ਬਿੱਲ, 2026: ਆਧੁਨਿਕ, ਮਨੁੱਖੀ ਅਤੇ ਸੁਰੱਖਿਅਤ ਜੇਲ੍ਹ ਪ੍ਰਣਾਲੀ ਵੱਲ ਮਹੱਤਵਪੂਰਨ ਕਦਮ : ਡਾ. ਰਵਜੋਤ ਸਿੰਘ

ਜ਼ਿਕਰ ਪੰਜਾਬ

ਚੰਡੀਗੜ੍ਹ/ਬਿਊਰੋ

ਜੇਲ੍ਹ ਪ੍ਰਣਾਲੀ ਵਿੱਚ ਵੱਡੇ ਸੁਧਾਰ ਲਿਆਂਦੇ ਜਾਣ ਦੇ ਮੰਤਵ ਨਾਲ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਜੇਲ੍ਹਾਂ ਅਤੇ ਸੁਧਾਰ ਸੇਵਾਵਾਂ ਬਿੱਲ, 2026 ਤਿਆਰ ਕੀਤਾ ਗਿਆ ਹੈ, ਜੋ ਸੂਬੇ ਦੀ ਮੌਜੂਦਾ ਜੇਲ੍ਹ ਪ੍ਰਸ਼ਾਸਨ ਪ੍ਰਣਾਲੀ ਨੂੰ ਆਧੁਨਿਕ, ਤਕਨੀਕੀ ਅਤੇ ਮਨੁੱਖੀ ਦਿਸ਼ਾ ਦੇਵੇਗਾ। ਇਹ ਬਿੱਲ ਪੁਰਾਣੇ ਪ੍ਰਿਜ਼ਨ ਐਕਟ, 1894 ਦੀ ਥਾਂ ਲਵੇਗਾ, ਜੋ ਮੁੱਖ ਤੌਰ 'ਤੇ ਹਿਰਾਸਤ ਅਤੇ ਅਨੁਸ਼ਾਸਨ ਤੱਕ ਸੀਮਿਤ ਸੀ ਅਤੇ ਆਧੁਨਿਕ ਚੁਣੌਤੀਆਂ ਨਾਲ ਪੂਰੀ ਤਰ੍ਹਾਂ ਵਾਬਸਤਾ ਸੀ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਦੇ ਜੇਲ੍ਹਾਂ, ਐਨਆਰਆਈ ਮਾਮਲੇ ਅਤੇ ਸੰਸਦੀ ਕਾਰਜ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਨਵਾਂ ਬਿੱਲ ਜੇਲ੍ਹਾਂ ਨੂੰ ਸਿਰਫ ਕੈਦਖਾਨਿਆਂ ਤੋਂ ਬਦਲ ਕੇ ਸੁਧਾਰ, ਪੁਨਰਵਾਸ ਅਤੇ ਸਮਾਜਿਕ ਪੁਨਰ-ਇਕਤੀਕਰਨ ਦੇ ਕੇਂਦਰਾਂ ਵਿੱਚ ਤਬਦੀਲ ਕਰਨ 'ਤੇ ਕੇਂਦਰਿਤ ਹੈ। ਇਸ ਵਿੱਚ ਬੰਦੀਆਂ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ, ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨੂੰ ਵਧਾਉਣ ਅਤੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਕਈ ਪ੍ਰਬੰਧ ਕੀਤੇ ਗਏ ਹਨ। ਤਕਨੀਕ ਦੇ ਇਸਤੇਮਾਲ 'ਤੇ ਜ਼ੋਰ ਦਿੰਦਿਆਂ ਕੈਬਿਨੇਟ ਮੰਤਰੀ ਨੇ ਕਿਹਾ, "ਬਿੱਲ ਵਿੱਚ ਜੇਲ੍ਹਾਂ ਵਿੱਚ ਆਧੁਨਿਕ ਤਕਨੀਕ ਦਾ ਵਿਆਪਕ ਇਸਤੇਮਾਲ ਯਕੀਨੀ ਬਣਾਇਆ ਗਿਆ ਹੈ, ਜਿਸ ਵਿੱਚ ਈ-ਪ੍ਰਿਜ਼ਨ ਸਿਸਟਮ, ਡਿਜ਼ਿਟਲ ਰਿਕਾਰਡ ਪ੍ਰਬੰਧਨ, ਬਾਇਓਮੈਟਰਿਕ ਪਹਿਚਾਣ, ਵੀਡੀਓ ਕਾਨਫਰੰਸਿੰਗ, ਏ.ਆਈ. ਆਧਾਰਿਤ ਸੀਸੀਟੀਵੀ ਨਿਗਰਾਨੀ, ਆਰ.ਐਫ.ਆਈ.ਡੀ. ਟ੍ਰੈਕਿੰਗ ਅਤੇ ਐਂਟੀ-ਡ੍ਰੋਨ ਸਿਸਟਮ ਸ਼ਾਮਲ ਹਨ, ਜੋ ਜੇਲ੍ਹ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਕਾਰਗੁਜ਼ਾਰੀ ਨੂੰ ਕਾਫੀ ਵਧਾਉਣਗੇ। ਸੁਰੱਖਿਆ ਵਿੱਚ ਸੁਧਾਰਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ, "ਉੱਚ-ਖਤਰੇ ਵਾਲੇ ਕੈਦੀਆਂ ਲਈ ਹਾਈ-ਸਿਕਿਊਰਟੀ ਜ਼ੋਨ ਬਣਾਏ ਜਾਣਗੇ, ਤਾਂ ਜੋ ਹੋਰ ਕੈਦੀਆਂ 'ਤੇ ਨਕਾਰਾਤਮਕ ਪ੍ਰਭਾਵ ਨਾ ਪਵੇ। ਇਸ ਦੇ ਨਾਲ ਹੀ ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਰਿਸਰਚ, ਐਨਾਲਿਸਿਸ ਅਤੇ ਇੰਟੈਲੀਜੈਂਸ (ਆਰ.ਏ.ਆਈ.) ਵਿੰਗ ਸਥਾਪਿਤ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ, "ਬਿੱਲ ਵਿੱਚ ਉਮਰ, ਲਿੰਗ, ਅਪਰਾਧਿਕ ਪਿਛੋਕੜ, ਸਿਹਤ ਅਤੇ ਵਿਵਹਾਰ ਦੇ ਆਧਾਰ 'ਤੇ ਬੰਦੀਆਂ ਦੀ ਵਿਗਿਆਨਕ



ਵਰਗੀਕਰਨ ਦੀ ਵਿਵਸਥਾ ਹੈ। ਇਸ ਦੇ ਨਾਲ ਹੀ ਮਹਿਲਾਵਾਂ, ਟ੍ਰਾਂਸਜੈਂਡਰ ਵਿਅਕਤੀਆਂ, ਬਜ਼ੁਰਗ ਅਤੇ ਬਿਮਾਰ ਕੈਦੀਆਂ ਲਈ ਵੱਖਰੀ ਰਹਾਇਸ਼, ਮਹਿਲਾ ਸਟਾਫ ਦੀ ਤਾਇਨਾਤੀ ਅਤੇ ਗਰਭਵਤੀ ਮਹਿਲਾਵਾਂ ਅਤੇ ਬੱਚਿਆਂ ਲਈ ਯੋਗ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਸਿਹਤ ਅਤੇ ਹੁਨਰ ਵਿਕਾਸ 'ਤੇ ਜ਼ੋਰ ਦਿੰਦਿਆਂ ਡਾ. ਰਵਜੋਤ ਸਿੰਘ ਨੇ ਕਿਹਾ, "ਹਰ ਜੇਲ੍ਹ ਵਿੱਚ ਮੈਡੀਕਲ ਸੁਵਿਧਾਵਾਂ, ਨਿਯਮਿਤ ਸਿਹਤ ਜਾਂਚ, ਟੀਬੀ, ਐਚਆਈਵੀ ਅਤੇ ਨਸ਼ੇ ਨਾਲ ਸੰਬੰਧਿਤ ਬਿਮਾਰੀਆਂ ਦੀ ਸਕ੍ਰੀਨਿੰਗ, ਡੀ-ਐਡਿਕਸ਼ਨ ਕੇਂਦਰ ਅਤੇ ਮਾਨਸਿਕ ਸਿਹਤ 'ਤੇ ਖਾਸ ਧਿਆਨ ਦਿੱਤਾ ਜਾਵੇਗਾ।

# ਹੇਮਕੁੰਟ ਸਾਹਿਬ ਯਾਤਰਾ ਲਈ ਰਸਤਾ ਤਿਆਰ

# ਭਾਰਤੀ ਫੌਜ ਤੇ ਸੇਵਾਦਾਰਾਂ ਵੱਲੋਂ ਬਰਫ਼ ਹਟਾ ਕੇ ਗੁਰਦੁਆਰਾ ਕੰਪਲੈਕਸ ਖੋਲ੍ਹਿਆ

ਜ਼ਿਕਰ ਪੰਜਾਬ

ਅੰਮ੍ਰਿਤਸਰ/ਬਿਊਰੋ

ਉੱਤਰਾਖੰਡ ਦੇ ਉੱਚੇ ਪਹਾੜੀ ਇਲਾਕੇ ਵਿੱਚ ਸਥਿਤ ਪਵਿੱਤਰ ਧਾਮ Sri Hemkund Sahib ਲਈ ਯਾਤਰਾ ਨੂੰ ਸੁਚੱਜੇ ਢੰਗ ਨਾਲ ਸ਼ੁਰੂ ਕਰਨ ਲਈ ਭਾਰਤੀ ਫੌਜ ਅਤੇ ਸੇਵਾਦਾਰਾਂ ਨੇ ਇੱਕ ਵੱਡੀ ਸੇਵਾ ਨਿਭਾਈ ਹੈ। ਭਾਰਤੀ ਫੌਜ ਦੀ 418ਵੀਂ ਸੁਤੰਤਰ ਫੀਲਡ ਕੰਪਨੀ (9ਵੀਂ ਮਾਊਂਟੇਨ ਬ੍ਰਿਗੇਡ) ਦੀ ਟੀਮ ਨੇ ਗੁਰਦੁਆਰਾ ਪ੍ਰਬੰਧਕ ਟਰੱਸਟ ਦੇ ਵਲੰਟੀਅਰਾਂ ਨਾਲ ਮਿਲ ਕੇ ਭਾਰੀ ਬਰਫ਼ ਹਟਾ ਕੇ ਗੁਰਦੁਆਰਾ ਸਾਹਿਬ ਤੱਕ ਪਹੁੰਚ ਬਣਾਈ। ਕਠਿਨ ਮੌਸਮੀ ਹਾਲਾਤਾਂ ਅਤੇ ਬਰਫ਼ ਨਾਲ ਢੱਕੇ ਰਸਤੇ ਦੇ ਬਾਵਜੂਦ ਟੀਮ ਗੁਰਦੁਆਰਾ ਕੰਪਲੈਕਸ ਤੱਕ ਪਹੁੰਚੀ ਅਤੇ ਅਰਦਾਸ ਕਰਨ ਤੋਂ ਬਾਅਦ ਦਰਵਾਜ਼ੇ ਖੋਲ੍ਹੇ। ਇਸ ਨਾਲ ਹੁਣ ਟੀਮ ਨੂੰ ਹਰ ਰੋਜ਼ ਘੰਗਰੀਆ ਵਾਪਸ ਜਾਣ ਦੀ ਲੋੜ ਨਹੀਂ ਰਹੇਗੀ ਅਤੇ ਉਹ ਥਾਂ 'ਤੇ ਰਹਿ ਕੇ ਸੇਵਾ ਜਾਰੀ ਰੱਖ ਸਕਣਗੇ। ਇਸ ਮਿਸ਼ਨ ਦਾ ਅਗਲਾ ਪੜਾਅ ਹੇਮਕੁੰਟ ਸਾਹਿਬ ਤੋਂ ਅਟਲਕੋਟੀ ਗਲੇਸ਼ੀਅਰ ਤੱਕ ਦੇ ਰਸਤੇ ਨੂੰ ਚੌੜਾ ਕਰਨਾ ਹੈ, ਜਿਸ ਨਾਲ ਯਾਤਰੀਆਂ ਲਈ ਰਸਤਾ



ਹੋਰ ਵਧੇਰੇ ਸੁਰੱਖਿਅਤ ਅਤੇ ਆਸਾਨ ਬਣਾਇਆ ਜਾ ਸਕੇ। ਭਾਰਤੀ ਫੌਜ ਦਹਾਕਿਆਂ ਤੋਂ ਹਰ ਸਾਲ ਇਸ ਪਵਿੱਤਰ ਯਾਤਰਾ ਲਈ ਰਸਤਾ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਸਖ਼ਤ ਠੰਢ, ਉੱਚਾਈ ਅਤੇ ਬਰਫ਼ੀਲੇ ਤੂਫ਼ਾਨਾਂ ਦੇ ਬਾਵਜੂਦ ਜਵਾਨ ਆਪਣੀ ਡਿਊਟੀ ਪੂਰੀ ਨਿਸ਼ਠਾ ਨਾਲ ਨਿਭਾਉਂਦੇ ਹਨ। ਗੁਰਦੁਆਰਾ ਪ੍ਰਬੰਧਨ ਵੱਲੋਂ ਫੌਜ ਅਤੇ ਸੇਵਾਦਾਰਾਂ ਦੀ ਸੇਵਾ ਭਾਵਨਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਸਾਂਝੀ ਕੋਸ਼ਿਸ਼ ਸਿੱਖ ਧਰਮ ਦੀ ਸੇਵਾ ਅਤੇ ਸਹਿਯੋਗ ਦੀ ਰਿਵਾਇਤ ਨੂੰ ਦਰਸਾਉਂਦੀ ਹੈ।

# ਮਾਨ ਸਰਕਾਰ ਵੱਲੋਂ ਸਾਉਣੀ ਦੀ ਮੱਕੀ ਪ੍ਰੋਜੈਕਟ ਦਾ 16 ਜ਼ਿਲ੍ਹਿਆਂ ਤੱਕ ਵਿਸਥਾਰ : ਖੁੱਡੀਆਂ

ਜ਼ਿਕਰ ਪੰਜਾਬ

ਚੰਡੀਗੜ੍ਹ/ਬਿਊਰੋ

ਸੂਬੇ ਦੇ ਕਿਸਾਨਾਂ ਨੂੰ ਪਾਣੀ ਦੀ ਜ਼ਿਆਦਾ ਖਪਤ ਕਰਨ ਵਾਲੀ ਝੋਨੇ ਦੇ ਫ਼ਸਲ 'ਚੋਂ ਕੱਢ ਕੇ ਫਸਲੀ ਵਿਭਿੰਨਤਾ ਵੱਲ ਉਤਸ਼ਾਹਿਤ ਕਰਨ ਲਈ ਅਹਿਮ ਕਦਮ ਤਹਿਤ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ 2026-27 ਸੀਜ਼ਨ ਲਈ ਸਾਉਣੀ ਦੀ ਮੱਕੀ ਵਿਭਿੰਨਤਾ ਯੋਜਨਾ ਨੂੰ ਛੇ ਜ਼ਿਲ੍ਹਿਆਂ ਤੋਂ ਹੁਣ 16 ਜ਼ਿਲ੍ਹਿਆਂ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ, ਜਿਸ ਵਾਸਤੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 17,500 ਰੁਪਏ ਦਾ ਵਿੱਤੀ ਲਾਭ ਵੀ ਦਿੱਤਾ ਜਾਵੇਗਾ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਹ ਫੈਸਲਾ 2025-26 ਸਾਉਣੀ ਸੀਜ਼ਨ ਦੌਰਾਨ ਛੇ ਜ਼ਿਲ੍ਹਿਆਂ ਵਿੱਚ ਲਾਗੂ ਕੀਤੇ ਗਏ ਪਾਇਲਟ ਪ੍ਰੋਜੈਕਟ ਨੂੰ ਕਿਸਾਨਾਂ ਵੱਲੋਂ ਵੱਡਾ ਹੁੰਗਾਰਾ ਮਿਲਣ ਬਾਅਦ ਲਿਆ ਗਿਆ ਹੈ। ਸ. ਖੁੱਡੀਆਂ ਨੇ ਕਿਸਾਨਾਂ ਨੂੰ ਝੋਨੇ ਤੋਂ ਸਾਉਣੀ ਮੱਕੀ ਦੀ ਕਾਸ਼ਤ ਵੱਲ ਜਾਣ ਲਈ ਉਤਸ਼ਾਹਿਤ ਕਰਕੇ ਸੂਬੇ 'ਚ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਇਸ ਪ੍ਰਾਜੈਕਟ ਦੇ ਵਿਸਥਾਰ ਨੂੰ ਇੱਕ ਨਿਰਣਾਇਕ ਕਦਮ ਦੱਸਿਆ। ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਅੰਮ੍ਰਿਤਸਰ, ਬਠਿੰਡਾ, ਫਤਿਹਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਲੁਧਿਆਣਾ, ਮੋਗਾ, ਪਟਿਆਲਾ, ਪਠਾਨਕੋਟ, ਰੂਪਨਗਰ, ਸੰਗਰੂਰ, ਐਸਏਐਸ ਨਗਰ, ਐਸਬੀਐਸ ਨਗਰ ਅਤੇ ਤਰਨ ਤਾਰਨ ਵਿੱਚ 20,000 ਹੈਕਟੇਅਰ (50000 ਏਕੜ) ਰਕਬੇ ਨੂੰ ਸਾਉਣੀ ਦੀ ਮੱਕੀ ਅਧੀਨ ਲਿਆਉਣ ਦਾ ਟੀਚਾ ਮਿੱਥਿਆ ਗਿਆ ਹੈ।



ਉਨ੍ਹਾਂ ਦੱਸਿਆ ਕਿ ਇਸ ਲਈ ਕਿਸਾਨਾਂ ਨੂੰ ਪਿਛਲੇ ਸਾਲ ਵਾਂਗ ਪ੍ਰਤੀ ਹੈਕਟੇਅਰ 17,500 ਰੁਪਏ ਦੀ ਸਬਸਿਡੀ ਵੀ ਦਿੱਤੀ ਜਾਵੇਗੀ। ਇਸ ਵਿੱਚੋਂ 4,500 ਰੁਪਏ ਬਲਾਕ ਖੇਤੀਬਾੜੀ ਦਫ਼ਤਰ ਵਿਖੇ ਲਾਗਤ (ਇਨਪੁੱਟ) ਬਿੱਲ ਜਮ੍ਹਾਂ ਕਰਵਾਉਣ 'ਤੇ ਜਾਰੀ ਕੀਤੇ ਜਾਣਗੇ, ਜਦੋਂਕਿ ਬਾਕੀ 13,000 ਰੁਪਏ ਲਾਜ਼ਮੀ ਜੀਓ-ਟੈਗਡ ਫ਼ਸਲ ਤਸਦੀਕ ਤੋਂ ਬਾਅਦ ਦੋ ਕਿਸ਼ਤਾਂ ਵਿੱਚ ਅਦਾ ਕੀਤੇ ਜਾਣਗੇ। ਸੂਬੇ ਦੇ ਭੂਮੀਗਤ ਪਾਣੀ ਦੇ ਕੀਮਤੀ ਸਰੋਤਾਂ ਨੂੰ ਬਚਾਉਣ ਲਈ ਸੂਬੇ ਦੇ ਕਿਸਾਨਾਂ ਨੂੰ ਸਾਉਣੀ ਦੀ ਮੱਕੀ ਬੀਜਣ ਦੀ ਅਪੀਲ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਛੁੱਕ ਕਿਸਾਨ ਸਰਕਾਰ ਦੀ ਵੈੱਬਸਾਈਟ https://agrimachinerypb.com ਉਤੇ ਰਜਿਸਟਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਇੱਕ ਲਾਜ਼ਮੀ ਜੇ-ਫਾਰਮ ਅਤੇ ਖੇਤ ਦੀ ਜੀਓ-ਟੈਗਿੰਗ ਦੀ ਲੋੜ ਹੋਵੇਗੀ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਬਿਨੈਕਾਰ ਕਿਸਾਨ ਨੇ ਪਿਛਲੇ ਸਾਲ ਝੋਨਾ ਲਾਇਆ ਸੀ, ਜੋ ਇਸ ਸਾਲ ਮੱਕੀ ਦੀ ਕਾਸ਼ਤ ਵੱਲ ਜਾ ਰਿਹਾ ਹੈ।

# ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਨਾਲ ਸਬੰਧਤ ਚਾਰ ਮੁਲਜ਼ਮ ਸੱਤ ਪਿਸਤੌਲਾਂ ਸਣੇ ਕਾਬੂ

ਜ਼ਿਕਰ ਪੰਜਾਬ

ਅੰਮ੍ਰਿਤਸਰ/ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸੱਤ ਆਧੁਨਿਕ ਪਿਸਤੌਲਾਂ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਦੇ ਇੱਕ ਹੋਰ ਮਾਡਿਊਲ ਦਾ ਪਰਦਾਫ਼ਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਮਰਬੀਰ ਸਿੰਘ ਉਰਫ਼ ਸਿਮਰ (21) ਵਾਸੀ ਮਹਿੰਦਰਾ ਕਲੋਨੀ, ਅੰਮ੍ਰਿਤਸਰ; ਸਤਨਾਮ ਸਿੰਘ ਉਰਫ਼ ਸੱਤਾ (23) ਵਾਸੀ ਪਿੰਡ ਫਤਿਹਪੁਰ, ਤਰਨ ਤਾਰਨ, ਜੋ ਮੌਜੂਦਾ ਸਮੇਂ ਅੰਮ੍ਰਿਤਸਰ ਦੇ ਕ੍ਰਿਸ਼ਨਾ ਨਗਰ ਵਿੱਚ ਰਹਿ ਰਿਹਾ ਸੀ; ਤਨੁਪ੍ਰੀਤ ਸਿੰਘ (26) ਵਾਸੀ ਪ੍ਰਤਾਪ ਨਗਰ, ਅੰਮ੍ਰਿਤਸਰ; ਅਤੇ ਕਰਨਜੋਤ ਸਿੰਘ ਉਰਫ਼ ਸਾਜਨ (26) ਵਾਸੀ ਕ੍ਰਿਸ਼ਨਾ ਨਗਰ ਅੰਮ੍ਰਿਤਸਰ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਆਸਟਰੀਆ ਦੇ ਬਣੇ ਦੋ 9ਐਮਐਮ ਗਲਾਕ, ਚੀਨ ਦੇ ਬਣੇ ਚਾਰ .30 ਬੋਰ



ਅਤੇ ਇੱਕ .30 ਬੋਰ ਪਿਸਤੌਲ ਸ਼ਾਮਲ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਣਕਾਰੀ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦੱਸਿਆ ਕਿ ਗ਼ੈਰ-ਕਾਨੂੰਨੀ ਹਥਿਆਰਾਂ ਦੀਆਂ ਖੇਪਾਂ ਸਰਹੱਦ ਪਾਰੋਂ ਡਰੋਨ ਰਾਹੀਂ ਭੇਜੀਆਂ ਗਈਆਂ ਸਨ, ਜੋ ਸਥਾਨਕ ਕਾਰਕੁਨਾਂ ਰਾਹੀਂ ਅੱਗੇ ਅਪਰਾਧਿਕ ਤੱਤਾਂ ਵਿੱਚ ਵੰਡੀਆਂ ਗਈਆਂ ਸਨ। ਡੀਜੀਪੀ ਨੇ ਕਿਹਾ ਕਿ ਮੁਲਜ਼ਮਾਂ ਦੇ ਹੋਰ ਸਾਥੀਆਂ ਦਾ ਪਤਾ ਲਗਾਉਣ ਲਈ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਗੁਪਤ ਜਾਣਕਾਰੀ ਦੇ ਆਧਾਰ 'ਤੇ ਇੱਕ ਯੋਜਨਾਬੱਧ ਕਾਰਵਾਈ ਵਿੱਚ ਮੁਲਜ਼ਮ ਸਮਰਬੀਰ ਉਰਫ਼ ਸਿਮਰ ਨੂੰ ਦੋ ਗਲਾਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਮੁਲਜ਼ਮ ਤੋਂ ਪੁੱਛਗਿੱਛ ਉਪਰੰਤ ਅੱਗੇ ਦੀ ਕਾਰਵਾਈ ਵਿੱਚ ਉਸਦੇ ਤਿੰਨ ਹੋਰ ਸਾਥੀਆਂ - ਸਤਨਾਮ ਉਰਫ਼ ਸੱਤਾ, ਤਨੁਪ੍ਰੀਤ ਸਿੰਘ ਅਤੇ ਕਰਨਜੋਤ ਉਰਫ਼ ਸਾਜਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਨ੍ਹਾਂ ਵੱਲੋਂ ਕੀਤੇ ਖੁਲਾਸਿਆਂ ਦੇ ਆਧਾਰ 'ਤੇ ਪੰਜ ਹੋਰ ਪਿਸਤੌਲ ਬਰਾਮਦ ਹੋਏ।